25-SEP-PAGE-000001.qxd 9/24/2025 10:58 PM Page 1

ਵੀਰਵਾਰ, 25 ਸਤੰਬਰ, 2025
10 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 115

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 25 SEPTEMBER, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12






# ਪਾਰਟੀ ਕਾਂਗਰਸ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਕੀਤੀ ਮੰਗ

## ☛ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਦੁੱਤੀ ☛ ਗੁਰੂ ਸਾਹਿਬ ਨੇ ਸਾਨੂੰ ਅਨਿਆਂ ਵਿਰੁੱਧ ਲੜਨਾ ਸਿਖਾਇਆ

**ਚੰਡੀਗੜ੍ਹ (ਗਿਆਨ ਸੈਦਪੁਰੀ)**

ਅੰਤਮ ਪੜਾਅ ਵਿੱਚ ਦਾਖਲ ਭਾਰਤੀ ਕਮਿਊਨਿਸਟ ਪਾਰਟੀ ਦਾ ਮਹਾਂ-ਸੰਮੇਲਨ ਵਧੇਰੇ ਸੰਜੀਦਗੀ ਧਾਰਨ ਕਰ ਗਿਆ ਹੈ। ਪਾਰਟੀ ਦੇ ਜਨਰਲ ਸਕੱਤਰ ਡੀ ਰਾਜਾ ਵੱਲੋਂ ਪੇਸ਼ ਕੀਤੇ ਜਾ ਚੁੱਕੇ ਸਿਆਸੀ ਪ੍ਰਸਤਾਵ 'ਤੇ ਚੱਲ ਰਹੀ ਵਿਚਾਰ-ਚਰਚਾ ਬੁੱਧਵਾਰ ਨੂੰ ਵੀ ਜਾਰੀ ਰਹੀ। ਪ੍ਰਸਤਾਵ 'ਤੇ ਪਿਛਲੇ ਦਿਨ ਹੋਈ ਬਹਿਸ ਵਾਂਗ ਹੀ ਡੈਲੀਗੇਟਾਂ ਨੇ ਜਿੱਥੇ ਉਸਾਰੂ ਆਲੋਚਨਾ ਕੀਤੀ, ਉੱਥੇ ਪ੍ਰਸਤਾਵ ਵਿੱਚ ਵਾਧਾ ਕਰਨ ਲਈ ਮੁੱਲਵਾਨ ਸੁਝਾਅ ਵੀ ਦਿੱਤੇ। ਮਸਲਨ ਇੱਕ ਬੁਲਾਰੇ ਨੇ ਸੁਝਾਅ ਦਿੱਤਾ ਕਿ ਉਰਦੂ ਭਾਸ਼ਾ ਪਿੱਛੇ ਧੱਕੀ ਜਾ ਰਹੀ ਹੈ, ਇਸ ਮਸਲੇ ਨੂੰ ਵੀ ਉਭਾਰਿਆ ਜਾਣਾ ਚਾਹੀਦਾ ਹੈ, ਤਾਂ ਕਿ ਉਰਦੂ ਨੂੰ ਉਸ ਦੇ ਮਹੱਤਵ ਵਾਲੀ ਥਾਂ ਮਿਲ ਸਕੇ। 25ਵੇਂ ਮਹਾਂ-ਸੰਮੇਲਨ ਦੇ ਤੀਜੇ ਦਿਨ ਮੌਜੂਦਾ ਭਾਰਤੀ ਸਿਆਸਤ, ਸਨਅਤੀ ਸੈਕਟਰ, ਮਗਨਰੇਗਾ ਅਤੇ ਦਲਿਤ ਸਮੱਸਿਆਵਾਂ ਬਾਰੇ ਮਹੱਤਵਪੂਰਨ ਮਤੇ ਪਾਸ ਕੀਤੇ ਗਏ।

ਪੰਜਾਬ ਦੇ ਸੰਦਰਭ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕੌਂਸਲ ਦੇ ਮੈਂਬਰ ਅਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਵੱਲੋਂ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਨ ਦੇ ਸੰਬੰਧ ਵਿੱਚ ਸ਼ਰਧਾਂਜਲੀ ਮਤਾ ਪੇਸ਼ ਕਰਦਿਆਂ ਗੁਰੂ ਜੀ ਦੀ ਸ਼ਹਾਦਤ ਨੂੰ ਅਦੁੱਤੀ ਦੱਸਿਆ ਗਿਆ। ਪਾਰਟੀ ਨੇ ਕਿਹਾ ਕਿ ਮਹਾਨ ਗੁਰੂ ਸਾਹਿਬ ਨੇ ਸਾਨੂੰ ਤੇ ਸਾਰੀ ਮਨੁੱਖਤਾ ਨੂੰ ਅਨਿਆਂ ਤੇ ਤਾਨਾਸ਼ਾਹੀ ਵਿਰੁੱਧ ਲੜਨਾ ਸਿਖਾਇਆ। ਸਾਨੂੰ ਉਹਨਾ ਇਹ ਸਿੱਖਿਆ ਦਿੱਤੀ ਕਿ ਨਾ ਤਾਂ ਸਾਨੂੰ ਕਿਸੇ ਦਾ ਭੈਅ ਮੰਨਣਾ ਚਾਹੀਦਾ ਹੈ ਤੇ ਨਾ ਹੀ ਕਿਸੇ ਨੂੰ ਭੈਅ ਵਿੱਚ ਪਾਉਣਾ ਚਾਹੀਦਾ ਹੈ। ਪਾਰਟੀ ਨੇ ਗੁਰੂ ਸਾਹਿਬ ਨੂੰ ਸਿਦਕ, ਹੌਸਲੇ ਅਤੇ ਬਹਾਦਰੀ ਦਾ ਮੁਜੱਸਮਾ ਦੱਸਦਿਆਂ ਉਨ੍ਹਾ ਦੀ ਮਹਾਨ ਵਿਦਵਤਾ ਦਾ ਵੀ ਜ਼ਿਕਰ ਕੀਤਾ। ਪਾਰਟੀ ਨੇ ਕਿਹਾ ਕਿ ਉਹ ਮਨੁੱਖੀ ਅਧਿਕਾਰਾਂ ਦੇ ਮਹਾਨ ਰਹਿਬਰ ਸਨ। ਉਨ੍ਹਾ ਸਾਨੂੰ ਸਾਂਝੀਵਾਲਤਾ ਅਤੇ ਸਮਾਜਿਕ ਬਰਾਬਰੀ ਦਾ ਪਾਠ ਪੜ੍ਹਾਇਆ। ਪਾਰਟੀ ਨੇ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਮਨੁੱਖੀ ਇਤਿਹਾਸ ਦੀ ਮਹਾਨ ਘਟਨਾ ਦੱਸਦਿਆਂ ਉਹਨਾ ਦੀਆਂ ਸਿੱਖਿਆਵਾਂ 'ਤੇ ਚੱਲਣ ਅਤੇ ਮਜ਼ਲੂਮਾਂ ਦੇ ਹੱਕਾਂ ਲਈ ਲੜਨ ਦਾ ਅਹਿਦ ਕੀਤਾ। ਪਾਰਟੀ ਨੇ ਇੱਕ ਹੋਰ ਮਤੇ ਵਿੱਚ ਕਿਹਾ ਕਿ ਦੇਸ਼ ਦਾ ਸੰਘੀ ਢਾਂਚਾ ਖਤਰੇ ਵਿੱਚ ਹੈ ਅਤੇ ਸੂਬਿਆਂ ਦੀ ਆਰਥਿਕਤਾ ਨੂੰ ਵੱਡਾ ਨੁਕਸਾਨ ਪਹੁੰਚ ਰਿਹਾ ਹੈ। 16ਵੇਂ ਵਿੱਤ ਕਮਿਸ਼ਨ ਨੇ ਸੂਬਿਆਂ ਦਾ ਵਿੱਤੀ ਹਿੱਸਾ ਹੋਰ ਘਟਾ ਦਿੱਤਾ ਹੈ, ਜਦੋਂ ਕਿ ਕੇਂਦਰ ਸਰਕਾਰ ਵੱਲੋਂ ਲਾਏ ਜਾ ਰਹੇ ਸੈੱਸ 23.4 ਫੀਸਦੀ ਤੱਕ ਪਹੁੰਚ ਗਏ ਹਨ। ਉਹਨਾਂ ਵਿੱਚੋਂ ਸੂਬਿਆਂ ਨੂੰ ਕੋਈ ਹਿੱਸਾ ਨਹੀਂ ਮਿਲਦਾ।



ਨਿਰਮਲ ਸਿੰਘ ਧਾਲੀਵਾਲ ਨੇ ਪੰਜਾਬੀ ਬਾਰੇ ਇੱਕ ਮਤਾ ਪੇਸ਼ ਕੀਤਾ। ਉਹਨਾ ਕਿਹਾ ਕਿ ਚੰਡੀਗੜ੍ਹ ਵਸਾਉਣ ਵੇਲੇ ਪੰਜਾਬ ਦੇ 22 ਪਿੰਡਾਂ ਨੂੰ ਉਜਾੜਿਆ ਗਿਆ ਸੀ। ਉਹਨਾ ਕਿਹਾ ਕਿ ਚੰਡੀਗੜ੍ਹ ਦੇ 13 ਲੱਖ ਲੋਕ ਆਪਣੀ ਭਾਸ਼ਾ/ ਬੋਲੀ ਪੰਜਾਬੀ ਲਿਖਾਉਂਦੇ ਹਨ, ਪਰ ਸਰਕਾਰੀ ਪੱਧਰ 'ਤੇ ਪੰਜਾਬੀ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਉਹਨਾ ਮੰਗ ਕੀਤੀ ਕਿ ਪੰਜਾਬ ਦੀ ਰਾਜਧਾਨੀ ਵਿੱਚ ਪੰਜਾਬੀ ਨੂੰ ਪਹਿਲੀ ਭਾਸ਼ਾ ਅਤੇ ਦਫਤਰੀ ਭਾਸ਼ਾ ਦਾ ਦਰਜਾ ਦਿੱਤਾ ਜਾਵੇ।

ਇੱਕ ਹੋਰ ਮਤੇ ਰਾਹੀਂ ਪ੍ਰਗਤੀਸ਼ੀਲ ਲੇਖਕ ਸੰਘ ਦੇ ਆਗੂ ਸੁਖਦੇਵ ਸਿੰਘ ਸਿਰਸਾ ਨੇ ਮਤਾ ਪੇਸ਼ ਕਰਦਿਆਂ ਕਿਹਾ ਕਿ ਵਿਚਾਰਧਾਰਕ ਪਰਪੱਕਤਾ ਸਭ ਤੋਂ ਜ਼ਰੂਰੀ ਹੁੰਦੀ ਹੈ। ਉਹਨਾ ਕਿਹਾ ਕਿ ਕਿਸੇ ਲਿਖਤ ਦਾ ਮਹੱਤਵ ਤਦ ਹੀ ਹੁੰਦਾ ਹੈ, ਜਦੋਂ ਉਸ ਅੰਦਰਲੀ ਵਿਚਾਰਧਾਰਾ ਸਪੱਸ਼ਟ ਹੋਵੇ। ਉਹਨਾਂ ਕਿਹਾ ਕਿ ਕਈ ਸਾਥੀ ਸੱਭਿਆਚਾਰ ਪ੍ਰਤੀ ਸੰਵੇਦਨਸ਼ੀਲ ਨਹੀਂ ਹਨ। ਉਨ੍ਹਾ ਦਿੱਲੀ ਤੇ ਹੋਰ ਸੂਬਿਆਂ ਵਿੱਚ ਕੰਮ ਚਲਾਉਣ ਲਈ ਦਫ਼ਤਰ ਬਣਾਉਣ ਦੀ ਮੰਗ ਕੀਤੀ।

ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆਂ ਨੇ ਮਗਨਰੇਗਾ ਨੂੰ ਸਹੀ ਢੰਗ ਨਾਲ ਲਾਗੂ ਕਰਨ ਸਬੰਧੀ ਇੱਕ ਮਤਾ ਪੇਸ਼ ਕੀਤਾ। ਉਹਨਾ ਕਿਹਾ ਕਿ ਪਾਰਟੀ ਕਾਂਗਰਸ ਮੰਗ ਕਰਦੀ ਹੈ ਕਿ ਕੇਂਦਰ ਸਰਕਾਰ ਮਗਨਰੇਗਾ ਦਾ ਬਜਟ ਤਸੱਲੀਬਖਸ਼ ਜਾਰੀ ਕਰੇ।

ਡਾਕਟਰਾਂ ਦੀ ਸਿਰਮੌਰ ਜਥੇਬੰਦੀ ਵੱਲੋਂ ਡਾਕਟਰ ਅਰੁਣ ਮਿਤਰਾ ਨੇ ਮਤਾ ਪੇਸ਼ ਕੀਤਾ। ਇਸੇ ਤਰ੍ਹਾਂ ਸੁਰਿੰਦਰ ਪਾਲ ਸਿੰਘ ਲਹੌਰੀਆ ਨੇ ਪਾਵਰ ਸੈਕਟਰ ਵੱਲੋਂ ਮਤਾ ਪੇਸ਼ ਕੀਤਾ। ਖਬਰ ਲਿਖੇ ਜਾਣ ਤੱਕ ਸਮਾਗਮ ਜਾਰੀ ਸੀ।

ਸੀ ਪੀ ਆਈ ਦੇ 25ਵੇਂ ਮਹਾਂ-ਸੰਮੇਲਨ ਵਿੱਚ ਪੰਜਾਬ ਦੇ ਸੰਦਰਭ ਵਿੱਚ ਮਤਾ ਪੇਸ਼ ਕਰਦਿਆਂ ਕਿਹਾ ਗਿਆ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ ਅਤੇ ਇਹ ਪੰਜਾਬ ਨੂੰ ਦਿੱਤਾ ਜਾਣਾ ਚਾਹੀਦਾ ਹੈ। ਇਹ ਮਤਾ ਪਾਰਟੀ ਦੀ ਕੌਮੀ ਸਕੱਤਰ ਅਮਰਜੀਤ ਕੌਰ ਤੇ ਪੰਜਾਬ ਦੇ ਆਗੂ ਬਲਦੇਵ ਸਿੰਘ ਨਿਹਾਲਗੜ੍ਹ ਨੇ ਪੇਸ਼ ਕੀਤਾ। ਆਗੂਆਂ ਕਿਹਾ ਕਿ ਚੰਡੀਗੜ੍ਹ ਨੂੰ ਪੰਜਾਬ ਦੇ ਪਿੰਡ ਉਜਾੜ ਕੇ ਪੰਜਾਬ ਦੀ ਰਾਜਧਾਨੀ ਉਸਾਰਿਆ ਗਿਆ ਸੀ, ਇਸ ਤਰ੍ਹਾਂ ਪੰਜਾਬੀਆਂ ਦੀ ਚੰਡੀਗੜ੍ਹ ਪੰਜਾਬ ਨੂੰ ਦੇਣ ਦੀ ਮੰਗ ਹੱਕੀ ਅਤੇ ਵਾਜਬ ਹੈ। ਇਸ ਦੇ ਨਾਲ ਹੀ ਪੰਜਾਬ ਦੀ ਰਾਜਧਾਨੀ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਵਿੱਚ ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦੇਣ ਦੀ ਮੰਗ ਕੀਤੀ ਗਈ। ਹਾਲਾਂਕਿ ਪੰਜਾਬੀ ਬਚਾਓ ਮੰਚ ਪਹਿਲਾਂ ਹੀ ਪੰਜਾਬੀ ਦੇ ਹੱਕ ਵਿੱਚ ਮੁਹਿੰਮ ਚਲਾ ਰਿਹਾ ਹੈ, ਜਿਸ ਵਿੱਚ ਪਾਰਟੀ ਦੇ ਸੀਨੀਅਰ ਆਗੂ ਦੇਵੀ ਦਿਆਲ ਸ਼ਰਮਾ ਤੇ ਹੋਰ ਨੇਤਾ ਸ਼ਾਮਲ ਹਨ।





## ਮਹਾਂ-ਸੰਮੇਲਨ ਉਤਸ਼ਾਹੀ ਤੇ ਸਾਰਥਿਕ ਸਿੱਟੇ ਕੱਢੇਗਾ : ਬਰਾੜ, ਅਰਸ਼ੀ

**ਚੰਡੀਗੜ੍ਹ (ਗਿਆਨ ਸੈਦਪੁਰੀ)**- ਇਹ ਸਤਰਾਂ ਲਿਖਣ ਵੇਲੇ ਭਾਰਤੀ ਕਮਿਊਨਿਸਟ ਪਾਰਟੀ ਦੇ ਮਹਾਂ-ਸੰਮੇਲਨ ਦੀ ਸਮਾਪਤੀ ਲਈ ਸਿਰਫ ਇੱਕ ਦਿਨ ਬਾਕੀ ਰਹਿ ਗਿਆ ਹੈ।। ਜਨਰਲ ਸਕੱਤਰ ਦੀ ਚੋਣ ਤੋਂ ਇਲਾਵਾ ਬਾਕੀ ਸਾਰਾ ਕੰਮ ਲੱਗਭੱਗ ਮੁਕੰਮਲ ਹੋ ਚੁੱਕਾ ਹੈ। ਇਸ ਦੌਰਾਨ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਅਤੇ ਸਾਬਕਾ ਵਿਧਾਇਕ ਤੇ ਪਾਰਟੀ ਦੇ ਕੌਮੀ ਕੌਂਸਲ ਦੇ ਮੈਂਬਰ ਹਰਦੇਵ ਸਿੰਘ ਅਰਸ਼ੀ ਹੁਰਾਂ ਦੇ ਸੰਖੇਪ ਰੂਪ ਵਿੱਚ ਪ੍ਰਭਾਵ ਜਾਨਣ ਦੀ ਕੋਸ਼ਿਸ਼ ਕੀਤੀ ਗਈ। ਦੋਹਾਂ ਆਗੂਆਂ ਨੇ ਕਿਹਾ ਕਿ ਪਾਰਟੀ ਕਾਂਗਰਸ ਪੂਰੀ ਤਰ੍ਹਾਂ ਸਫਲ ਹੈ। ਡੈਲੀਗੇਟਾਂ ਦੀ ਸੰਜੀਦਗੀ ਤੇ ਉਤਸ਼ਾਹ ਦੱਸਦਾ ਹੈ ਕਿ ਜਿੱਥੇ ਲਏ ਗਏ ਨਿਰਣੇ ਹੇਠਲੇ ਪੱਧਰ ਤੱਕ ਲਾਗੂ ਹੋਣਗੇ, ਉਥੇ ਚੁਣੌਤੀਆਂ ਬੇਸ਼ੱਕ ਵੱਡੀਆਂ ਹਨ, ਪਰ ਇਸ ਪਾਰਟੀ ਕਾਂਗਰਸ ਦੌਰਾਨ ਮੰਜ਼ਰ ਇਸ ਤਰ੍ਹਾਂ ਦਾ ਨਜ਼ਰ ਆ ਰਿਹਾ ਹੈ, ਜਿਵੇਂ ਕਾਮਰੇਡਾਂ ਨੇ ਮੁਸੀਬਤ ਨੂੰ ਮੌਕੇ ਬਣਾਉਣ ਦਾ ਇਰਾਦਾ ਬਣਾ ਲਿਆ ਹੈ। ਭਾਜਪਾ ਅਤੇ ਆਰ ਐੱਸ ਐੱਸ ਦੇ ਹਿੰਦੂਤਵ ਦੇ ਏਜੰਡੇ ਅਤੇ ਸੰਪਰਦਾਇਕਤਾ ਦੀ ਨਫਰਤ ਫੈਲਾਉਣ ਦੀ ਬਦਨੀਤੀ ਵਿਰੁੱਧ ਕਮਿਊਨਿਸਟ ਕਾਰਕੁਨਾਂ ਦੇ ਮਨਾਂ ਅੰਦਰ ਉੱਠ ਰਹੇ ਰੋਹ ਦਾ ਅਹਿਸਾਸ ਸਪੱਸ਼ਟ ਨਜ਼ਰ ਆ ਰਿਹਾ ਹੈ।ਦੋਹਾਂ ਆਗੂਆਂ ਨੇ ਪੂਰਨ ਆਸ ਪ੍ਰਗਟ ਕੀਤੀ ਕਿ ਚੱਲ ਰਹੇ ਮਹਾਂ-ਸੰਮੇਲਨ ਦੇ ਉਤਸ਼ਾਹੀ ਤੇ ਸਾਰਥਿਕ ਸਿੱਟੇ ਸਾਹਮਣੇ ਆਉਣਗੇ।



ਗੱਲਬਾਤ ਕਰਦੇ ਹੋਏ ਬੰਤ ਸਿੰਘ ਬਰਾੜ ਤੇ ਹਰਦੇਵ ਸਿੰਘ ਅਰਸ਼ੀ



















## ਸੁਰਾਵਰਮ ਸੁਧਾਕਰ ਰੈਡੀ ਨਗਰ ਦੀ ਵੰਨ-ਸੁਵੰਨਤਾ 'ਚ ਵਾਧਾ ਕਰ ਰਹੇ ਕਿਤਾਬਾਂ ਦੇ ਸਟਾਲ



**ਚੰਡੀਗੜ੍ਹ (ਗਿਆਨ ਸੈਦਪੁਰੀ)** ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ-ਸੰਮੇਲਨ ਲਈ ਬਣਾਏ ਗਏ 'ਸੁਰਾਵਰਮ ਸੁਧਾਕਰ ਰੈਡੀ ਨਗਰ' ਵਿੱਚ ਨਜ਼ਰ ਆ ਰਹੀ ਵੰਨ-ਸੁਵੰਨਤਾ ਵਿੱਚ ਵੱਖ-ਵੱਖ ਪਬਲੀਕੇਸ਼ਨਜ਼ ਵੱਲੋਂ ਲਾਏ ਕਿਤਾਬਾਂ ਦੇ ਸਟਾਲ ਵੀ ਵਾਧਾ ਕਰ ਰਹੇ ਹਨ। ਪੰਜਾਬ ਬੁੱਕ ਸੈਂਟਰ ਚੰਡੀਗੜ੍ਹ ਵੱਲੋਂ ਲਾਏ ਸਟਾਲ ਨੂੰ ਚਲਾ ਰਹੇ ਵਿਨੋਦ ਕੁਮਾਰ ਨੇ ਦੱਸਿਆ ਕਿ ਉਸ ਦੇ ਸਟਾਲ 'ਤੇ ਹਰ ਵੰਨਗੀ ਦੀਆਂ ਕਿਤਾਬਾਂ ਵਿਕ ਰਹੀਆਂ ਹਨ।ਜਿੱਥੇ ਕਮਿਊਨਿਸਟ ਪਾਰਟੀ ਨਾਲ ਜੁੜੇ ਸਾਹਿਤ ਦੀਆਂ ਵਧੇਰੇ ਕਿਤਾਬਾਂ ਦੀ ਮੰਗ ਹੈ, ਉੱਥੇ ਭਾਰਤੀ ਸੰਵਿਧਾਨ ਦੇ ਉਸ ਆਕਾਰ ਵਾਲੀ ਕਿਤਾਬ ਕਾਫੀ ਵਿਕ ਰਹੀ ਹੈ, ਜਿਸ ਨੂੰ ਰਾਹੁਲ ਗਾਂਧੀ ਬਹੁਤ ਸਾਰੀਆਂ ਮੀਟਿੰਗਾਂ ਵਿੱਚ ਦਿਖਾਉਂਦੇ ਰਹੇ। ਇਸ ਤੋਂ ਇਲਾਵਾ ਭਗਤ ਸਿੰਘ ਅਤੇ ਚੀ ਗੁਵੇਰਾ ਦੀਆਂ ਕਿਤਾਬਾਂ ਵੀ ਵਿਕ ਰਹੀਆਂ ਹਨ। ਸਟਾਲਾਂ ਤੋਂ 'ਦਸ ਦਿਨ ਜਿਨ੍ਹਾਂ ਨੇ ਦੁਨੀਆ ਬਦਲ ਦਿੱਤੀ' ਦੀ ਵੀ ਮੰਗ ਕੀਤੀ ਜਾ ਰਹੀ ਹੈ।

ਉਤਸ਼ਾਹ ਵਾਲੀ ਗੱਲ ਇਹ ਨਜ਼ਰ ਆਈ ਕਿ ਨੌਜਵਾਨ ਵੀ ਕਿਤਾਬਾਂ ਖਰੀਦਣ ਵਿੱਚ ਦਿਲਚਸਪੀ ਲੈ ਰਹੇ ਹਨ।ਕਿਤਾਬਾਂ ਦੇ ਸਟਾਲਾਂ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦਾ ਪੀਪਲਜ਼ ਪਬਲੀਕੇਸ਼ਨ ਹਾਊਸ ਦਿੱਲੀ, ਸਪਤ ਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਅਤੇ ਪਰਮਜੀਤ ਬੁੱਕ ਸੈਂਟਰ ਮਹਿਲ ਕਲਾਂ ਆਦਿ ਸ਼ਾਮਲ ਹਨ।ਪੰਜਾਬ ਬੁੱਕ ਸੈਂਟਰ ਵਾਲੇ ਵਿਨੋਦ ਕੁਮਾਰ ਨੇ ਕਿਤਾਬਾਂ ਖਰੀਦਣ ਵਾਲੇ ਇੱਕ ਸਾਥੀ ਨਾਲ ਉਚੇਚ ਨਾਲ ਤਸਵੀਰ ਖਿਚਵਾਈ।

25-SEP-PAGE-10.qxd 9/24/2025 11:03 PM Page 1



## ਬੀ ਜੇ ਪੀ ਦੇ ਕੋ-ਕਨੀਵਨਰ ਭਟੇਜਾ ਨੇ ਕੀਤੀ ਬੁੱਕ ਸ਼ੈਲਰ ਐਸੋਸੀਏਸ਼ਨ ਨਾਲ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸਤੀਸ਼ ਅਸੀਜਾ ਦੀਆਂ ਹਦਾਇਤਾਂ 'ਤੇ ਜੀਐਸਟੀ ਰੀਫੌਰਮਸ 2.0 ਬੀ ਜੇ ਪੀ ਸ੍ਰੀ ਮੁਕਤਸਰ ਸਾਹਿਬ ਦੇ ਕੋ-ਕਨਵੀਨਰ ਰਾਜਕੁਮਾਰ ਭਟੇਜਾ ਮੇਲੂ ਵੱਲੋਂ ਬੁੱਕ ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਸਤੀਸ਼ ਅਰੋੜਾ ਦੀ ਸਾਈਂ ਬੁੱਕ ਡਿਪੋ ਦੁਕਾਨ 'ਤੇ ਮੀਟਿੰਗ ਕੀਤੀ ਗਈ। ਜਿਸ 'ਚ ਸ਼ਹਿਰ ਦੇ ਹੋਰ ਬੁੱਕ ਸ਼ੈਲਰਾਂ ਨੇ ਵੀ ਭਾਗ ਲਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਰਾਜਕੁਮਾਰ ਭਟੇਜਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 2.0 ਰੀਫੌਰਮਸ ਤਹਿਤ ਨੋਟ ਬੁੱਕ, ਪੈਨਸਲ, ਸ਼ਾਪਨਰ ਅਤੇ ਸਟੇਸ਼ਨਰੀ ਦੇ ਸਮਾਨ ਨੂੰ ਜੀ ਐਸ ਟੀ ਰਹਿਤ ਕਰਦਿਆਂ 0 ਕਰ ਦਿੱਤਾ ਗਿਆ ਹੈ।ਇਸ ਨਾਲ ਵਿਦਿਆਰਥੀਆਂ ਦੇ ਬਹੁਤ ਭਾਰੀ ਹੋਣ ਵਾਲੇ ਖਰਚ ਤੋਂ ਨਿਜਾਤ ਮਿਲੇਗੀ।ਇਹ ਫ਼ੈਸਲਾ ਬਹੁਤ ਚੰਗਾ ਕਦਮ ਹੈ।ਉਨ੍ਹਾਂ ਇਸ ਬਾਰੇ ਬੁੱਕ ਸ਼ੈਲਰ ਨੂੰ ਜਾਣੂ ਕਰਵਾਉਂਦਿਆਂ ਵਿਦਿਆਰਥੀਆਂ ਦੇ ਉਜਵਲ ਭਵਿੱਖ ਲਈ ਬਿਹਤਰੀਨ ਕੰਮ ਕਰਨ ਲਈ ਪ੍ਰੇਰਿਆ।ਇਸ ਮੌਕੇ ਇੰਡਸਟ੍ਰੀਜ਼ ਸੈਲ ਦੇ ਕਨਵੀਨਰ ਕੋ ਕਨਵੀਨਰ ਸਤੀਸ਼ ਭਟੇਜਾ, ਭਾਜਪਾ ਮੰਡਲ 2 ਦੇ ਪ੍ਰਧਾਨ ਰਿਸ਼ਭ ਵਾਟਸ ਵੀ ਮੌਜੂਦ ਸਨ।ਉੱਧਰ, ਰਾਜਕੁਮਾਰ ਮੇਲੂ ਵੱਲੋਂ ਗੁੱਥਰ ਕਰਿਆਨਾ ਸਟੋਰ ਤੇ ਵੀ ਮੀਟਿੰਗ ਕਰਦਿਆਂ ਦੁਕਾਨਦਾਰਾਂ ਨੂੰ ਜਾਗਰੂਕ ਕਰਦਿਆਂ ਜੀ ਐਸ ਟੀ ਦੇ ਲਾਭ ਲੋਕਾਂ ਤੱਕ ਪਹੁੰਚਾਉਣ ਨੂੰ ਪ੍ਰੇਰਿਆ। ਇਸ ਮੌਕੇ ਸੰਦੀਪ ਗਿਰਧਰ, ਪ੍ਰਦੀਪ ਧੁੜੀਆ, ਸਿਕੰਦਰ, ਰਾਜਾ ਕਾਮਰੇਡ ਵਿਜੇ ਵਰਮਾ ਐਡਵੋਕੇਟ, ਸੁਰਿੰਦਰ ਛਾਬੜਾ, ਜੱਲੀ ਮੋਬਾਇਲ ਵਾਲੇ ਵੀ ਹਾਜ਼ਰ ਸਨ।

## ਝਾੜ ਸਾਹਿਬ ਕਾਲਜ ਵਿਖੇ ਸੰਗੀਤ ਦੀ ਮਹੱਤਤਾ 'ਤੇ ਲੈਕਚਰ ਕਰਵਾਇਆ



**ਸਮਰਾਲਾ (ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਵਿਖੇ ਸੁਰ ਸੰਗੀਤ ਸਭਾ ਦੁਆਰਾ 'ਸੰਗੀਤ ਦਾ ਮਨੁੱਖੀ ਜੀਵਨ ਵਿੱਚ ਮਹੱਤਵ ਵਿਸ਼ੇ 'ਤੇ ਲੈਕਚਰ ਆਯੋਜਿਤ ਕੀਤਾ ਗਿਆ।ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਅਗਵਾਈ ਵਿੱਚ ਇਸ ਪ੍ਰੋਗਰਾਮ ਦੀ ਰੂਪ ਰੇਖਾ ਬਣਾਈ ਗਈ। ਸਵਰ ਕ੍ਰਿਤੀ ਸਕੂਲ ਦੇ ਡਾਇਰੈਕਟਰ ਡਾ. ਗਰਜੀਤ ਨੇ ਵਿਦਿਆਰਥਣਾਂ ਨਾਲ ਵਿਸ਼ੇ 'ਤੇ ਵਿਚਾਰ ਚਰਚਾ ਕੀਤਾ। ਉਹਨਾਂ ਨੇ ਦੱਸਿਆ ਕਿ ਸੰਗੀਤ ਮਨੁੱਖੀ ਜੀਵਨ ਵਿੱਚ ਕੇਵਲ ਮਨੋਰੰਜਨ ਲਈ ਹੀ ਜ਼ਰੂਰੀ ਨਹੀਂ ਬਲਕਿ ਇਸ ਤੋਂ ਕਿਤੇ ਜ਼ਿਆਦਾ ਮਾਨਸਿਕ ਸ਼ਾਂਤੀ, ਯਾਦਾਸ਼ਤ ਵਧਾਉਣ ਸਪਿਰਿਟ ਥੈਰੇਪੀ ਦੇ ਤੌਰ 'ਤੇ ਅਤੇ ਰਚਨਾਤਮਕ ਸ਼ਕਤੀ ਵਧਾਉਣ ਵਿੱਚ ਵੀ ਮਦਦਗਾਰ ਸਾਬਤ ਹੁੰਦਾ ਹੈ। ਇਸ ਦੇ ਨਾਲ ਹੀ ਉਹਨਾਂ ਨਾਲ ਆਏ ਭਾਈ ਕੁਲਬੀਰ ਸਿੰਘ ਨੇ ਸ਼ਬਦ ਗਾਇਨ ਨਾਲ ਮਾਹੌਲ ਨੂੰ ਅਨੰਦਮਈ ਬਣਾਇਆ। ਵਿਭਾਗ ਦੇ ਸਕੂਲ ਤੋਂ ਆਏ ਵਿਦਿਆਰਥੀਆਂ ਨੇ ਤਬਲੇ ਦੀ ਪੇਸ਼ਕਾਰੀ ਦਿੱਤੀ ਅਤੇ ਕਾਲਜ ਦੀਆਂ ਵਿਦਿਆਰਥਣਾਂ ਨੇ ਆਪਣੀ ਮਧੁਰ ਅਵਾਜ਼ ਵਿੱਚ ਧਾਰਮਿਕ ਗੀਤ ਵੀ ਸੁਣਾਏ। ਡਾ. ਅਮਨਪ੍ਰੀਤ ਕੌਰ ਮੁਖੀ ਸੰਗੀਤ ਵਿਭਾਗ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ ਪੰਜਾਬੀ ਵਿਭਾਗ ਦੇ ਪ੍ਰੋ. ਜਸਵੀਰ ਕੌਰ ਵੀ ਹਾਜ਼ਰ ਸਨ।ਅੰਤ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਸਾਰਿਆਂ ਦਾ ਕਾਲਜ ਵਿੱਚ ਆਉਣ 'ਤੇ ਧੰਨਵਾਦ ਕੀਤਾ।

## ਸਪਰਿੰਗ ਫੀਲਡ ਕਾਨਵੈਂਟ ਸਕੂਲ 'ਚ ਵਿਸ਼ਵ ਪੰਜਾਬੀ ਦਿਵਸ ਮਨਾਇਆ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਵਿਖੇ ਵਿਸ਼ਵ ਪੰਜਾਬੀ ਦਿਵਸ ਧੂਮ-ਧਾਮ ਨਾਲ ਮਨਾਇਆ ਗਿਆ।ਪੰਜਾਬੀ ਭਾਸ਼ਾ ਦੇ ਪਹਿਲੇ ਕਵੀ ਬਾਬਾ ਫਰੀਦ ਜੀ ਨੂੰ ਸਮਰਪਿਤ ਬਾਬਾ ਫ਼ਰੀਦ ਆਗਮਨ ਪੁਰਬ ਮੌਕੇ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਆਪਣੀ ਮਾਤ ਭਾਸ਼ਾ ਪੰਜਾਬੀ ਨੂੰ ਸਨਮਾਨ ਦੇਣ ਦੇ ਲਈ ਹਰ ਸਾਲ ਵਿਸ਼ਵ ਪੰਜਾਬੀ ਦਿਵਸ ਮਨਾਉਣ ਦਾ ਫ਼ੈਸਲਾ ਕੀਤਾ, ਜਿਸ ਵਿਚ ਪ੍ਰਧਾਨ ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ਼ ਪੰਜਾਬ ਨੇ ਇਸ ਪਵਿੱਤਰ ਦਿਨ 'ਤੇ ਵਿਸ਼ਵ ਪੰਜਾਬੀ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ। ਬੱਚਿਆਂ ਨੇ ਪੰਜਾਬੀ ਵਿਰਸੇ ਬਾਰੇ, ਪੰਜਾਬੀ ਦੀ ਅਜੋਕੀ ਹਾਲਤ ਬਾਰੇ ਅਤੇ ਪੰਜਾਬੀ ਗੀਤਾਂ, ਟੱਪੇ, ਵੰਨਗੀਆਂ ਅਤੇ ਕਵਿਤਾਵਾਂ ਬਾਰੇ ਵੱਖ-ਵੱਖ ਆਈਟਮਾਂ ਪੇਸ਼ ਕਰ ਕੇ ਰੰਗ ਬੰਨ੍ਹਿਆ। ਸਕੂਲ ਚੇਅਰਮੈਨ ਨਰ ਸਿੰਘ ਬਰਾੜ ਨੇ ਦੱਸਿਆ ਕਿ ਸਾਨੂੰ ਆਪਣੀ ਮਾਂ ਬੋਲੀ ਪੰਜਾਬੀ ਉੱਪਰ ਬਹੁਤ ਮਾਣ ਹੈ ਕਿ ਸਾਡੇ ਪੰਜਾਬੀ ਹੋਣ ਦੀ ਪਹਿਚਾਣ ਵੀ ਸਾਡੀ ਮਾਂ ਬੋਲੀ ਕਰ ਕੇ ਹੈ। ਸਾਨੂੰ ਹਰ ਬੋਲੀ ਦਾ ਸਨਮਾਨ ਕਰਨਾ ਚਾਹੀਦਾ ਹੈ ਅਤੇ ਸਿੱਖਣੀ ਵੀ ਚਾਹੀਦੀ ਹੈ, ਪਰ ਆਪਣੀ ਮਾਤ ਭਾਸ਼ਾ ਨੂੰ ਹਮੇਸ਼ਾ ਪਿਆਰ ਅਤੇ ਸਤਿਕਾਰ ਦੇਣਾ ਚਾਹੀਦਾ ਹੈ।ਪ੍ਰਾਈਵੇਟ ਸਕੂਲ ਫੈਡਰੇਸ਼ਨ ਪ੍ਰਧਾਨ ਜਗਜੀਤ ਸਿੰਘ ਧੂਰੀ ਦਾ ਧੰਨਵਾਦ ਕੀਤਾ।ਪ੍ਰਿੰਸੀਪਲ ਬਾਇਜੂ ਵਿਜੇ ਅਤੇ ਕੋਆਰਡੀਨੇਟਰ ਮੈਡਮ ਅਨੁਪਮ ਸ਼ਰਮਾ ਨੇ ਬੱਚਿਆਂ ਨੂੰ ਇਸ ਦਿਵਸ ਉੱਪਰ ਸਹਿਯੋਗ ਦੇਣ ਅਤੇ ਸਕੂਲ ਦੇ ਮਿਊਜ਼ਿਕ ਅਧਿਆਪਕ ਅਵਤਾਰ ਸਿੰਘ ਦਾ ਬੱਚਿਆਂ ਦੀ ਵਧੀਆ ਤਿਆਰੀ ਕਰਵਾਉਣ ਅਤੇ ਸਟੇਜ ਦਾ ਵਧੀਆ ਢੰਗ ਨਾਲ ਸੰਚਾਲਨ ਕਰਵਾਉਣ ਲਈ ਧੰਨਵਾਦ ਕੀਤਾ।

## ਸ੍ਰੀ ਬਾਲਾ ਜੀ ਰਾਮ ਲੀਲ੍ਹਾ ਸੁਸਾਇਟੀ ਵੱਲੋਂ ਰਾਮ ਲੀਲ੍ਹਾ ਦਾ ਅੱਠਵੇਂ ਦਿਨ ਦਾ ਆਯੋਜਨ



**ਮੰਡੀ ਘੁਬਾਇਆ (ਬਲਵਿੰਦਰ ਸਿੰਘ)**-ਸ੍ਰੀ ਬਾਲਾ ਜੀ ਰਾਮ ਲੀਲ੍ਹਾ (ਰਜਿ:) ਸੁਸਾਇਟੀ ਵੱਲੋਂ ਜਲਾਲਾਬਾਦ ਦੇ ਰਾਮ ਲੀਲ੍ਹਾ ਚੌਂਕ ਵਿੱਚ ਅੱਠਵੇਂ ਦਿਨ ਦੀ ਰਾਮ ਲੀਲਾ ਦਾ ਆਯੋਜਨ ਕੀਤਾ ਗਿਆ ਕੀਤਾ ਗਿਆ ਜਿਸ ਵਿੱਚ ਸ੍ਰੀ ਰਾਮ ਚੰਦਰ ਜੀ ਨੂੰ 14 ਸਾਲ ਦਾ ਬਨਵਾਸ ਅਤੇ ਹੋਰ ਝਲਕੀਆਂ ਵੇਖਣ ਨੂੰ ਮਿਲੀਆਂ। ਇਸ ਤੋਂ ਇਲਾਵਾ ਸ੍ਰੀ ਰਾਮ ਚੰਦਰ ਜੀ ਦਾ ਭਜਨ ਗਾ ਕੇ ਗੁਣਗਾਨ ਵੀ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਸੀਨੀਅਰ ਪੱਤਰਕਾਰ ਅਤੇ ਨਿਊ ਜਲਾਲਾਬਾਦ ਪ੍ਰੈਸ ਕਲੱਬ ਦੇ ਵਾਈਸ ਪ੍ਰਧਾਨ ਬਲਵਿੰਦਰ ਸਿੰਘ ਅਤੇ ਉਹਨਾਂ ਨਾਲ ਅਸੀਮ ਸ਼ਕਤੀ ਅਤੇ ਹੋਰ ਪਤਵੰਤੇ ਸੱਜਣ ਪਹੁੰਚੇ। ਇਸ ਮੌਕੇ ਬਾਲਾ ਜੀ ਰਾਮ ਲੀਲਾ ਸੁਸਾਇਟੀ ਦੇ ਪ੍ਰਧਾਨ ਸੁਮਿਤ ਕੁੱਕੜ ਨੇ ਦੱਸਿਆ ਕਿ ਇਸ ਵਾਰ 29ਵੀਂ ਰਾਮਲੀਲ੍ਹਾ ਦਾ ਅਯੋਜਨ ਕੀਤਾ ਗਿਆ।ਇਸ ਮੌਕੇ ਆਏ ਹੋਏ ਸਾਰੇ ਹੀ ਮੁੱਖ ਮਹਿਮਾਨਾਂ ਦਾ ਸ੍ਰੀ ਬਾਲਾ ਜੀ ਰਾਮਲੀਲ੍ਹਾ ਸੁਸਾਇਟੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।

## ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ 'ਤੇ ਪਰਚੇ ਤੇ ਜੁਰਮਾਨੇ ਅਤੀ ਨਿੰਦਣਯੋਗ : ਦੌਲਤਪੁਰਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਨੇ ਕਿਹਾ ਹੈ ਕਿ ਅਸੀਂ ਮੰਨਦੇ ਹਾਂ ਕਿ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਜੋ ਵੀ ਕਿਸਾਨ ਪਰਾਲੀ ਨੂੰ ਅੱਗ ਲਾਏਗਾ ਉਸ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ ਪਰ ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਤੁਸੀਂ ਪਹਿਲਾਂ ਤਾਂ ਕਿਸਾਨਾਂ ਦਾ ਪੱਖ ਸੁਪਰੀਮ ਕੋਰਟ ਵਿੱਚ ਮਜ਼ਬੂਤ ਤਰੀਕੇ ਨਾਲ ਨਹੀਂ ਰੱਖਿਆ ਉੱਪਰੋਂ ਹੁਣ ਜੇ ਪੰਜਾਬ ਦਾ ਕਿਸਾਨ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾ ਕੇ ਉੱਪਰਲੀ ਰਹਿੰਦ ਖੂੰਹਦ ਨੂੰ ਅੱਗ ਲਾਉਂਦਾ ਹੈ ਤਾਂ ਉਸ ਉਪਰ ਪਰਚੇ ਦਰਜ ਕੀਤੇ ਜਾ ਰਹੇ ਹਨ। ਉਹਨਾਂ ਤੋਂ ਭਾਰੀ ਜੁਰਮਾਨੇ ਵਸੂਲ ਕੀਤੇ ਜਾਂਦੇ ਹਨ। ਅਸੀਂ ਦੱਸਣਾ ਚਾਹੁੰਦੇ ਹਾਂ ਕਿ ਕਿਸਾਨ ਨੂੰ ਉੱਪਰਲੀ ਰਹਿੰਦ ਖੂੰਹਦ ਨੂੰ ਅੱਗ ਤਾਂ ਲਾਉਣੀ ਪੈਂਦੀ ਹੈ ਕਿਉਂਕਿ ਕਣਕ ਦੀ ਬਿਜਾਈ ਵਿੱਚ ਸਮਾਂ ਬਹੁਤ ਥੋੜ੍ਹਾ ਹੁੰਦਾ ਹੈ। ਜੇ ਸਰਕਾਰ ਬਿਲਕੁਲ ਹੀ ਇਹ ਅੱਗ ਲੱਗਣੀ ਬੰਦ ਕਰਨਾ ਚਾਹੁੰਦੀ ਹੈ ਤਾਂ ਸਮਾਂ ਰਹਿੰਦੇ ਸਰਕਾਰ ਕਿਸਾਨਾਂ ਨੂੰ ਸਿੱਧੀ ਸਬਸਿਡੀ ਖਾਤਿਆਂ ਵਿੱਚ ਪਾ ਕੇ ਐਨ ਜੀ ਟੀ ਦੀਆਂ ਹਦਾਇਤਾਂ ਅਨੁਸਾਰ ਛੋਟੇ ਕਿਸਾਨ 8 ਤੋਂ 10 ਕਿੱਲਿਆਂ ਵਾਲਿਆਂ ਨੂੰ ਪਰਾਲੀ ਨੂੰ ਸਮੇਟਣ ਵਾਲੇ ਸੰਦ ਮੁਹੱਈਆ ਕਰਾਉਣੇ ਚਾਹੀਦੇ ਸਨ ਪਰ ਸਰਕਾਰ ਆਪਣੀ ਨਾਕਾਮੀ ਨੂੰ ਲੁਕਾਉਣ ਲਈ ਕਿਸਾਨਾਂ ਉੱਪਰ ਹੀ ਕਾਰਵਾਈ ਕਰਨ 'ਤੇ ਤੁਲੀ ਹੋਈ ਹੈ ਜਿਸ ਦੀ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ। ਇਸ ਸਮੇਂ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਸੂਬਾ ਆਗੂ ਗੁਰਬਚਨ ਸਿੰਘ ਚੰਨੂਵਾਲਾ ਅਤੇ ਮੀਡੀਆ ਸਕੱਤਰ ਬਲਕਰਨ ਸਿੰਘ ਢਿੱਲੋਂ ਨੇ ਕਿਹਾ ਕਿ ਜੋ ਸਰਕਾਰ ਇਸ ਸਮੇਂ ਪਰਾਲੀ ਦਾ ਰੌਲਾ ਪਾ ਕੇ ਕਿਸਾਨਾਂ ਉੱਪਰ ਪਰਚੇ ਦਰਜ ਕਰ ਰਹੀ ਹੈ ਉਹ ਸਰਾਸਰ ਕਿਸਾਨਾਂ ਨਾਲ ਧੱਕਾ ਹੈ। ਆਉਣ ਵਾਲੇ ਦਿਨਾਂ 'ਚ ਦੁਸਹਿਰਾ ਤੇ ਦਿਵਾਲੀ ਦੇ ਤਿਉਹਾਰ ਆਉਣ ਵਾਲੇ ਹਨ, ਇਨ੍ਹਾਂ ਤਿਉਹਾਰਾਂ ਵਿੱਚ ਪਟਾਕਿਆਂ ਨਾਲ ਵੱਡੀ ਪੱਧਰ 'ਤੇ ਪ੍ਰਦੂਸ਼ਣ ਹੋਣਾ ਹੈ। ਉਸ ਪ੍ਰਦੂਸ਼ਣ ਨੂੰ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਰਲ ਮਿਲ ਕੇ ਕਿਸਾਨਾਂ ਦੇ ਸਿਰ ਮੜ੍ਹਨਾ ਚਾਹੁੰਦੀ ਹੈ। ਇਸ ਸਮੇਂ ਜ਼ਿਲ੍ਹਾ ਮੀਤ ਪ੍ਰਧਾਨ ਲਖਬੀਰ ਸਿੰਘ ਸੰਧੂਆਣਾ, ਬਲਾਕ ਪ੍ਰਧਾਨ ਗੁਰਮੇਲ ਸਿੰਘ ਡਰੋਲੀ ਭਾਈ, ਹਰਜੀਤ ਸਿੰਘ ਮਨਾਵਾ ਸੀਨੀਅਰ ਆਗੂ, ਜ਼ਿਲ੍ਹਾ ਆਗੂ ਬਲਕਰਨ ਸਿੰਘ ਢਿੱਲੋਂ, ਦਫਤਰ ਇੰਚਾਰਜ ਪ੍ਰਕਾਸ਼ ਸਿੰਘ ਆਦਿ ਹਾਜ਼ਰ ਸਨ।

# ਬਦਲੀਆਂ ਦੇ ਨਾਂਅ 'ਤੇ ਮੁਲਾਜ਼ਮਾਂ ਨੂੰ ਕੀਤਾ ਜਾ ਰਿਹਾ ਖੱਜਲ-ਖੁਆਰ : ਰੇਸ਼ਮ ਸਿੰਘ ਗਿੱਲ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਪੰਜਾਬ ਰੋਡਵੇਜ਼ ਪਨਬਸ/ਪੀ ਆਰ ਟੀ ਕੰਟਰੈਕਟ ਵਰਕਰਜ਼ ਯੂਨੀਅਨ ਵੱਲੋਂ ਫਿਰੋਜ਼ਪੁਰ ਡੀਪੂ ਵਿਚ ਪ੍ਰੈਸ ਕਾਨਫਰੰਸ ਕੀਤੀ ਗਈ। ਜਿਸ ਵਿਚ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਨੇ ਦੱਸਿਆ ਕਿ ਸਰਕਾਰ ਮੁਲਾਜ਼ਮਾਂ ਨਾਲ ਬਦਲੀ ਦੇ ਨਾਂਅ 'ਤੇ ਖੇਡਾਂ ਖੇਡ ਰਹੀ ਹੈ। 25 ਜੁਲਾਈ 2025 ਤੋਂ ਬਾਅਦ ਮੁਲਾਜ਼ਮਾਂ ਨੂੰ ਵੱਖ-ਵੱਖ ਡੀਪੂਆਂ ਤੋਂ ਬਦਲੀਆਂ ਕਰਕੇ ਦੂਸਰੇ ਡੀਪੂਆਂ ਵਿਚ ਭੇਜਿਆ ਗਿਆ। ਇਸੇ ਤਰ੍ਹਾਂ ਹੀ ਫਿਰੋਜ਼ਪੁਰ ਡੀਪੂ ਵਿਚ ਤਕਰੀਬਨ 25 ਮੁਲਾਜ਼ਮ ਆਏ ਸਨ, ਪਰ ਹੁਣ ਦੁਬਾਰਾ ਮਹਿਕਮੇ ਵੱਲੋਂ ਉਨ੍ਹਾਂ ਦੀਆ ਬਦਲੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਸਰਕਾਰ ਵੱਲੋਂ ਜਾਣਬੁੱਝ ਕੇ ਕਦੇ ਤਨਖਾਹਾਂ ਦੇ ਨਾਂਅ 'ਤੇ ਕਦੇ ਬਦਲੀਆਂ ਦੇ ਨਾਂਅ 'ਤੇ ਜਾਣਬੁੱਝ ਕੇ ਖੱਜਲ ਖਰਾਬ ਕੀਤਾ ਜਾ ਰਿਹਾ ਹੈ। ਕਦੀ ਬਦਲੀਆਂ ਕਰਨੀਆਂ, ਕਦੀ ਰੱਦ ਕਰਨੀਆਂ, ਇਸ ਹਿਸਾਬ ਤੋਂ ਹੁੰਦਾ ਹੈ ਸਰਕਾਰ ਅਤੇ ਮਹਿਕਮਾ ਕਿਤੇ ਨਾ ਕਿਤੇ ਭ੍ਰਿਸ਼ਟਾਚਾਰ ਨੂੰ ਬੜ੍ਹਾਵਾ ਦੇ ਰਹੇ ਹਨ। ਸਰਕਾਰ ਵੱਲੋਂ ਸੱਤਾ ਵਿਚ ਆਉਣ ਤੋਂ ਬਾਅਦ ਕੋਈ ਵੀ ਬੱਸ ਨਵੀਂ ਨਹੀਂ ਪਾਈ ਗਈ। ਫਿਰੋਜ਼ਪੁਰ ਡੀਪੂ ਵਿਚ ਫਲੀਟ ਦੇ ਹਿਸਾਬ ਨਾਲ 60 ਬੱਸਾਂ ਦੀ ਘਾਟ ਹੈ ਅਤੇ ਅਗਲੇ ਮਹੀਨੇ 6 ਬੱਸਾਂ ਹੋਰ ਕੰਡਮ ਹੋਣੀਆਂ ਹਨ। ਸਰਕਾਰ ਬੱਸਾਂ ਨਾ ਦੇ ਕੇ ਮੁਲਾਜ਼ਮਾਂ ਦੀ ਬਦਲੀਆ ਕਰਕੇ ਉਨ੍ਹਾਂ ਨੂੰ ਖੱਜਲ ਖਰਾਬ ਕਰਕੇ ਆਪਣੀ ਨਾਕਾਮੀ ਨੂੰ ਲਕਾਉਣਾ ਚਾਹੁੰਦੀ ਹੈ। ਜੇਕਰ ਸਰਕਾਰ ਨਵੀਆਂ ਬੱਸਾਂ ਪਾ ਕੇ ਰੋਡਵੇਜ਼ ਅਤੇ ਪਨਬਸ ਦਾ ਫਲੀਟ ਪੂਰਾ ਕਰੇ ਤਾਂ ਫਿਰੋਜ਼ਪੁਰ ਡੀਪੂ ਦੇ ਨਾਲ ਨਾਲ ਪੰਜਾਬ ਦੇ ਸਮੂਹ ਡੀਪੂਆਂ ਵਿਚ ਹੋਰ ਵੀ ਸਟਾਫ ਦੀ ਲੋੜ ਪਵੇਗੀ। ਸਰਕਾਰ ਆਪਣੀ ਗਲਤੀ ਛੁਪਾਉਣ ਦੇ ਲਈ ਵਰਕਰਾਂ ਦੇ ਵਾਰ-ਵਾਰ ਕੁਹਾੜਾ ਲੈ ਕੇ ਆ ਰਹੀ ਹੈ। ਸੱਤਾ ਵਿਚ ਆਉਣ ਤੋਂ ਪਹਿਲਾਂ ਸਰਕਾਰ ਨੇ ਵੱਡੇ ਵੱਡੇ ਵਾਅਦੇ ਕੀਤੇ ਸੀ ਕਿ ਕਿਸੇ ਨੂੰ ਵੀ ਧਰਨਾ ਮੁਜ਼ਾਹਰਾ ਨਹੀਂ ਲਾਉਣ ਦਿਆਂਗੇ, ਇਹ ਲੋਕਾਂ ਦੀ ਸਰਕਾਰ ਹੈ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕਰੇਗੀ, ਜੋ ਹੁਣ ਸਭ ਖੋਖਲੇ ਨਜ਼ਰ ਆ ਰਹੇ ਹਨ। ਡੀਪੂ ਪ੍ਰਧਾਨ ਜਤਿੰਦਰ ਸਿੰਘ ਅਤੇ ਸੈਕਟਰੀ ਮੁਖਪਾਲ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਮੁਲਾਜ਼ਮਾਂ ਦੀਆਂ ਬਦਲੀਆਂ ਰੱਦ ਕੀਤੀਆਂ ਹਨ, ਸਾਰੇ ਬਾਰਡਰ ਪੱਟੀ 'ਤੇ ਜ਼ਿਆਦਾਤਰ ਹਨ, ਉਹ ਪਹਿਲਾਂ ਹੀ ਹੜ੍ਹਾ ਦੀ ਮਾਰ ਝੱਲ ਰਹੇ ਹਨ, ਇਕ ਪਾਸੇ ਕੁਦਰਤ ਉਨ੍ਹਾਂ ਨੂੰ ਮਾਰ ਮਾਰ ਰਹੀ ਹੈ, ਦੂਸਰੇ ਪਾਸੇ ਸਰਕਾਰ ਜਾਣਬੁੱਝ ਕੇ ਉਨ੍ਹਾਂ ਨੂੰ ਖੱਜਲ ਖਰਾਬ ਕਰ ਰਹੀ ਹੈ। ਜੇਕਰ ਬਦਲੀਆਂ ਰੱਦ ਕਰਨ ਵਾਲੀ ਚਿੱਠੀ ਨੂੰ ਰੱਦ ਨਹੀਂ ਕੀਤਾ ਜਾਂਦਾ ਤਾਂ ਯੂਨੀਅਨ ਵੱਲੋਂ 24 ਸਤੰਬਰ ਨੂੰ ਦੋ ਘੰਟੇ ਬੱਸ ਸਟੈਂਡ ਬੰਦ ਕੀਤਾ ਜਾਵੇਗਾ। ਇਸ ਤੋਂ ਬਾਅਦ ਜੇਕਰ ਸਰਕਾਰ ਯੂਨੀਅਨ ਦੀਆਂ ਲਟਕਦੀਆਂ ਆ ਰਹੀਆਂ ਮੰਗਾਂ ਦਾ ਹੱਲ ਨਹੀਂ ਕਰਦੀ ਤਾਂ ਵਰਕਰਾਂ ਦੀਆਂ ਛੁੱਟੀਆਂ ਲਵਾ ਕੇ 29 ਸਤੰਬਰ ਨੂੰ ਮੋਹਾਲੀ ਤੋਂ ਵਿਧਾਨ ਸਭਾ ਵੱਲ ਕੂਚ ਕੀਤਾ ਜਾਵੇਗਾ।

## ਪਟਾਕਿਆਂ ਦੇ ਆਰਜ਼ੀ ਲਾਇਸੈਂਸ ਲਈ 27 ਤੱਕ ਕੀਤਾ ਜਾ ਸਕਦੈ ਅਪਲਾਈ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਦੀ ਪਾਲਣਾ ਵਜੋਂ ਦੀਵਾਲੀ ਤੇ ਗੁਰਪੁਰਬ ਦੇ ਮੱਦੇਨਜ਼ਰ ਪਟਾਕਿਆਂ ਦੇ ਆਰਜ਼ੀ ਲਾਇਸੈਂਸ ਜਾਰੀ ਕੀਤੇ ਜਾ ਰਹੇ ਹਨ। ਲਾਇਸੈਂਸ ਲੈਣ ਦੇ ਚਾਹਵਾਨ ਵਿਅਕਤੀ ਆਪਣੇ ਬਿਨੈਪੱਤਰ 27 ਸਤੰਬਰ ਤੱਕ (ਕਿਸੇ ਵੀ ਦਫ਼ਤਰੀ ਕੰਮ ਵਾਲੇ ਦਿਨ) ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਸੇਵਾ ਕੇਂਦਰਾਂ ਵਿਖੇ 100 ਰੁਪਏ ਫੀਸ ਸਮੇਤ ਜਮ੍ਹਾਂ ਕਰਵਾ ਸਕਦੇ ਹਨ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਮੈਜਿਸਟਰੇਟ ਡਾ. ਸੋਨਾ ਥਿੰਦ ਨੇ ਦੱਸਿਆ ਕਿ ਬਿਨੈਪੱਤਰ ਦੇ ਨਾਲ ਆਧਾਰ ਕਾਰਡ, 2 ਪਾਸਪੋਰਟ ਸਾਇਜ਼ ਫੋਟੋਆਂ, ਪਟਾਕੇ ਦੀ ਵਿਕਰੀ ਲਈ ਸਬ ਡਵੀਜ਼ਨ ਦੇ ਨਾਮ ਦਾ ਵੇਰਵਾ ਅਤੇ ਹੋਰ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਵਾਉਣੇ ਜ਼ਰੂਰੀ ਹੋਣਗੇ। ਉਨ੍ਹਾਂ ਦੱਸਿਆ ਕਿ ਨਿਰਧਾਰਤ ਸਮੇਂ ਤੋਂ ਬਾਅਦ ਪ੍ਰਾਪਤ ਹੋਈਆਂ ਦਰਖਾਸਤਾਂ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ ਅਤੇ ਇੱਕ ਵਿਅਕਤੀ ਇੱਕ ਦਰਖਾਸਤ ਹੀ ਪੇਸ਼ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵਿਅਕਤੀ ਵੱਲੋਂ ਦਿੱਤੀਆਂ ਗਈਆਂ ਇੱਕ ਤੋਂ ਵੱਧ ਦਰਖਾਸਤਾਂ ਮੰਨਣਯੋਗ ਨਹੀਂ ਹੋਣਗੀਆਂ।ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਪ੍ਰਾਪਤ ਹੋਈਆਂ ਦਰਖਾਸਤਾਂ ਦੇ ਆਧਾਰ ਤੇ 9 ਅਕਤੂਬਰ ਨੂੰ ਬਾਅਦ ਦੁਪਹਿਰ 3:00 ਵਜੇ ਬੱਚਤ ਭਵਨ ਵਿਖੇ ਲਾਟਰੀ ਸਿਸਟਮ ਰਾਹੀਂ ਡਰਾਅ ਕੱਢੇ ਜਾਣਗੇ। ਉਨ੍ਹਾਂ ਦੱਸਿਆ ਕਿ ਡਰਾਅ ਨਿਕਲਣ ਵਾਲੇ ਵਿਅਕਤੀ ਨੂੰ ਹੀ ਪਟਾਕੇ ਵੇਚਣ ਦਾ ਆਰਜ਼ੀ ਲਾਇਸੈਂਸ ਜਾਰੀ ਕੀਤਾ ਜਾਵੇਗਾ ਅਤੇ ਸਬੰਧਤ ਵਿਅਕਤੀ ਪ੍ਰਸ਼ਾਸ਼ਨ ਵੱਲੋਂ ਨਿਰਧਾਰਤ ਜਗ੍ਹਾ 'ਤੇ ਹੀ ਪਟਾਕਿਆਂ ਦੀ ਵਿਕਰੀ ਕਰ ਸਕੇਗਾ।

## ਬਾਬਾ ਫ਼ਰੀਦ ਦੇ ਆਗਮਨ ਪੁਰਬ 'ਤੇ ਵਿਸ਼ਵ ਪਹਿਲਾ ਪੰਜਾਬੀ ਦਿਵਸ ਮਨਾਇਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਮੰਗਲਵਾਰ ਨੂੰ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਵਿਖੇ ਆਪਣਾ ਪੰਜਾਬ ਫਾਊਂਡੇਸ਼ਨ ਦੀ ਰਹਿਨੁਮਾਈ ਹੇਠ ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ 'ਤੇ ਪਹਿਲਾ ਵਿਸ਼ਵ ਪੰਜਾਬੀ ਦਿਵਸ ਮਨਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਦਿਵਸ ਨਾਲ ਸੰਬੰਧਤ ਵਿਦਿਆਰਥੀਆਂ ਦੇ ਕਵਿਤਾ, ਭਾਸ਼ਣ, ਪੇਂਟਿੰਗ ਆਦਿ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੇ ਬਹੁਤ ਵਧੀਆ ਤਰੀਕੇ ਨਾਲ ਸਾਰੀਆਂ ਪੇਸ਼ਕਾਰੀਆਂ ਕੀਤੀਆਂ।ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਨੂੰ ਬਾਬਾ ਫ਼ਰੀਦ ਜੀ ਦੇ ਜੀਵਨ 'ਤੇ ਚਾਨਣਾ ਪਾਉਂਦੇ ਹੋਏ ਪੰਜਾਬੀ ਭਾਸ਼ਾ ਦੀ ਲੋੜ ਅਤੇ ਮਹੱਤਵ ਬਾਰੇ ਜਾਣੂ ਕਰਵਾਇਆ ਗਿਆ।ਇਸ ਤੋਂ ਇਲਾਵਾ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਧਾਨ ਪਰਦਮਨ ਸਿੰਘ ਵਿਰਕ, ਜਨਰਲ ਸਕੱਤਰ ਡਾ. ਹਰਭਜਨ ਸਿੰਘ, ਸੀਨੀਅਰ ਵਾਈਸ-ਪ੍ਰਧਾਨ ਗੁਲਜਾਰ ਸਿੰਘ, ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਜਸਵੰਤ ਸਿੰਘ, ਸਕੂਲ ਪ੍ਰਿੰਸੀਪਲ ਸੁਨੀਤਾ ਰਾਣੀ, ਬਲਬੀਰ ਸਿੰਘ ਧਾਰੀਵਾਲ ਅਤੇ ਸਮੂਹ ਸਟਾਫ਼ ਵੱਲੋਂ ਆਪਣੇ ਵਿਚਾਰ ਸਾਂਝੇ ਕੀਤੇ ਗਏ।

## ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਤੇ ਬੀ ਪੀ ਈ ਓ ਨੇ ਸਰਹੱਦੀ ਖੇਤਰ ਦੇ ਪਿੰਡਾਂ ਦਾ ਦੌਰਾ ਕੀਤਾ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਤੀਸ਼ ਕੁਮਾਰ ਅਤੇ ਬੀ ਪੀ ਈ ਓ ਫਾਜ਼ਿਲਕਾ 2 ਪ੍ਰਮੋਦ ਕੁਮਾਰ ਨੇ ਸਤਲੁਜ ਦਰਿਆ ਦੇ ਪਾਣੀ ਦੀ ਮਾਰ ਝੱਲ ਰਹੇ ਸਰਹੱਦੀ ਖੇਤਰ ਦੇ ਪਿੰਡਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਮਹਾਤਮ ਨਗਰ , ਸਰਕਾਰੀ ਪ੍ਰਾਇਮਰੀ ਸਕੂਲ ਤੇਜਾ ਰੁਹੇਲਾ, ਸਰਕਾਰੀ ਪ੍ਰਾਇਮਰੀ ਸਕੂਲ ਦੋਨਾ ਨਾਨਕਾ, ਸਰਕਾਰੀ ਪ੍ਰਾਇਮਰੀ ਸਕੂਲ ਝੰਗੜ ਭੈਣੀ, ਸਰਕਾਰੀ ਪ੍ਰਾਇਮਰੀ ਸਕੂਲ ਰੇਤੇ ਵਾਲੀ ਭੈਣੀ, ਸਰਕਾਰੀ ਪ੍ਰਾਇਮਰੀ ਸਕੂਲ ਗੱਟੀ ਨੰਬਰ 1, ਸਰਕਾਰੀ ਪ੍ਰਾਇਮਰੀ ਸਕੂਲ ਗੁਲਾਬਾ ਭੈਣੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਢਾਣੀ ਸੱਦਾ ਸਿੰਘ ਦਾ ਦੌਰਾ ਕੀਤਾ ਤੇ ਸਥਿਤੀ ਦਾ ਜਾਇਜ਼ਾ ਲਿਆ।ਉਹਨਾਂ ਦੱਸਿਆ ਕਿ ਡੀ ਸੀ ਫਾਜ਼ਿਲਕਾ ਅਮਰਪ੍ਰੀਤ ਕੌਰ ਸੰਧੂ ਦੇ ਹੁਕਮਾਂ 'ਤੇ ਇਹਨਾਂ ਸਕੂਲਾਂ ਨੂੰ ਹੜ੍ਹਾਂ ਦੇ ਮੱਦੇਨਜ਼ਰ ਬੰਦ ਕੀਤਾ ਗਿਆ ਸੀ।ਹੁਣ ਪਾਣੀ ਉਤਰਨ 'ਤੇ ਡੀ ਸੀ ਦੇ ਹੁਕਮਾਂ 'ਤੇ ਇਹਨਾਂ ਸਕੂਲਾਂ ਨੂੰ ਫਿਰ ਤੋਂ ਖੋਲ੍ਹਣ ਲਈ ਇਹਨਾਂ ਸਕੂਲਾਂ ਦਾ ਦੌਰਾ ਕੀਤਾ ਗਿਆ ਹੈ।ਉਹਨਾਂ ਕਿਹਾ ਕਿ ਹਾਲ ਦੀ ਘੜੀ ਸਾਰੇ ਸਕੂਲ ਸੁਰੱਖਿਅਤ ਹਨ।ਸਕੂਲ ਸਟਾਫ ਵੱਲੋਂ ਸਕੂਲਾਂ ਵਿੱਚ ਹਾਜ਼ਰ ਹੋ ਕੇ ਸਕੂਲ ਪ੍ਰਬੰਧਕ ਕਮੇਟੀ ਮੈਂਬਰਾਂ ਅਤੇ ਪੰਚਾਇਤ ਦੇ ਸਹਿਯੋਗ ਨਾਲ ਸਕੂਲਾਂ ਦੀ ਸਾਫ ਸਫਾਈ ਕੀਤੀ ਜਾ ਰਹੀ ਹੈ।ਉਹਨਾਂ ਸਕੂਲਾਂ ਦੇ ਸਟਾਫ ਨੂੰ ਪੂਰੀ ਤਰ੍ਹਾਂ ਚੌਂਕਸ ਰਹਿਣ ਅਤੇ ਬਿਲਡਿੰਗਾਂ ਦੀ ਬਰੀਕੀ ਨਾਲ ਜਾਂਚ ਕਰਨ ਅਤੇ ਬਿਜਲੀ ਉਪਕਰਨਾਂ ਨੂੰ ਵੀ ਧਿਆਨ ਪੂਰਵਕ ਚੈੱਕ ਕਰਨ ਲਈ ਕਿਹਾ।ਉਹਨਾਂ ਕਿਹਾ ਕਿ ਸਕੂਲਾਂ ਦਾ ਹਰ ਕੋਨਾ ਧਿਆਨ ਪੂਰਵਕ ਚੈੱਕ ਕੀਤਾ ਜਾਵੇ।ਉਹਨਾਂ ਕਿਹਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਸਾਡੀ ਪਹਿਲੀ ਜ਼ੁੰਮੇਵਾਰੀ ਹੈ ਵਿਦਿਆਰਥੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।ਉਹਨਾਂ ਕਿਹਾ ਕਿ ਜੇਕਰ ਸਕੂਲ ਸਟਾਫ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਪੇਸ਼ ਆਉਦੀ ਹੈ ਤਾਂ ਤੁਰੰਤ ਬਲਾਕ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ। ਉਹਨਾਂ ਨੇ ਅਧਿਆਪਕਾਂ ਨੂੰ ਸਕੂਲ ਖੁੱਲਣ ਤੇ ਪੂਰੀ ਤਨਦੇਹੀ ਨਾਲ ਵਿਦਿਆਰਥੀਆਂ ਨੂੰ ਪੜ੍ਹਾਈ ਕਰਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਜੇਈ ਸੁਰੇਸ਼ ਕੁਮਾਰ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

## ਐੱਮ ਏ ਐੱਮ ਪਬਲਿਕ ਸਕੂਲ ਨੇ ਮਨਾਇਆ ਵਿਸ਼ਵ ਪੰਜਾਬੀ ਦਿਵਸ



**ਸਮਰਾਲਾ (ਸੁਰਜੀਤ ਸਿੰਘ)**-ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਦੇ ਸੱਦੇ 'ਤੇ ਮੈਕਸ ਆਰਥਰ ਮੈਕਲਿਫ ਪਬਲਿਕ ਸਕੂਲ ਵੱਲੋਂ ਵਿਸ਼ਵ ਪੰਜਾਬੀ ਦਿਵਸ ਮਨਾ ਕੇ ਇੱਕ ਨਵਾਂ ਇਤਿਹਾਸ ਸਿਰਜਿਆ ਗਿਆ।ਇਸ ਮੌਕੇ ਪ੍ਰਾਰਥਨਾ ਸਭਾ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਵਿਚਾਰ ਸਾਂਝੇ ਕੀਤੇ ਗਏ। ਵਿਦਿਆਰਥੀਆਂ ਨੇ ਵੱਖ ਵੱਖ ਗਤੀਵਿਧੀਆ 'ਚ ਭਾਗ ਲਿਆ।ਪਹਿਲੀ ਤੋਂ ਦੂਜੀ ਜਮਾਤ ਨੇ ਸ਼ਬਦ-ਜੋੜ, ਤੀਜੀ ਤੋਂ ਪੰਜਵੀਂ ਸੁੰਦਰ ਸੁਲੇਖ,ਛੇਵੀਂ ਤੋਂ ਅੱਠਵੀਂ ਕਵਿਤਾ ਉਚਾਰਨ, ਕਾਵਿ ਲੇਖਣ, ਨਿਬੰਧ ਲੇਖਣ, ਕਹਾਣੀ ਰਚਨਾ, ਭਾਸ਼ਣ ਮੁਕਾਬਲਾ, ਨੌਵੀਂ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਮੁਕਾਬਲਾ, ਪੋਸਟਰ ਮੁਕਾਬਲਾ, ਪੰਜਾਬੀ ਭਾਸ਼ਾ ਵਿੱਚ ਨਾਅਰਾ ਲਿਖਣਾ ਮੁਕਾਬਲੇ ਵਿੱਚ ਹਿੱਸਾ ਲਿਆ।ਸਕੂਲ ਦੇ ਵਿਦਿਆਰਥੀ ਪੰਜਾਬੀ ਪਹਿਰਾਵੇ ਵਿੱਚ ਆਏ ਅਤੇ ਸਾਰਾ ਦਿਨ ਨਿਰੋਲ ਪੰਜਾਬੀ ਭਾਸ਼ਾ ਵਿੱਚ ਗੱਲਬਾਤ ਕੀਤੀ।ਸਕੂਲ ਪ੍ਰਿੰਸੀਪਲ ਡਾ. ਮੋਨਿਕਾ ਨੇ ਦੱਸਿਆ ਕਿ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਇਹ ਇੱਕ ਨਵਾਂ ਆਰੰਭ ਹੋਇਆ ਹੈ ।ਇਸ ਵਿਸ਼ੇਸ਼ ਮੌਕੇ ਸਕੂਲ ਪ੍ਰੈਜ਼ੀਡੈਂਟ ਅਨਿਲ ਕੁਮਾਰ, ਸਕੂਲ ਪ੍ਰਿੰਸੀਪਲ ਡਾ. ਮੋਨਿਕਾ, ਰਮਨਦੀਪ ਸਿੰਘ, ਗੁਰਪ੍ਰੀਤ ਸਿੰਘ ਘਲੋਟੀ ਵੀ ਮੌਜੂਦ ਸਨ।ਉਹਨਾ ਸਮੂਹ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਵਿਸ਼ਵ ਪੰਜਾਬੀ ਦਿਵਸ ਦੀ ਵਧਾਈ ਦਿੱਤੀ।ਅਤੇ ਇਸ ਗੌਰਵਮਈ ਵਿਰਸੇ ਨੂੰ ਸੰਭਾਲਣ ਲਈ ਪ੍ਰੇਰਿਤ ਕੀਤਾ।

## ਪਰਾਲੀ ਨਾ ਸਾੜਨ ਸੰਬੰਧੀ ਜਾਗਰੂਕਤਾ ਵੈਨ ਨੂੰ ਹਰੀ ਝੰਡੀ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਮੁੱਖ ਖੇਤੀਬਾੜੀ ਅਫ਼ਸਰ ਫਿਰੋਜ਼ਪੁਰ ਦੀ ਯੋਗ ਅਗਵਾਈ ਹੇਠ ਝੋਨੇ ਦੀ ਵਾਢੀ ਦੌਰਾਨ ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਲਈ ਬਲਾਕ ਗੁਰੂਹਰਸਾਹਏ ਦੇ ਪਿੰਡਾਂ ਵਿੱਚ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੇ ਸਬੰਧ ਵਿੱਚ ਜਾਗਰੂਕਤਾ ਵੈਨ ਨੂੰ ਤਹਿਸੀਲਦਾਰ ਗੁਰੂਹਰਸਹਾਏ ਬੀਰ ਕਰਨ ਸਿੰਘ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਇਸ ਮੌਕੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਲਾਕ ਗੁਰੂਹਰਸਹਾਏ ਦੇ ਖੇਤੀਬਾੜੀ ਵਿਕਾਸ ਅਫਸਰ ਅਮਨਦੀਪ ਸਿੰਘ ਸੰਧੂ ਤੇ ਅਮਨਦੀਪ ਸਿੰਘ ਕੰਬੋਜ ਵੀ ਹਾਜ਼ਰ ਸਨ।ਇਸ ਮੌਕੇ ਬੀਰ ਕਰਨ ਸਿੰਘ ਨੇ ਦੱਸਿਆ ਕਿ ਇਸ ਜਾਗਰੂਕਤਾ ਵੈਨ ਨਾਲ ਖੇਤੀਬਾੜੀ ਵਿਭਾਗ ਦੇ ਕਰਮਚਾਰੀਆਂ ਦੀ ਟੀਮ ਦੀਆਂ ਡਿਊਟੀਆਂ ਲੱਗ ਚੁੱਕੀਆਂ ਹਨ ਜੋ ਕਿ ਹਰ ਪਿੰਡ ਵਿੱਚ ਜਾ ਕੇ ਕਿਸਾਨਾਂ ਨੂੰ ਵੈਨ ਤੇ ਲੱਗੇ ਸਪੀਕਰ ਰਾਹੀਂ ਪਰਾਲੀ ਨਾ ਸਾੜਨ ਦੇ ਸਬੰਧ ਵਿੱਚ ਅਪੀਲ ਕਰਨਗੇ ਅਤੇ ਨਾਲ ਹੀ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਨਿਪਟਾਰਾ ਕਰਨ ਦੇ ਫਾਇਦੇ ਵੀ ਦੱਸੇ ਜਾਣਗੇ। ਇਹ ਜਾਗਰੂਕਤਾ ਵੈਨ ਕਣਕ ਦੀ ਬਜਾਈ ਸ਼ੁਰੂ ਹੋਣ ਤੋਂ ਪਹਿਲਾਂ ਤੱਕ ਬਲਾਕ ਗੁਰੂਹਰਸਹਾਏ ਤੇ ਮਮਦੋਟ ਦੇ ਸਾਰੇ ਪਿੰਡਾਂ ਦੇ ਵਿੱਚ ਚੱਕਰ ਲਾਵੇਗੀ।

## ਵਿਧਾਇਕ ਸੇਖੋਂ ਨੇ ਨਵੇਂ ਪੁਲਾਂ ਦਾ ਪੰਜ ਪਿਆਰਿਆਂ ਤੋਂ ਕਰਵਾਇਆ ਉਦਘਾਟਨ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਬਾਬਾ ਸ਼ੇਖ ਫ਼ਰੀਦ ਜੀ ਦੇ ਆਗਮਨ ਪੁਰਬ 'ਤੇ ਨਗਰ ਕੀਰਤਨ ਦੌਰਾਨ ਕੋਟਕਪੂਰਾ ਰੋਡ ਵਾਲੀਆਂ ਨਹਿਰਾਂ 'ਤੇ ਬਣੇ ਨਵੇਂ ਪੁਲਾਂ ਦਾ ਉਦਘਾਟਨ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਪੰਜ ਪਿਆਰਿਆਂ ਤੋਂ ਕਰਵਾਇਆ ਅਤੇ ਕਿਹਾ ਕਿ ਅੱਜ ਦਾ ਦਿਨ ਬਹੁਤ ਹੀ ਭਾਗਾਂ ਵਾਲਾ ਦਿਨ ਹੈ, ਲੋਕਾਂ ਦਾ ਪ੍ਰਾਜੈਕਟ ਲੋਕਾਂ ਨੂੰ ਲੋਕ ਅਰਪਣ ਕਰਕੇ ਗੁਰੂ ਸਾਹਿਬ ਦਾ ਆਸ਼ੀਰਵਾਦ ਵੀ ਪ੍ਰਾਪਤ ਕਰ ਰਹੇ ਹਾਂ।ਉਨ੍ਹਾਂ ਲੋਕਾਂ ਨੂੰ ਬਾਬਾ ਸ਼ੇਖ ਫਰੀਦ ਆਗਮਨ ਪੁਰਬ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਹਲਕੇ ਦੀ ਨੁਹਾਰ ਬਦਲਣ ਲਈ ਲਗਾਤਾਰ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਜਿਸ ਸਦਕਾ ਅੱਜ ਇਹਨਾਂ ਨਵੇਂ ਪੁਲਾਂ ਦਾ ਉਦਘਾਟਨ ਨਗਰ ਕੀਰਤਨ ਦੌਰਾਨ ਪੰਜ ਪਿਆਰਿਆਂ ਵੱਲੋਂ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਪੁਲਾਂ ਦੀ ਉਸਾਰੀ ਨਾਲ ਜਿੱਥੇ ਲੋਕਾਂ ਨੂੰ ਟ੍ਰੈਫਿਕ ਤੋਂ ਨਿਜਾਤ ਮਿਲੇਗੀ ਉਥੇ ਹੀ ਭੀੜ ਕਾਰਨ ਵਾਪਰਦੇ ਹਾਦਸਿਆਂ 'ਤੇ ਵੀ ਠੱਲ੍ਹ ਪਵੇਗੀ।ਉਨ੍ਹਾਂ ਦੱਸਿਆ ਕਿ ਫ਼ਰੀਦਕੋਟ ਸ਼ਹਿਰ ਦੇ ਇਹ ਪੁਲ ਲਗਭਗ 21 ਕਰੋੜ ਦੀ ਲਾਗਤ ਨਾਲ ਤਿਆਰ ਕੀਤੇ ਗਏ ਹਨ।ਇਸ ਉਪਰੰਤ ਵਿਧਾਇਕ ਸੇਖੋਂ ਅਤੇ ਉਨ੍ਹਾਂ ਦੀ ਧਰਮਪਤਨੀ ਬੀਬੀ ਬੇਅੰਤ ਕੌਰ ਗੁਰਦੁਆਰਾ ਗੋਦੜੀ ਸਾਹਿਬ ਵਿਖੇ ਨਤਮਸਤਕ ਹੋਏ।ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਅਮਨਦੀਪ ਸਿੰਘ ਬਾਬਾ, ਚੇਅਰਮੈਨ ਮਾਰਕੀਟ ਕਮੇਟੀ ਸਾਦਿਕ ਰਮਨਦੀਪ ਸਿੰਘ ਮੁਮਾਰਾ, ਗੁਰਪ੍ਰੀਤ ਸੱਗੂ, ਪ੍ਰੀਤਮ ਸਿੰਘ, ਸੁਰਿੰਦਰ ਸਿੰਘ ਸਾਧਾਂਵਾਲਾ, ਅਮਰਜੀਤ ਸਿੰਘ, ਸਰਬਜੀਤ ਸਿੰਘ ਬਰਾੜ, ਰਵਦੀਪ ਸਿੰਘ ਘੋਨੀਵਾਲਾ, ਗੁਰਜੰਟ ਸਿੰਘ ਚੀਮਾ, ਗੁਰਸੇਵਕ ਸਿੰਘ ਕਿਸਾਨ ਵਿੰਗ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਭਾਈ ਘਨੱਈਆ ਦੀ ਯਾਦ 'ਚ ਮਾਨਵ ਸੇਵਾ ਦਿਵਸ ਮਨਾਉਣ ਸੰਬੰਧੀ ਵਿਸ਼ੇਸ਼ ਲੈਕਚਰ ਸਮਾਗਮ ਹੋਇਆ



**ਦੋਰਾਹਾ (ਹਰਮਿੰਦਰ ਸੇਠ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਮਾਤਾ ਗੰਗਾ ਖ਼ਾਲਸਾ ਕਾਲਜ, ਮੰਜੀ ਸਾਹਿਬ ਕੋਟਾਂ ਵਿਖੇ ਐੱਨ. ਐੱਸ. ਐੱਸ. ਅਤੇ ਰੈੱਡ ਰਿਬਨ ਕਲੱਬ ਵੱਲੋਂ ਭਾਈ ਕਨ੍ਹੱਈਆ ਦੀ ਯਾਦ ਵਿੱਚ ਮਾਨਵ ਸੇਵਾ ਦਿਵਸ ਮਨਾਉਣ ਲਈ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਵਿਦਿਆਰਥੀਆਂ ਦੇ ਭਾਈ ਕਨ੍ਹੱਈਆ ਦੇ ਜੀਵਨ, ਮਾਨਵਤਾ ਦੀ ਭਲਾਈ ਲਈ ਉਹਨਾਂ ਦਾ ਯੋਗਦਾਨ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਆਦਿ ਵਿਸ਼ਿਆਂ ਉਪਰ ਲੈਕਚਰ ਕਰਵਾਏ ਗਏ, ਜਿਸ ਵਿੱਚ ਵਿਦਿਆਰਥਣਾਂ ਸੋਨਪ੍ਰੀਤ ਕੌਰ, ਖੁਸ਼ਦੀਪ ਕੌਰ ਤੇ ਸ਼ਵੇਤਾ ਨੇ ਭਾਗ ਲਿਆ।ਇਸ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਡਾ. ਮੰਜੂ ਸੱਦੀ (ਇੰਚਾਰਜ ਐੱਨ. ਐੱਸ. ਐੱਸ.) ਨੇ ਵਿਦਿਆਰਥੀਆਂ ਨੂੰ ਭਾਈ ਕਨ੍ਹੱਈਆ ਜੀ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਉਹਨਾਂ ਦੁਆਰਾ ਮਾਨਵਤਾ ਦੀ ਭਲਾਈ ਲਈ ਕੀਤੇ ਕੰਮਾਂ ਬਾਰੇ ਦੱਸਿਆ ਅਤੇ ਵੱਧ ਰਹੇ ਨਸ਼ਿਆਂ ਉੱਤੇ ਠੱਲ੍ਹ ਪਾਉਣ ਬਾਰੇ ਵਿਚਾਰ ਸਾਂਝੇ ਕੀਤੇ।ਉਪਰੰਤ ਡਾ. ਰੂਪਾ ਕੌਰ (ਪੰਜਾਬੀ ਵਿਭਾਗ) ਨੇ ਵਿਦਿਆਰਥੀਆਂ ਨੂੰ ਚੰਗੇ ਗੁਣਾਂ ਦੀ ਪਛਾਣ ਕਰਨ ਬਾਰੇ ਸਮਝਾਉਂਦਿਆਂ ਸੂਰਤ ਦੀ ਬਜਾਏ ਸੀਰਤ ਨੂੰ ਭਾਵ ਆਪਣੇ ਅੰਦਰੂਨੀ ਗੁਣਾਂ ਦੀ ਪਛਾਣ ਕਰਨ ਨੂੰ ਤਰਜੀਹ ਦੇਣ ਬਾਰੇ ਦੱਸਿਆ ਤੇ ਵਿਦਿਆਰਥੀਆਂ ਨੂੰ ਸਮਾਜ ਭਲਾਈ ਦੇ ਕਾਰਜਾਂ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਲਈ ਕਿਹਾ।ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਭਾਈ ਕਨ੍ਹੱਈਆ ਦੇ ਜੀਵਨ ਬਾਰੇ ਦੱਸਦਿਆਂ ਵਿਦਿਆਰਥੀਆਂ ਨੂੰ ਮਾਨਵਤਾ ਦੀ ਸੇਵਾ ਲਈ ਵੱਧ ਤੋਂ ਵੱਧ ਕਾਰਜ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਚੰਗੇਰੇ ਭਵਿੱਖ ਲਈ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਮੂਹ ਸਟਾਫ਼ ਮੈਂਬਰ ਅਤੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ 'ਚ ਪ੍ਰੋਸੀਡਿੰਗਜ਼ ਬੁੱਕ ਲੋਕ ਅਰਪਣ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਵੱਲੋਂ 6ਵੇਂ ਰਾਸ਼ਟਰੀ ਇੰਟਰਡਿਸਿਪਲਿਨਰੀ ਰਿਸਰਚ ਮੀਟ 2025 ਦੀ ਪ੍ਰੋਸੀਡਿੰਗਜ਼ ਪੁਸਤਕ ਲੋਕ ਅਰਪਣ ਕੀਤੀ ਗਈ।ਇਹ ਮੀਟ ਇਸ ਸਾਲ 20-21 ਮਾਰਚ ਨੂੰ ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਗਈ ਸੀ, ਜਿਸ ਵਿੱਚ ਦੇਸ਼ ਭਰ ਤੋਂ ਵਿਦਵਾਨਾਂ ਨੇ ਹਿੱਸਾ ਲਿਆ।ਬ੍ਰਿਜਿੰਗ ਡਿਸਿਪਲਿਨਜ਼, ਸ਼ੇਪਿੰਗ ਦ ਫਿਊਚਰ: ਦ ਪਾਵਰ ਆਫ ਕਾਲਾਬਰੇਟਿਵ ਰਿਸਰਚ ਸਿਰਲੇਖ ਹੇਠ ਪ੍ਰਕਾਸ਼ਿਤ ਇਹ ਪੁਸਤਕ ਵਿਚਾਰ-ਵਟਾਂਦਰੇ ਦੌਰਾਨ ਪੇਸ਼ ਕੀਤੀਆਂ ਚੁਣੀਂਦਾ ਰਿਸਰਚ ਪੇਪਰਾਂ ਦਾ ਪੀਅਰ-ਰਿਵਿਊ ਕੀਤਾ ਹੋਇਆ ਸੰਕਲਨ ਹੈ।ਇਸ ਨੂੰ ਛੇ ਭਾਗਾਂ ਵਿੱਚ ਵੰਡਿਆ ਗਿਆ ਹੈ—ਜੈਵਿਕ, ਖੇਤੀਬਾੜੀ ਅਤੇ ਵਾਤਾਵਰਣ ਵਿਗਿਆਨ; ਫਿਜ਼ਿਓਥੈਰਪੀ ਅਤੇ ਰੀਹੈਬਿਲਿਟੇਸ਼ਨ; ਗਣਿਤ ਅਤੇ ਕੰਪਿਊਟਰ ਵਿਗਿਆਨ; ਸਮਾਜਿਕ ਵਿਗਿਆਨ ਅਤੇ ਸਿੱਖਿਆ; ਭਾਸ਼ਾਵਾਂ ਅਤੇ ਧਾਰਮਿਕ ਅਧਿਐਨ; ਵਪਾਰ, ਮੈਨੇਜਮੈਂਟ ਅਤੇ ਕਾਨੂੰਨੀ ਅਧਿਐਨ।ਇਸ ਪੁਸਤਕ ਦੇ ਸੰਪਾਦਨ ਦਾ ਕਾਰਜ ਪ੍ਰੋ. (ਡਾ.) ਨਵਦੀਪ ਕੌਰ ਅਤੇ ਡਾ. ਸੁਪਰੀਤ ਬਿੰਦਰਾ ਨੇ ਕੀਤਾ ਅਤੇ ਡਾ. ਪੰਕਜਪ੍ਰੀਤ ਸਿੰਘ ਅਤੇ ਡਾ. ਗੁਰਮਨਪ੍ਰੀਤ ਕੌਰ (ਪੀ.ਟੀ.) ਨੇ ਕੋ-ਐਡੀਟਰਾਂ ਵਜੋਂ ਸਹਿਯੋਗ ਦਿੱਤਾ।ਯੂਨੀਵਰਸਿਟੀ ਦੇ ਵਾਇਸ-ਚਾਂਸਲਰ ਡਾ. ਪਰਿਤ ਪਾਲ ਸਿੰਘ, ਡੀਨ ਅਕਾਦਮਿਕ ਮਾਮਲੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਅਤੇ ਰਜਿਸਟਰਾਰ ਪ੍ਰੋ. (ਡਾ.) ਤੇਜਬੀਰ ਸਿੰਘ ਨੇ ਪੁਸਤਕ ਦੀ ਸ਼ਾਲਾਘਾ ਕੀਤੀ।

# ਪੰਜਾਬ ਦਾ ਮਹੌਲ ਵਿਗਾੜਨ ਵਾਲੀਆਂ ਤਾਕਤਾਂ ਨੂੰ ਨੱਥ ਪਾਓ : ਸੀਟੂ



**ਸੰਗਰੂਰ (ਪ੍ਰਵੀਨ ਸਿੰਘ)**

ਸੈਂਟਰ ਆਫ ਇੰਡੀਆ ਟਰੇਡ ਯੂਨੀਅਨ ਦੇ ਸੱਦੇ ਉਪਰ ਸੰਗਰੂਰ ਵਿਖੇ ਸੀਟੂ ਦੇ ਜ਼ਿਲ੍ਹਾ ਸਕੱਤਰ ਇੰਦਰਪਾਲ ਪੁੰਨਵਾਲ ਦੀ ਅਗਵਾਈ ਵਿਚ ਇਕ ਡੈਪੂਟੇਸ਼ਨ ਡਿਪਟੀ ਕਮਿਸ਼ਨਰ ਸੰਗਰੂਰ ਰਾਹੁਲ ਚਾਬਾ ਨੂੰ ਮਿਲਿਆ ਤੇ ਮੰਗ ਪੱਤਰ ਦਿੱਤਾ । ਇਸ ਮੌਕੇ ਵਿਸ਼ੇਸੀ ਤੌਰ 'ਤੇ ਪਹੁੰਚੇ ਸੀਟੂ ਆਲ ਇੰਡੀਆ ਦੇ ਕੌਮੀ ਸਕੱਤਰ ਭੈਣ ਊਸ਼ਾ ਰਾਣੀ ਅਤੇ ਸੀਟੂ ਦੇ ਸੂਬਾਈ ਜਨਰਲ ਸਕੱਤਰ ਕਾਮਰੇਡ ਚੰਦਰ ਸ਼ੇਖਰ ਸੀਟੂ ਦੇ ਜ਼ਿਲ੍ਹਾ ਆਗੂ ਕਾਮਰੇਡ ਰਾਮ ਸਿੰਘ ਸੋਹੀਆਂ, ਕਾਮਰੇਡ ਸਤਵੀਰ ਤੁੰਗਾਂ ਤੇ ਮਨਦੀਪ ਕੁਮਾਰੀ ਨੇ ਦੇਸ਼ ਦੇ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਪੰਜਾਬ ਦੇ ਨਾਂਅ ਇਕ ਮੰਗ ਪੱਤਰ ਡਿਪਟੀ ਕਮਿਸ਼ਨਰ ਸੰਗਰੂਰ ਰਾਹੀਂ ਭੇਜ ਕੇ ਮੰਗ ਕੀਤੀ ਕਿ ਹੜ੍ਹਾਂ ਦੀ ਮਾਰ ਹੇਠ ਆਏ ਕਿਸਾਨਾਂ, ਮਜ਼ਦੂਰਾਂ ਤੇ ਛੋਟੇ ਕਾਰੋਬਾਰੀਆਂ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਵੇ ਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਲਈ 20 ਹਜ਼ਾਰ ਕਰੋੜ ਰੁਪਏ ਦੀ ਮਦਦ ਕੀਤੀ ਜਾਵੇ । ਇਸ ਮੌਕੇ ਆਗੂਆਂ ਨੇ ਪੰਜਾਬ ਸਰਕਾਰ ਨੂੰ ਵੀ ਕਿਹਾ ਕਿ ਜੋ 12 ਹਜ਼ਾਰ ਕਰੋੜ ਰੁਪਏ ਆਫਤਾਂ ਵਾਸਤੇ ਰੱਖਿਆ ਸੀ ਉਹ ਦਿੱਤਾ ਜਾਵੇ । ਇਸ ਦੇ ਨਾਲ ਹੀ ਮੰਗ ਕੀਤੀ ਕਿ ਹੜ੍ਹਾਂ ਮਾਰੇ ਇਲਾਕੇ ਵਿੱਚ ਜੋ ਵੀ ਉਸਾਰੀ ਦਾ ਕੰਮ ਕੀਤਾ ਜਾਣਾ ਹੈ ਤੇ ਇਨ੍ਹਾਂ ਇਲਾਕਿਆਂ ਵਿੱਚ ਜੋ ਸਫਾਈ ਦਾ ਕੰਮ ਕੀਤਾ ਜਾਣਾ ਹੈ ਉਹ ਸਭ ਮਨਰੇਗਾ ਮਜ਼ਦੂਰਾਂ ਤੋਂ ਕਰਵਾਇਆ ਜਾਵੇ , ਜਿਸ ਨਾਲ ਮਨਰੇਗਾ ਮਜ਼ਦੂਰਾਂ ਨੂੰ ਰੁਜ਼ਗਾਰ ਵੀ ਮਿਲੇਗਾ ਤੇ ਇਲਾਕੇ ਦੇ ਵਿਕਾਸ ਦਾ ਕੰਮ ਵੀ ਜਲਦੀ ਹੋਵੇਗਾ । ਇਸ ਮੌਕੇ ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਹੁਸ਼ਿਆਰਪੁਰ ਵਿਖੇ ਜੋ ਨਾਬਾਲਗ ਬੱਚੇ ਨਾਲ ਘਟਨਾ ਵਾਪਰੀ ਹੈ ਉਸ ਦੇ ਦੋਸ਼ੀਆਂ ਨੂੰ ਸਖਤ ਸਜ਼ਾ ਦਿੱਤੀ ਜਾਵੇ ਤੇ ਇਸ ਦੀ ਆੜ ਵਿੱਚ ਕੁੱਝ ਫਿਰਕੂ ਲੋਕਾਂ ਵਲੋਂ ਪੰਜਾਬ ਦਾ ਮਹੌਲ ਵਿਗਾੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਇਸ ਵੱਲ ਪੰਜਾਬ ਸਰਕਾਰ ਗੰਭੀਰਤਾ ਨਾਲ ਧਿਆਨ ਦੇਵੇ ਤੇ ਪੰਜਾਬ ਦਾ ਮਹੌਲ ਖਰਾਬ ਕਰਨ ਵਾਲੀਆਂ ਤਾਕਤਾਂ ਖਿਲਾਫ਼ ਸਖਤੀ ਨਾਲ ਪੇਸ਼ ਆਵੇ । ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਪਾਲ ਕੌਰ, ਕੁਲਵਿੰਦਰ ਕੌਰ ਤੇ ਬਬੀਤਾ ਰਾਣੀ ਵੀ ਹਾਜ਼ਰ ਸਨ ।

## ਖੁਸ਼ਬੂ ਸਵਨਾ ਨੇ ਔਰਤਾਂ ਦੀ ਸੁਰੱਖਿਅਤਾ ਹਿੱਤ ਪ੍ਰੋਗਰਾਮ 'ਚ ਕੀਤੀ ਸ਼ਿਰਕਤ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਔਰਤਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਕਾਇਮ ਰੱਖਣ ਲਈ ਪਿੰਡ ਓਝਾਂ ਵਾਲੀ ਦੇ ਆਂਗਣਵਾੜੀ ਸੈਂਟਰ ਵਿਖੇ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਦੀ ਸ਼ੁਰੂਆਤ ਕਰਵਾਈ ਗਈ ਜਿਸ ਵਿਚ ਮੁੱਖ ਮਹਿਮਾਨ ਵਜੋਂ ਮੈਡਮ ਖੁਸ਼ਬੂ ਸਵਨਾ ਨੇ ਪਹੁੰਚ ਕੇ ਔਰਤਾਂ ਨੂੰ ਸੈਨੇਟਰੀ ਪੈਡਸ ਦੀ ਵੰਡ ਕੀਤੀ। ਇਸ ਮੌਕੇ ਉਨ੍ਹਾਂ ਨਾਲ ਸੀ.ਡੀ.ਪੀ.ਓ ਨਵਦੀਪ ਭੰਡਾਰੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਮੈਡਮ ਸਵਨਾ ਨੇ ਔਰਤਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਮਹਿਲਾਵਾਂ ਸਾਰਾ ਘਰ ਪਰਵਾਰ ਸਾਂਭਦੀਆਂ ਹਨ, ਇਸ ਕਰਕੇ ਔਰਤਾਂ ਦੀ ਸਿਹਤ ਅਤੇ ਸੁਰੱਖਿਆ ਲਾਜਮੀ ਹੈ। ਉਨ੍ਹਾਂ ਕਿਹਾ ਕਿ ਆਪਣੇ ਆਪ ਨੂੰ ਸਰੀਰਿਕ ਪੱਖੋਂ ਸਾਫ-ਸੁਥਰਾ ਰੱਖਣ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਮਹਿਲਾਵਾਂ ਨੂੰ ਸੈਨੇਟਰੀ ਪੈਡ ਦੀ ਵਰਤੋਂ ਲਾਜ਼ਮੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਮਾਂ, ਪਤਨੀ, ਭੈਣ ਸਿਹਤ ਪੱਖੋਂ ਤੰਦਰੁਸਤ ਰਹੇਗੀ ਤਾਂ ਹੀ ਉਹ ਆਪਣੇ ਪਰਵਾਰ ਦੀ ਬਿਹਤਰ ਤਰੀਕੇ ਨਾਲ ਸੰਭਾਲ ਕਰ ਸਕੇਗੀ।

## ਅੰਗਰੇਜ਼ ਸਿੰਘ ਗੌਰਮਿੰਟ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਕਨਵੀਨਰ ਬਣੇ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਗੌਰਮਿੰਟ ਪੈਨਸ਼ਨਰ ਯੂਨੀਅਨ ਪੰਜਾਬ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਮੀਟਿੰਗ ਇੱਥੇ ਵਾਟਰ ਸਪਲਾਈ ਕੰਪਲੈਕਸ ਵਿਖੇ 22 ਸਤੰਬਰ ਨੂੰ ਸਾਥੀ ਵੀਰ ਚੰਦ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਗੌਰਮਿੰਟ ਪੈਨਸ਼ਨਰ ਯੂਨੀਅਨ ਪੰਜਾਬ ਦੀ ਮੈਂਬਰਸ਼ਿਪ ਕਰਨ ਦੇ ਕੰਮ ਵਿੱਚ ਤੇਜ਼ੀ ਲਿਆਉਣ ਸਬੰਧੀ ਫੈਸਲਾ ਕੀਤਾ ਗਿਆ। ਮੀਟਿੰਗ ਨੂੰ ਸਾਥੀ ਹਰਭਜਨ ਸਿੰਘ ਖੁੰਗਰ ਐਕਟਿੰਗ ਸੂਬਾ ਜਨਰਲ ਸੈਕਟਰੀ ਗੌਰਮਿੰਟ ਪੈਨਸ਼ਨ ਯੂਨੀਅਨ ਪੰਜਾਬ ਨੇ ਸੰਬੋਧਨ ਕੀਤਾ। ਸਾਥੀ ਖੁੰਗਰ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਪੰਜਾਬ ਦੇ 3 ਲੱਖ ਪੈਨਸ਼ਨਰ ਤੋਂ ਛੇਵਾਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਤੋਂ ਟਾਲਮਟੋਲ ਕਰ ਰਹੀ ਹੈ ਤੇ 13% ਡੀ ਏ ਰਿਲੀਜ਼ ਨਹੀਂ ਕਰ ਰਹੀ। ਸਰਕਾਰ ਵਿਰੁੱਧ ਘੋਲ ਹੋਰ ਤਿੱਖਾ ਕਰਨ ਲਈ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਮੀਟਿੰਗ 'ਚ ਸਾਥੀ ਪਰਗਟ ਸਿੰਘ ਜੰਬਰ ਸਿੰਘ, ਸੁਖਵਿੰਦਰ ਸਿੰਘ ਦੋਦਾ, ਗੁਰਪ੍ਰੀਤ ਸਿੰਘ ਸੰਧੂ, ਜਨਰਲ ਸੈਕਟਰੀ ਜੀਟੀਯੂ ਵਿਗਿਆਨਕ ਸਾਥੀ ਅੰਗਰੇਜ਼ ਸਿੰਘ ਪੈਨਸ਼ਨਰ ਆਗੂ, ਸਾਥੀ ਸੁਰਿੰਦਰ ਬਾਗ਼ਾਂ ਹਾਜ਼ਰ ਸਨ ਮੀਟਿੰਗ ਵਿੱਚ ਸਰਬ ਸੰਮਤੀ ਨਾਲ ਗੌਰਮੈਂਟ ਪੈਨਸ਼ਨਰ ਯੂਨੀਅਨ ਪੰਜਾਬ ਸ੍ਰੀ ਮੁਕਤਸਰ ਸਾਹਿਬ ਤੋਂ ਸਾਥੀ ਅੰਗਰੇਜ਼ ਸਿੰਘ ਨੂੰ ਜ਼ਿਲ੍ਹੇ ਦਾ ਨਵੀਆਂ ਚੋਣਾਂ ਕਰਾਉਣ ਤੋਂ ਬਾਅਦ ਮੈਂਬਰਸ਼ਿਪ ਕਰਨ ਲਈ ਸਾਥੀ ਗੌਰਮਿਟ ਪੈਨਸ਼ਨਰ ਯੂਨੀਅਨ ਪੰਜਾਬ ਦਾ ਐਡਹਾਕ ਕਨਵੀਨਰ ਚੁਣਿਆ ਗਿਆ।ਮੀਟਿੰਗ ਨੂੰ ਸੁਰਿੰਦਰ ਕੁਮਾਰ ਬਾਂਗਾ ਨੇ ਵੀ ਸੰਬੋਧਨ ਕੀਤਾ।

## ਮੱਖਣ ਬਰਾੜ ਦੀ ਅਗਵਾਈ ਹੇਠ ਹੜ੍ਹ ਪ੍ਰਭਾਵਤ ਪਿੰਡਾਂ 'ਚ ਕਈ ਟਰੱਕ ਰਾਸ਼ਨ ਤੇ ਚਾਰਾ ਪਹੁੰਚਾਇਆ

**ਮੋਗਾ (ਇਕਬਾਲ ਸਿੰਘ ਖਹਿਰਾ)**-ਹਲਕਾ ਧਰਮਕੋਟ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪਹਿਲੇ ਹੀ ਦਿਨ ਤੋਂ ਲਗਾਤਾਰ ਸੇਵਾ ਕਾਰਜ ਬਰਜਿੰਦਰ ਸਿੰਘ ਮੱਖਣ ਬਰਾੜ (ਸਾਬਕਾ ਚੇਅਰਮੈਨ ਅਤੇ ਸੀਨੀਅਰ ਅਕਾਲੀ ਆਗੂ) ਦੀ ਅਗਵਾਈ ਹੇਠ ਚੱਲ ਰਹੇ ਹਨ। ਹੜ੍ਹ ਕਾਰਨ ਪ੍ਰਭਾਵਿਤ ਪਰਵਾਰਾਂ ਅਤੇ ਪਸ਼ੂਆਂ ਨੂੰ ਰਾਹਤ ਮਿਲੇ, ਇਸ ਲਈ ਮੱਖਣ ਬਰਾੜ ਦੀ ਟੀਮ ਹਰ ਪਿੰਡ ਵਿੱਚ ਨਿਰੰਤਰ ਪਹੁੰਚ ਰਹੀ ਹੈ। ਹੁਣ ਤੱਕ ਕਈ ਟਰੱਕ ਰਾਸ਼ਨ ਅਤੇ ਪਸ਼ੂਆਂ ਦੇ ਚਾਰੇ ਦੇ ਵੰਡੇ ਜਾ ਚੁੱਕੇ ਹਨ।ਇਸ ਸੇਵਾ ਮੁਹਿੰਮ ਦੌਰਾਨ ਸ੍ਰੀ ਮੱਖਣ ਬਰਾੜ ਦੀ ਟੀਮ ਦੇ ਮੈਂਬਰ ਇਕਬਾਲਦੀਪ ਸਿੰਘ ਹੈਰੀ ਵੱਲੋਂ ਰੋਜ਼ਾਨਾ ਹੜ੍ਹ ਪ੍ਰਭਾਵਤ ਪਿੰਡਾਂ ਦਾ ਦੌਰਾ ਕਰਦੇ ਹੋਏ ਲੋਕਾਂ ਦੀਆਂ ਲੋੜਾਂ ਅਨੁਸਾਰ ਸਮੱਗਰੀ ਵੰਡਣ ਦਾ ਕੰਮ ਕੀਤਾ ਜਾ ਰਿਹਾ ਹੈ। ਜਿੱਥੇ ਪਰਵਾਰਾਂ ਨੂੰ ਆਟਾ, ਦਾਲਾਂ, ਚੀਨੀ, ਚਾਹ ਪੱਤੀ, ਸਾਫ਼ ਪਾਣੀ ਅਤੇ ਹੋਰ ਜ਼ਰੂਰੀ ਸਮੱਗਰੀ ਦਿੱਤੀ ਜਾ ਰਹੀ ਹੈ, ਉੱਥੇ ਪਸ਼ੂਆਂ ਲਈ ਫ਼ੀਡ ਅਤੇ ਚਾਰੇ ਦੀ ਵੀ ਵੱਡੇ ਪੱਧਰ 'ਤੇ ਸਪਲਾਈ ਕੀਤੀ ਜਾ ਰਹੀ ਹੈ। ਮੱਖਣ ਬਰਾੜ ਨੇ ਕਿਹਾ ਕਿ ਹੜ੍ਹ ਕਾਰਨ ਲੋਕਾਂ ਦੇ ਘਰਾਂ ਅਤੇ ਖੇਤਾਂ ਨੂੰ ਭਾਰੀ ਨੁਕਸਾਨ ਹੋਇਆ ਹੈ।


# ਪੰਜਾਬ ਸਿੱਖਿਆ ਬੋਰਡ ਪ੍ਰੀਖਿਆ ਫੀਸ ਸਮੇਤ ਪੂਰੇ ਸੈਸ਼ਨ ਦੀ ਫੀਸ ਮੁਆਫ਼ ਕਰੇ : ਤਰਕਸ਼ੀਲ ਸੁਸਾਇਟੀ



**ਬਰਨਾਲਾ (ਰਾਜਿੰਦਰ ਬਰਾੜ)**-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਨੂੰ ਮਿਲ ਕੇ ਜ਼ੋਰਦਾਰ ਮੰਗ ਕੀਤੀ ਜਾਵੇਗੀ ਕਿ ਹੜ੍ਹਾਂ ਦੌਰਾਨ ਵਿਦਿਆਰਥੀਆਂ, ਮਾਪਿਆਂ ਅਤੇ ਸਕੂਲਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਵਿਦਿਆਰਥੀਆਂ ਦੀ ਪ੍ਰੀਖਿਆ ਫੀਸ ਸਮੇਤ 2025-2026 ਦੇ ਪੂਰੇ ਸੈਸ਼ਨ ਦੀ ਫੀਸ ਮੁਆਫ਼ ਕੀਤੀ ਜਾਵੇ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਪਾਠ ਪੁਸਤਕਾਂ ਅਤੇ ਸਟੇਸ਼ਨਰੀ ਮੁੱਹਈਆ ਕਰਵਾਈ ਜਾਵੇ।ਇਸ ਸੰਬੰਧੀ ਸੂਬਾ ਵਰਕਿੰਗ ਕਮੇਟੀ ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਰਾਜੇਸ਼ ਅਕਲੀਆ, ਰਾਜਪਾਲ ਬਠਿੰਡਾ, ਗੁਰਪ੍ਰੀਤ ਸ਼ਹਿਣਾ ਅਤੇ ਸੁਮੀਤ ਅੰਮ੍ਰਿਤਸਰ ਨੇ ਦੱਸਿਆ ਕਿ ਇਸ ਸੰਬੰਧੀ ਤਰਕਸ਼ੀਲ ਸੁਸਾਇਟੀ ਦੇ ਵਫਦ ਵੱਲੋਂ ਬਹੁਤ ਜਲਦ ਸਿੱਖਿਆ ਬੋਰਡ ਦੇ ਚੇਅਰਮੈਨ ਨੂੰ ਮਿਲ ਕੇ ਮੰਗ ਪੱਤਰ ਸੌਂਪਿਆ ਜਾਵੇਗਾ।ਇਸ ਦੇ ਨਾਲ ਹੀ ਪੰਜਾਬ ਦੇ ਮੁੱਖ ਮੰਤਰੀ ਨੂੰ ਹੜ੍ਹਾਂ ਦੀ ਤਬਾਹੀ ਤੋਂ ਪ੍ਰਭਾਵਿਤ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਰਾਹੀਂ ਮੰਗ ਪੱਤਰ ਦੇ ਕੇ ਵਿਦਿਆਰਥੀਆਂ ਦੀਆਂ ਫੀਸਾਂ ਮੁਆਫ਼ ਕਰਨ ਅਤੇ ਵੱਡੇ ਪੱਧਰ 'ਤੇ ਹੋਏ ਜਾਨੀ ਅਤੇ ਮਾਲੀ ਨੁਕਸਾਨ ਤੋਂ ਪੀੜ੍ਹਤ ਖੇਤ ਮਜ਼ਦੂਰਾਂ,ਕਿਸਾਨਾਂ, ਦਲਿਤਾਂ, ਬੇਜ਼ਮੀਨਿਆਂ ਅਤੇ ਗਰੀਬ ਵਰਗਾਂ ਦੇ ਲੋਕਾਂ ਨੂੰ ਜਲਦ ਤੋਂ ਜਲਦ ਯੋਗ ਮੁਆਵਜ਼ਾ ਦੇਣ ਅਤੇ ਮੁੜ ਵਸੇਬਾ ਕਰਨ ਦੀ ਮੰਗ ਕੀਤੀ ਜਾਵੇਗੀ।

ਇਸ ਮੌਕੇ ਸੂਬਾ ਕਮੇਟੀ ਆਗੂਆਂ ਰਾਮ ਸਵਰਨ ਲੱਖੇਵਾਲੀ, ਸੁਖਵਿੰਦਰ ਬਾਗਪੁਰ, ਜਸਵਿੰਦਰ ਫਗਵਾੜਾ, ਜਸਵੰਤ ਮੁਹਾਲੀ, ਸੁਰਜੀਤ ਟਿੱਬਾ, ਮੋਹਨ ਬਡਲਾ ਅਤੇ ਕੁਲਜੀਤ ਡੰਗਰਖੇੜਾ ਨੇ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਵੱਲੋਂ ਸੂਬਾਈ ਪੱਧਰ 'ਤੇ ਇਕੱਠੀ ਕੀਤੀ ਜਾ ਰਹੀ ਵਿੱਤੀ ਸਹਾਇਤਾ ਨਾਲ ਪੰਜਾਬ ਦੇ ਵੱਖ ਵੱਖ ਇਲਾਕਿਆਂ ਦੇ ਹੜ੍ਹ ਪੀੜਤ ਵਿਦਿਆਰਥੀਆਂ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ 10 ਲੱਖ ਰੁਪਏ ਦੀਆਂ ਸਟੇਸ਼ਨਰੀ ਕਿੱਟਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਮੌਕੇ ਹੁਸ਼ਿਆਰਪੁਰ ਵਿਖੇ ਬੱਚੇ ਦੇ ਕਾਤਲ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਜ਼ੋਰਦਾਰ ਮੰਗ ਕਰਨ ਦੇ ਇਲਾਵਾ ਪੰਜਾਬ ਸਰਕਾਰ ਤੋਂ ਪ੍ਰਵਾਸੀ ਮਜ਼ਦੂਰਾਂ ਵਿਰੁੱਧ ਫਿਰਕੂ ਹਿੰਸਕ ਹਮਲਿਆਂ ਨੂੰ ਸਖਤੀ ਨਾਲ ਰੋਕਣ ਅਤੇ ਭਾਈਚਾਰਕ ਸਾਂਝ ਮਜ਼ਬੂਤ ਕਰਨ ਦੀ ਵੀ ਜ਼ੋਰਦਾਰ ਮੰਗ ਕੀਤੀ। ਮੀਟਿੰਗ ਵਿੱਚ ਜੋਨ ਆਗੂਆਂ ਅਜੀਤ ਪਰਦੇਸੀ ਚੰਡੀਗੜ੍ਹ, ਜਸਵੰਤ ਜੀਰਖ ਲੁਧਿਆਣਾ, ਸੰਦੀਪ ਧਾਰੀਵਾਲ ਭੋਜਾਂ ਅੰਮ੍ਰਿਤਸਰ, ਮਾਸਟਰ ਜਗਦੀਸ਼ ਰਾਏਪੁਰ ਡੱਬਾ ਨਵਾਂ ਸ਼ਹਿਰ, ਸੁਖਦੇਵ ਫਗਵਾੜਾ ਜਲੰਧਰ, ਬਲਰਾਜ ਮੌੜ ਬਠਿੰਡਾ, ਪ੍ਰਵੀਨ ਜੰਡਵਾਲਾ ਫਾਜ਼ਿਲਕਾ ਅਤੇ ਅੰਮ੍ਰਿਤ ਰਿਸ਼ੀ ਮਾਨਸਾ ਤੇ ਹੋਰਨਾਂ ਨੇ ਹਿੱਸਾ ਲਿਆ।

## ਜੀ ਐਮ ਮਾਡਲ ਹਾਈ ਸਕੂਲ 'ਚ ਪੰਜਾਬੀ ਭਾਸ਼ਾ ਦਿਵਸ ਮਨਾਇਆ




**ਦਿੜ੍ਹਬਾ (ਜਸਵੀਰ ਲਾਡੀ)**-ਆਪਣਾ ਪੰਜਾਬ ਫਾਊਂਡੇਸਨ ਦੇ ਸੱਦੇ ਬਾਬਾ ਫ਼ਰੀਦ ਜੀ ਦੇ ਆਗਮਨ 'ਤੇ ਦੁਨੀਆ ਭਰ ਵਿੱਚ ਪੰਜਾਬੀ ਭਾਸ਼ਾ ਦਿਵਸ ਮਨਾਇਆ ਜਾ ਰਿਹਾ ਹੈ।ਇਸੇ ਲੜੀ ਤਹਿਤ ਜੀ.ਐਮ. ਮਾਡਲ ਹਾਈ ਸਕੂਲ ਛਾਜਲੀ ਵੱਲੋਂ ਸਕੂਲ ਵਿੱਚ ਪੰਜਾਬੀ ਭਾਸ਼ਾ ਦਿਵਸ ਮਨਾਇਆ ਗਿਆ।ਸਕੂਲ ਦੇ ਪ੍ਰਿੰਸੀਪਲ ਰਣਧੀਰ ਕੌਰ ਮਾਨ ਨੇ ਦੱਸਿਆ ਕਿ ਅੱਜ ਸਾਰੇ ਬੱਚੇ ਅਤੇ ਸਟਾਫ ਪੰਜਾਬੀ ਪਹਿਰਾਵੇ ਵਿੱਚ ਸਕੂਲ ਆਏ, ਸਾਰਾ ਦਿਨ ਸਟਾਫ ਅਤੇ ਵਿਦਿਆਰਥੀਆਂ ਨੇ ਨਿਰੋਲ ਪੰਜਾਬੀ ਭਾਸ਼ਾ ਵਿੱਚ ਗੱਲਬਾਤ ਕੀਤੀ।ਵਿਦਿਆਰਥੀਆਂ ਵੱਲੋਂ ਗੀਤ, ਕਵਿਤਾਵਾਂ, ਲੇਖ ਮੁਕਾਬਲੇ, ਅੰਗਰੇਜ਼ੀ ਤੋਂ ਪੰਜਾਬੀ ਦੇ ਅਨੁਵਾਦ ਮੁਕਾਬਲੇ, ਸਵਾਲ ਜਵਾਬ, ਪੰਜਾਬੀ ਪੋਸਟਰ ਮੁਕਾਬਲੇ, ਪੰਜਾਬੀ ਭਾਸ਼ਾ ਦੀ ਲਿਖਾਈ ਮੁਕਾਬਲੇ ਅਤੇ ਇੱਕ ਪੰਨਾ ਗੁਰਮੁੱਖੀ ਲਿੱਪੀ ੳ ਅ ਲਿਖਾਇਆ ਗਿਆ।ਸਕੂਲ ਦੇ ਐਮ.ਡੀ. ਸੁਰਿੰਦਰ ਸਿੰਘ ਮਾਨ ਨੇ ਕਿਹਾ ਕਿ ਪੰਜਾਬੀ ਦੇ ਮਹਾਨ ਕਵੀ ਬਾਬਾ ਫ਼ਰੀਦ ਜੀ ਦੇ ਆਗਮਨ ਮੌਕੇ ਸਾਨੂੰ ਸਾਰਿਆਂ ਨੂੰ ਅਹਿਦ ਕਰਨਾ ਚਾਹੀਦਾ ਹੈ ਕਿ ਹਰ ਸਾਲ ਪੰਜਾਬੀ ਦਿਵਸ ਮਨਾਉਣਾ ਚਾਹੀਦਾ ਹੈ।ਪੰਜਾਬ ਦੇ ਹਰ ਸਕੂਲ/ਕਾਲਜ ਵਿੱਚ ਹਰ ਸਾਲ 23 ਸਤੰਬਰ ਨੂੰ ਪੰਜਾਬੀ ਦਿਵਸ ਦੇ ਰੂਪ ਵਿੱਚ ਮਨਾਇਆ ਜਾਣਾ ਚਾਹੀਦਾ ਹੈ ।

## ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਅਜਨੌਦ ਦੀ ਚੋਣ



**ਦੋਰਾਹਾ (ਹਰਮਿੰਦਰ ਸੇਠ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦੋਰਾਹਾ ਦੇ ਪਿੰਡ ਅਜਨੌਦ ਦੀ ਚੋਣ ਜ਼ਿਲ੍ਹਾ ਜਨਰਲ ਸਕੱਤਰ ਸੁਦਾਗਰ ਸਿੰਘ ਘੁਡਾਣੀ ਤੇ ਹਰਜੀਤ ਸਿੰਘ ਘਲੋਟੀ ਦੀ ਦੇਖ ਰੇਖ ਹੇਠ ਗੁਰਦੁਆਰਾ ਸਾਹਿਬ ਵਿਖੇ ਹੋਈ ਜਿਸ ਵਿੱਚ ਬਲਵਿੰਦਰ ਸਿੰਘ ਪ੍ਰਧਾਨ, ਮੀਤ ਪ੍ਰਧਾਨ ਹਰਦੀਪ ਸਿੰਘ, ਸਕੱਤਰ ਬਲਜਿੰਦਰ ਸਿੰਘ, ਸਹਾਇਕ ਸਕੱਤਰ ਰਵਿੰਦਰ ਸਿੰਘ, ਖ਼ਜ਼ਾਨਚੀ ਇੰਦਰਜੀਤ ਸਿੰਘ ਤੇ ਕੁਲਵਿੰਦਰ ਸਿੰਘ, ਮੋਹਨ ਸਿੰਘ, ਮਹਿੰਦਰ ਸਿੰਘ, ਸੋਹਣ ਸਿੰਘ ਤੇ ਅਮਨਦੀਪ ਸਿੰਘ ਮੈਂਬਰ ਚੁਣੇ ਗਏ। ਇਸ ਮੌਕੇ ਆਗੂਆਂ ਕਿਹਾ ਕਿ ਹੜ੍ਹ ਪੀੜਤ ਪਰਿਵਾਰਾਂ ਲਈ ਆਪਣੇ ਵੱਲੋਂ ਵੀ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ ਤਾਂ ਜੋ ਪੀੜਤ ਪਰਿਵਾਰਾਂ ਦੀ ਮਦਦ ਕੀਤੀ ਜਾ ਸਕੇ। ਆਗੂਆਂ ਨੇ ਹੋਰ ਕਿਹਾ ਕਿ ਜੋ ਹੁਸ਼ਿਆਰਪੁਰ ਜਿਲੇ ਵਿੱਚ ਭਈਏ ਵੱਲੋਂ ਬੱਚੇ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ ਉਸ ਨੂੰ ਸਖਤ ਸਜ਼ਾ ਦਿੱਤੀ ਜਾਵੇ ਪਰ ਸਾਰੇ ਭਈਆਂ ਨੂੰ ਬਾਹਰ ਕੱਢਣ ਵਰਗੇ ਐਲਾਨ ਨਹੀਂ ਹੋਣੇ ਚਾਹੀਦੇ ਜੋ ਗਲਤ ਹਨ।

ਵੀਰਵਾਰ, 25 ਸਤੰਬਰ, 2025
10 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 115

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • THURSDAY, 25 SEPTEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in




# ਲੇਹ 'ਚ ਤਾਕਤ ਦੀ ਵਰਤੋਂ : 4 ਮੌਤਾਂ, 72 ਜ਼ਖਮੀ

## ਲੱਦਾਖ ਨੂੰ ਰਾਜ ਦਾ ਦਰਜਾ ਦਿਵਾਉਣ ਦੇ ਅੰਦੋਲਨ ਦੌਰਾਨ ਹਿੰਸਾ ਹੋਣ 'ਤੇ ਸੋਨਮ ਵਾਂਗਚੁੱਕ ਵੱਲੋਂ ਭੁੱਖ ਹੜਤਾਲ ਖਤਮ


ਸੋਨਮ ਵਾਂਗਚੁੱਕ

**ਲੇਹ :** ਕੇਂਦਰ ਸ਼ਾਸਤ ਪ੍ਰਦੇਸ਼ ਲੱਦਾਖ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੀ ਮੰਗ ਨੂੰ ਲੈ ਕੇ ਲੇਹ ਵਿੱਚ ਚੱਲ ਰਹੀ ਭੁੱਖ ਹੜਤਾਲ ਦਰਮਿਆਨ ਬੁੱਧਵਾਰ ਨੌਜਵਾਨਾਂ-ਵਿਦਿਆਰਥੀਆਂ ਤੇ ਪੁਲਸ ਵਿਚਾਲੇ ਝੜਪਾਂ 'ਚ 4 ਲੋਕਾਂ ਦੀ ਮੌਤ ਹੋ ਗਈ ਤੇ 72 ਜ਼ਖਮੀ ਹੋ ਗਏ। ਹਿੰਸਾ ਦੌਰਾਨ ਭਾਜਪਾ ਦਫਤਰ ਤੇ ਸੀ ਆਰ ਪੀ ਐੱਫ ਦੀ ਗੱਡੀ ਤੇ ਹੋਰਨਾਂ ਗੱਡੀਆਂ ਨੂੰ ਅੱਗ ਲਾ ਦਿੱਤੀ ਗਈ। ਪ੍ਰਸ਼ਾਸਨ ਨੇ ਇਸ ਤੋਂ ਬਾਅਦ ਰੈਲੀਆਂ-ਮੁਜ਼ਾਹਰਿਆਂ 'ਤੇ ਰੋਕ ਲਾ ਦਿੱਤੀ।

10 ਸਤੰਬਰ ਤੋਂ 35 ਦਿਨਾ ਭੁੱਖ ਹੜਤਾਲ 'ਤੇ ਬੈਠੇ 15 ਲੋਕਾਂ ਵਿੱਚੋਂ ਦੋ ਬਜ਼ੁਰਗਾਂ ਦੀ ਮੰਗਲਵਾਰ ਤਬੀਅਤ ਖਰਾਬ ਹੋਣ 'ਤੇ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਾਉਣ ਤੋਂ ਬਾਅਦ ਬੁੱਧਵਾਰ ਬੰਦ ਦਾ ਸੱਦਾ ਦਿੱਤਾ ਸੀ। ਸੋਸ਼ਲ ਮੀਡੀਆ ਰਾਹੀਂ ਲੋਕਾਂ ਨੂੰ ਲੇਹ ਹਿੱਲ ਕੌਂਸਲ ਦੇ ਦਫਤਰ ਅੱਗੇ ਪੁੱਜਣ ਦੀ ਅਪੀਲ ਕੀਤੀ ਗਈ। ਇਸ ਦਾ ਅਸਰ ਹੋਇਆ ਤੇ ਲੋਕ ਵੱਡੀ ਗਿਣਤੀ 'ਚ ਪੁੱਜ ਗਏ। ਪੁਲਸ ਨੇ ਕੌਂਸਲ ਦਫਤਰ ਅੱਗੇ ਬੈਰੀਕੇਡ ਲਾਏ ਹੋਏ ਸਨ। ਜਦੋਂ ਅੰਦੋਲਨਕਾਰੀ ਅੱਗੇ ਵਧੇ ਤਾਂ ਪੁਲਸ ਨੇ ਹੰਝੂ ਗੈਸ ਛੱਡੀ। ਭੀੜ ਨੇ ਪੁਲਸ ਦੀ ਗੱਡੀ ਫੂਕ ਦਿੱਤੀ ਤੇ ਭੰਨਤੋੜ ਕਰ ਦਿੱਤੀ। ਕੌਂਸਲ ਦਫਤਰ ਨੂੰ ਵੀ ਅੱਗ ਲਾ ਦਿੱਤੀ। ਪੁਲਸ ਨੇ ਅੰਦੋਲਨਕਾਰੀਆਂ 'ਤੇ ਗੋਲੀਆਂ ਚਲਾਈਆਂ। ਹਿੰਸਾ ਦੇ ਬਾਅਦ ਭੁੱਖ ਹੜਤਾਲ ਖਤਮ ਕਰਦਿਆਂ ਵਾਂਗਚੁਕ ਨੇ ਕਿਹਾ, 'ਇਹ ਲੱਦਾਖ ਲਈ ਦੁੱਖ ਦਾ ਦਿਨ ਹੈ। ਪੁਲਸ ਗੋਲੀ ਨਾਲ ਤਿੰਨ ਤੋਂ ਪੰਜ ਮੁੰਡੇ ਮਾਰੇ ਗਏ ਹਨ ਤੇ ਕਈ ਜ਼ਖਮੀ ਹੋਏ ਹਨ। ਅਸੀਂ ਪੰਜ ਸਾਲ ਤੋਂ ਅਮਨ ਦੇ ਰਾਹ 'ਤੇ ਚੱਲ ਰਹੇ ਸੀ। ਭੁੱਖ ਹੜਤਾਲ ਕੀਤੀ, ਲੇਹ ਤੋਂ ਦਿੱਲੀ ਤੱਕ ਪੈਦਲ ਚੱਲ ਕੇ ਗਏ। ਅੱਜ ਅਸੀਂ ਅਮਨ ਦੇ ਪੈਗਾਮ ਨੂੰ ਨਾਕਾਮ ਹੁੰਦੇ ਦੇਖ ਰਹੇ ਹਾਂ। ਹਿੰਸਾ, ਗੋਲੀਬਾਰੀ ਤੇ ਅਗਜ਼ਨੀ ਹੋ ਰਹੀ ਹੈ। ਮੈਂ ਲੱਦਾਖ ਦੀ ਨੌਜਵਾਨ ਪੀੜ੍ਹੀ ਨੂੰ ਅਪੀਲ ਕਰਦਾ ਹਾਂ ਕਿ ਇਸ ਬੇਵਕੂਫੀ ਨੂੰ ਬੰਦ ਕਰੇ। ਪ੍ਰਸ਼ਾਸਨ ਵੀ ਜ਼ਬਤ ਦਿਖਾਏ। ਅਸੀਂ ਆਪਣੀ ਭੁੱਖ ਹੜਤਾਲ ਖਤਮ ਕਰ ਰਹੇ ਹਾਂ, ਪ੍ਰਦਰਸ਼ਨ ਰੋਕ ਰਹੇ ਹਾਂ।'

ਵਾਂਗਚੁਕ ਨੇ ਅੱਗੇ ਕਿਹਾ, 'ਦੋਸਤੋ, ਦੋ ਭੁੱਖ ਹੜਤਾਲੀਆਂ ਨੂੰ • ਬਾਕੀ ਸਫਾ 10 'ਤੇ



# ਕੈਬਨਿਟ ਵੱਲੋਂ ਧਰਮਸੋਤ ਖ਼ਿਲਾਫ਼ ਕੇਸ ਚਲਾਉਣ ਨੂੰ ਹਰੀ ਝੰਡੀ

## ਟੈਕਸਾਂ ਦੇ ਭੁਗਤਾਨ ਲਈ ਓ ਟੀ ਐੱਸ ਸਕੀਮ ਨੂੰ ਵੀ ਪ੍ਰਵਾਨਗੀ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਬੁੱਧਵਾਰ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮ ਸੋਤ ਵਿਰੁੱਧ ਭ੍ਰਿਸ਼ਟਾਚਾਰ ਦਾ ਕੇਸ ਚਲਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਕੇਸ ਵਿਜਲੈਂਸ ਬਿਊਰੋ ਵੱਲੋਂ ਜੂਨ 2022 ਵਿੱਚ ਦਰਜ ਕੀਤਾ ਗਿਆ ਸੀ। ਪੰਜਾਬ ਮੰਤਰੀ ਮੰਡਲ ਨੇ ਇਸ ਮਾਮਲੇ ਵਿੱਚ ਅਗਲੇਰੀ ਕਾਰਵਾਈ ਚਲਾਉਣ ਦੀ ਪ੍ਰਵਾਨਗੀ ਲਈ ਰਾਜਪਾਲ ਨੂੰ ਸਿਫਾਰਿਸ਼ ਕਰ ਦਿੱਤੀ ਹੈ। ਇਸ ਤੋਂ ਇਲਾਵਾ ਮੰਤਰੀ ਮੰਡਲ ਨੇ ਪੰਜਾਬ ਵਿੱਚ ਐੱਨ ਆਈ ਏ ਚੱਲ ਰਹੇ ਵੱਖ-ਵੱਖ ਅਦਾਲਤਾਂ ਵਿੱਚ ਕੇਸਾਂ ਦਾ ਨਿਪਟਾਰਾ ਕਰਨ ਲਈ ਮੁਹਾਲੀ ਵਿਖੇ ਵਿਸ਼ੇਸ਼ ਅਦਾਲਤ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਜਿੱਥੇ ਸੈਸ਼ਨ ਜੱਜ ਅਤੇ ਵਧੀਕ ਸੈਸ਼ਨ ਜੱਜ ਵੱਲੋਂ ਐੱਨ ਆਈ ਏ ਦੇ ਕੇਸਾਂ ਦਾ ਨਿਪਟਾਰਾ ਕੀਤਾ ਜਾਵੇਗਾ।

ਇਸ ਦੇ ਨਾਲ ਹੀ ਪੰਜਾਬ ਮੰਤਰੀ ਮੰਡਲ ਨੇ ਪੇਂਡੂ ਵਿਕਾਸ ਵਿਭਾਗ ਦੀਆਂ ਪਗਡੰਡੀਆਂ ਅਤੇ ਖਾਲਿਆਂ 'ਤੇ ਕਬਜ਼ੇ ਕਰਨ ਵਾਲਿਆਂ ਤੋਂ ਵਸੂਲੀ ਕਰਨ ਲਈ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਲਈ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਕਮੇਟੀ ਵੱਲੋਂ ਕੀਮਤ ਤੈਅ ਕੀਤੀ ਜਾਵੇਗੀ। ਪੰਜਾਬ ਮੰਤਰੀ ਮੰਡਲ ਨੇ ਵੱਖ-ਵੱਖ ਨਿਯਮਾਂ ਤਹਿਤ ਟੈਕਸ ਦਾ ਭੁਗਤਾਨ ਨਾ ਕਰਨ ਵਾਲੇ ਵਪਾਰੀਆਂ ਨੂੰ ਵੱਡੀ ਰਾਹਤ ਦਿੰਦਿਆ ਓ ਟੀ ਐੱਸ ਸਕੀਮ ਲਿਆਉਣ ਦੀ ਪ੍ਰਵਾਨਗੀ ਦਿੱਤੀ ਹੈ। ਇਸ ਸਕੀਮ ਤਹਿਤ ਵਪਾਰੀਆਂ ਨੂੰ ਜੁਰਮਾਨਾ ਅਤੇ ਵਿਆਜ ਵਿੱਚ ਛੋਟ ਦਿੱਤੀ ਜਾਵੇਗੀ। ਇਹ ਸਕੀਮ 31 ਦਸੰਬਰ ਤੱਕ ਲਾਗੂ ਹੋਵੇਗੀ। ਇਸ ਤੋਂ ਬਾਅਦ ਸੂਬਾ ਸਰਕਾਰ ਵੱਲੋਂ ਬਕਾਇਆ ਭੁਗਤਾਨ ਨਾ ਕਰਨ ਵਾਲਿਆਂ ਵਿਰੁੱਧ ਸਖਤੀ ਨਾਲ ਕਾਰਵਾਈ ਕੀਤੀ ਜਾਵੇਗੀ।

ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਬੁੱਧਵਾਰ ਐਲਾਨ ਕੀਤਾ ਕਿ 'ਬਕਾਇਆ ਰਿਕਵਰੀ ਲਈ ਪੰਜਾਬ ਵਨ ਟਾਈਮ ਸੈਟਲਮੈਂਟ ਸਕੀਮ, 2025' 1 ਅਕਤੂਬਰ, ਤੋਂ 31 ਦਸੰਬਰ ਤੱਕ ਲਾਗੂ ਰਹੇਗੀ ਅਤੇ ਇਸ ਸਕੀਮ ਦਾ ਉਦੇਸ਼ ਜੀ ਐੱਸ ਟੀ ਤੋਂ ਪਹਿਲਾਂ ਦੇ ਵੱਖ-ਵੱਖ ਕਾਨੂੰਨਾਂ ਵਿੱਚ ਲਗਭਗ 11,968.88 ਕਰੋੜ ਰੁਪਏ ਦੇ ਬਕਾਇਆ ਰਿਕਵਰੀ ਨਾਲ ਸੰਬੰਧਤ ਲਗਭਗ 20,039 ਲੰਬਿਤ ਮਾਮਲਿਆਂ ਨੂੰ ਹੱਲ ਕਰਨਾ ਹੈ, ਜਿਸ ਨਾਲ ਸੂਬੇ ਦੇ ਵਪਾਰ ਅਤੇ ਉਦਯੋਗ ਨੂੰ ਕਾਫ਼ੀ ਰਾਹਤ ਮਿਲੇਗੀ।

ਚੀਮਾ ਨੇ ਕਿਹਾ ਕਿ ਇਹ ਪਹਿਲ, ਜਿਸ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਕੈਬਨਿਟ ਮੀਟਿੰਗ ਵਿੱਚ ਮਨਜ਼ੂਰੀ ਦਿੱਤੀ ਹੈ, ਪੰਜਾਬ ਸਰਕਾਰ ਦੁਆਰਾ ਪੇਸ਼ ਕੀਤੀ ਗਈ ਤੀਜੀ ਅਜਿਹੀ ਸਕੀਮ ਹੈ। ਇਹ ਟੈਕਸਦਾਤਾਵਾਂ ਲਈ ਆਪਣੇ ਬਕਾਏ ਦਾ ਨਿਪਟਾਰਾ ਕਰਨ ਦਾ ਆਖਰੀ ਮੌਕਾ ਹੋਵੇਗਾ। ਉਨ੍ਹਾ ਕਿਹਾ ਕਿ 1 ਜਨਵਰੀ 2026 ਤੋਂ ਬਾਅਦ ਉਨ੍ਹਾਂ ਲੋਕਾਂ ਲਈ ਰਿਕਵਰੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ, ਜੋ ਇਸ ਸਕੀਮ ਦੀ ਚੋਣ ਕਰਨ ਵਿੱਚ ਅਸਫਲ ਰਹਿੰਦੇ ਹਨ।

ਉਨ੍ਹਾ ਕਿਹਾ ਕਿ ਇਸ ਯੋਜਨਾ ਤਹਿਤ 1 ਕਰੋੜ ਰੁਪਏ ਤੱਕ ਦੇ ਬਕਾਏ ਲਈ ਕਰਦਾਤਾਵਾਂ ਨੂੰ ਵਿਆਜ ਅਤੇ ਜੁਰਮਾਨੇ 'ਤੇ 100 ਫੀਸਦੀ ਛੋਟ ਮਿਲੇਗੀ, ਨਾਲ ਹੀ ਟੈਕਸ ਰਕਮ 'ਤੇ ਵੀ 50 ਫੀਸਦੀ ਛੋਟ ਮਿਲੇਗੀ, 1 ਕਰੋੜ ਰੁਪਏ ਤੋਂ 25 ਕਰੋੜ ਰੁਪਏ ਤੱਕ ਦੇ ਬਕਾਏ ਲਈ, ਵਿਆਜ ਅਤੇ ਜੁਰਮਾਨੇ 'ਤੇ 100 ਫੀਸਦੀ ਛੋਟ ਹੋਵੇਗੀ ਅਤੇ ਟੈਕਸ ਰਕਮ 'ਤੇ 25 ਫੀਸਦੀ ਛੋਟ ਹੋਵੇਗੀ ਅਤੇ 25 ਕਰੋੜ ਰੁਪਏ ਤੋਂ ਵੱਧ ਬਕਾਏ ਵਾਲੇ ਮਾਮਲਿਆਂ ਵਿੱਚ ਟੈਕਸ ਰਕਮ 'ਤੇ 10 ਫੀਸਦੀ ਛੋਟ ਦੇ ਨਾਲ ਵਿਆਜ ਅਤੇ ਜੁਰਮਾਨੇ 'ਤੇ 100 ਫੀਸਦੀ ਛੋਟ ਪ੍ਰਦਾਨ ਕੀਤੀ ਜਾਵੇਗੀ।

## ਪੰਜਾਬ ਤੋਂ ਰਾਜ ਸਭਾ ਸੀਟ ਲਈ ਜ਼ਿਮਨੀ ਚੋਣ 24 ਨੂੰ

**ਚੰਡੀਗੜ੍ਹ :** ਰਾਜ ਸਭਾ ਵਿਚ ਪੰਜਾਬ ਦੇ ਹਿੱਸੇ ਦੀ ਖਾਲੀ ਸੀਟ ਲਈ ਜ਼ਿਮਨੀ ਚੋਣ 24 ਅਕਤੂਬਰ ਨੂੰ ਹੋਵੇਗੀ। ਭਾਰਤੀ ਚੋਣ ਕਮਿਸ਼ਨ ਨੇ ਇਸ ਲਈ ਬੁੱਧਵਾਰ ਸ਼ਡਿਊਲ ਜਾਰੀ ਕਰ ਦਿੱਤਾ ਹੈ। ਕਮਿਸ਼ਨ ਵੱਲੋਂ ਜਾਰੀ ਸ਼ਡਿਊਲ ਅਨੁਸਾਰ ਜ਼ਿਮਨੀ ਚੋਣ ਲਈ ਨੋਟੀਫਿਕੇਸ਼ਨ 6 ਅਕਤੂਬਰ ਨੂੰ ਰਸਮੀ ਤੌਰ 'ਤੇ ਜਾਰੀ ਕੀਤਾ ਜਾਵੇਗਾ। ਨਾਮਜ਼ਦਗੀਆਂ ਭਰਨ ਦੀ ਆਖਰੀ ਤਰੀਕ 13 ਅਕਤੂਬਰ ਹੋਵੇਗੀ। ਇਸ ਤੋਂ ਬਾਅਦ ਨਾਮਜ਼ਦਗੀਆਂ ਦੀ ਪੜਤਾਲ 14 ਅਕਤੂਬਰ ਨੂੰ ਅਤੇ ਵਾਪਸੀ 16 ਅਕਤੂਬਰ ਨੂੰ ਹੋਵੇਗੀ। ਰਾਜ ਸਭਾ ਦੀ ਸੀਟ ਲਈ ਵੋਟਿੰਗ 24 ਅਕਤੂਬਰ ਨੂੰ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗੀ ਅਤੇ ਨਤੀਜੇ ਉਸੇ ਦਿਨ ਸ਼ਾਮ ਨੂੰ ਐਲਾਨੇ ਜਾਣਗੇ। ਜ਼ਿਕਰਯੋਗ ਹੈ ਕਿ ਸੰਜੀਵ ਅਰੋੜਾ ਨੇ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਜਿੱਤਣ ਤੋਂ ਬਾਅਦ ਰਾਜ ਸਭਾ ਮੈਂਬਰ ਵਜੋਂ ਅਸਤੀਫਾ ਦੇ ਦਿੱਤਾ ਸੀ।

## ਐੱਕਸ ਨੂੰ ਝਟਕਾ, ਕਾਨੂੰਨ ਦੀ ਪਾਲਣਾ ਕਰਨੀ ਪਵੇਗੀ

**ਨਵੀਂ ਦਿੱਲੀ :** ਸੋਸ਼ਲ ਮੀਡੀਆ ਪਲੇਟਫਾਰਮ ਐੱਕਸ ਨੂੰ ਕਰਨਾਟਕ ਹਾਈ ਕੋਰਟ ਤੋਂ ਝਟਕਾ ਲੱਗਾ ਹੈ। ਹਾਈ ਕੋਰਟ ਨੇ ਕੇਂਦਰ ਸਰਕਾਰ ਦੇ ਟੇਕਡਾਊਨ ਆਦੇਸ਼ ਨੂੰ ਚੁਣੌਤੀ ਦੇਣ ਵਾਲੀ ਐੱਕਸ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਅਦਾਲਤ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਭਾਰਤ ਵਿੱਚ ਕੰਮ ਕਰਨ ਲਈ ਦੇਸ਼ ਦੇ ਕਾਨੂੰਨਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਐੱਕਸ ਨੇ ਕਰਨਾਟਕ ਹਾਈ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਸੀ, ਜਿਸ ਵਿੱਚ ਦਲੀਲ ਦਿੱਤੀ ਗਈ ਕਿ ਸੂਚਨਾ ਤਕਨਾਲੋਜੀ ਐਕਟ, 2000 ਦੀ ਧਾਰਾ 79 (3) (ਬੀ) ਸਰਕਾਰੀ ਅਧਿਕਾਰੀਆਂ ਨੂੰ ਬਲਾਕਿੰਗ ਆਰਡਰ ਜਾਰੀ ਕਰਨ ਦਾ ਅਧਿਕਾਰ ਨਹੀਂ ਦਿੰਦੀ। ਇਸ ਦੀ ਬਜਾਏ, ਕੰਪਨੀ ਨੇ ਦਲੀਲ ਦਿੱਤੀ ਕਿ ਐਕਟ ਦੀ ਸਿਰਫ਼ ਧਾਰਾ 691, ਸੂਚਨਾ ਤਕਨਾਲੋਜੀ (ਜਨਤਾ ਦੁਆਰਾ ਜਾਣਕਾਰੀ ਤੱਕ ਪਹੁੰਚ ਨੂੰ ਰੋਕਣ ਲਈ ਪ੍ਰਕਿਰਿਆ ਅਤੇ ਸੁਰੱਖਿਆ) ਨਿਯਮ, 2009 ਦੇ ਨਾਲ ਅਜਿਹੀ ਕਾਰਵਾਈ ਲਈ ਢੁਕਵਾਂ ਕਾਨੂੰਨੀ ਢਾਂਚਾ ਪ੍ਰਦਾਨ ਕਰਦੀ ਹੈ।

## ਬਿਹਾਰ ਚੋਣਾਂ ਮੋਦੀ ਸਰਕਾਰ ਦੇ 'ਭ੍ਰਿਸ਼ਟ ਸ਼ਾਸਨ' ਦੇ ਅੰਤ ਦਾ ਆਗਾਜ਼ ਹੋਣਗੀਆਂ : ਖੜਗੇ

**ਪਟਨਾ :** ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਭਾਜਪਾ ਨੂੰ ਲੰਮੇ ਹੱਥੀਂ ਲੈਂਦਿਆਂ ਇਸ 'ਤੇ 'ਵੋਟ ਚੋਰੀ' ਅਤੇ ਫਿਰਕੂ ਧਰੁਵੀਕਰਨ ਦਾ ਦੋਸ਼ ਲਗਾਇਆ। ਖੜਗੇ ਨੇ ਜ਼ੋਰ ਦੇ ਕੇ ਕਿਹਾ ਕਿ ਬਿਹਾਰ ਵਿਧਾਨ ਸਭਾ ਚੋਣਾਂ ਮੋਦੀ ਸਰਕਾਰ ਦੇ 'ਭ੍ਰਿਸ਼ਟ ਸ਼ਾਸਨ' ਦੇ ਅੰਤ ਦੀ ਸ਼ੁਰੂਆਤ ਹੋਣਗੀਆਂ। ਇੱਥੇ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਖੜਗੇ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਹਾਲੀਆ ਬਿਆਨਾਂ ਅਤੇ ਕਾਰਵਾਈਆਂ ਦਾ ਸਪੱਸ਼ਟ ਹਵਾਲਾ ਵੀ ਦਿੱਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਿਆ।

ਖੜਗੇ ਨੇ ਕਿਹਾ, "ਕੌਮਾਂਤਰੀ ਪੱਧਰ 'ਤੇ ਸਾਡੀਆਂ ਸਮੱਸਿਆਵਾਂ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਦੀ ਕੂਟਨੀਤਕ ਅਸਫਲਤਾ ਦਾ ਨਤੀਜਾ ਹਨ। ਜਿਨ੍ਹਾਂ ਦੋਸਤਾਂ ਨੂੰ ਪ੍ਰਧਾਨ ਮੰਤਰੀ 'ਮੇਰੇ ਦੋਸਤ' ਕਹਿ ਕੇ ਮਾਣ ਕਰਦੇ ਹਨ, ਉਹ ਅੱਜ ਭਾਰਤ ਨੂੰ ਕਈ ਮੁਸੀਬਤਾਂ ਵਿੱਚ ਪਾ ਰਹੇ ਹਨ।" ਕਾਂਗਰਸ ਪ੍ਰਧਾਨ ਨੇ ਕਿਹਾ, 'ਅੱਜ, ਜਦੋਂ ਸਾਡੀ ਵੋਟਰ ਸੂਚੀ ਨਾਲ ਅਧਿਕਾਰਤ ਤੌਰ 'ਤੇ ਛੇੜਛਾੜ ਕੀਤੀ ਜਾ ਰਹੀ ਹੈ, ਤਾਂ ਇਹ ਜ਼ਰੂਰੀ ਹੈ ਕਿ ਅਸੀਂ ਲੋਕਤੰਤਰ ਦੀ ਮਾਂ ਬਿਹਾਰ ਵਿੱਚ ਆਪਣੀ ਵਿਸਤ੍ਰਿਤ ਮੀਟਿੰਗ ਕਰੀਏ ਅਤੇ ਇਸ ਦੇਸ਼ ਦੇ ਲੋਕਤੰਤਰ ਅਤੇ ਸੰਵਿਧਾਨ ਦੀ ਰੱਖਿਆ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਈਏ।' ਖੜਗੇ ਨੇ ਜ਼ੋਰ ਦੇ ਕੇ ਆਖਿਆ ਕਿ ਲੋਕਤੰਤਰ ਦੀ ਨੀਂਹ ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਹਨ। ਉਨ੍ਹਾਂ ਕਿਹਾ ਕਿ ਅੱਜ ਚੋਣ ਕਮਿਸ਼ਨ ਦੀ ਨਿਰਪੱਖਤਾ ਅਤੇ ਪਾਰਦਰਸ਼ਤਾ ਬਾਰੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਖੜਗੇ ਨੇ ਕਿਹਾ ਕਿ ਵੱਖ-ਵੱਖ ਰਾਜਾਂ ਤੋਂ ਹੋਏ ਖੁਲਾਸਿਆਂ ਬਾਰੇ ਸਵਾਲਾਂ ਦੇ ਜਵਾਬ ਦੇਣ ਦੀ ਬਜਾਏ ਚੋਣ ਕਮਿਸ਼ਨ ਸਾਡੇ ਤੋਂ ਹਲਫ਼ਨਾਮੇ ਦੀ ਮੰਗ ਕਰ ਰਿਹਾ ਹੈ। ਖੜਗੇ ਨੇ ਬਿਹਾਰ ਵਿਚ ਵਿਆਪਕ ਵੋਟਰ ਸੂਚੀ ਸੁਧਾਰ ਦੇ ਹਵਾਲੇ ਨਾਲ ਕਿਹਾ ਕਿ ਬਿਹਾਰ ਦੀ ਮਿਸਾਲ ਤੋਂ ਬਾਅਦ, ਹੁਣ ਦੇਸ਼ ਭਰ ਵਿੱਚ ਲੱਖਾਂ ਲੋਕਾਂ ਦੀਆਂ ਵੋਟਾਂ ਨੂੰ ਹਟਾਉਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ। ਉਨ੍ਹਾਂ ਕਿਹਾ, 'ਵੋਟ ਚੋਰੀ ਦਾ ਅਰਥ ਹੈ ਰਾਸ਼ਨ, ਪੈਨਸ਼ਨ, ਦਵਾਈ, ਬੱਚਿਆਂ ਦੇ ਵਜ਼ੀਫ਼ੇ ਅਤੇ ਦਲਿਤਾਂ, ਆਦਿਵਾਸੀਆਂ, ਪੱਛੜੇ ਵਰਗਾਂ, ਬਹੁਤ ਪੱਛੜੇ ਵਰਗਾਂ, ਘੱਟ ਗਿਣਤੀਆਂ, ਕਮਜ਼ੋਰਾਂ ਅਤੇ ਗਰੀਬਾਂ ਨਾਲ ਸੰਬੰਧਤ ਪ੍ਰੀਖਿਆ ਫੀਸਾਂ ਦੀ ਚੋਰੀ।' ਖੜਗੇ ਨੇ ਕਿਹਾ, '2 ਕਰੋੜ ਨੌਕਰੀਆਂ' ਦਾ ਵਾਅਦਾ ਅਜੇ ਵੀ ਅਧੂਰਾ ਹੈ। ਨੌਜਵਾਨ ਰੁਜ਼ਗਾਰ ਤੋਂ ਬਿਨਾਂ ਭਟਕ ਰਹੇ ਹਨ। ਨੋਟਬੰਦੀ ਅਤੇ ਗਲਤ ਜੀ ਐਸ ਟੀ ਨੇ ਅਰਥਚਾਰੇ ਨੂੰ ਲੀਹੋਂ ਲਾਹ ਦਿੱਤਾ ਹੈ। ਅੱਠ ਸਾਲਾਂ ਬਾਅਦ ਪ੍ਰਧਾਨ ਮੰਤਰੀ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਹੁਣ, ਜੀ ਐੱਸ ਟੀ ਵਿੱਚ ਉਹੀ ਸੁਧਾਰ ਪੇਸ਼ ਕੀਤੇ ਗਏ ਹਨ, ਜਿਨ੍ਹਾਂ ਦੀ ਕਾਂਗਰਸ ਪਾਰਟੀ ਪਹਿਲੇ ਦਿਨ ਤੋਂ ਮੰਗ ਕਰ ਰਹੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਐੱਨ ਡੀ ਏ ਗੱਠਜੋੜ ਦਾ 'ਅੰਦਰੂਨੀ ਕਲੇਸ਼' ਹੁਣ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ। ਉਨ੍ਹਾ ਦਾਅਵਾ ਕੀਤਾ, 'ਭਾਜਪਾ ਨੇ ਨਿਤੀਸ਼ ਕੁਮਾਰ ਨੂੰ ਮਾਨਸਿਕ ਤੌਰ 'ਤੇ ਸੇਵਾਮੁਕਤ ਕਰ ਦਿੱਤਾ ਹੈ। ਭਾਜਪਾ ਹੁਣ ਉਨ੍ਹਾਂ ਨੂੰ ਬੋਝ ਸਮਝਦੀ ਹੈ।' ਉਨ੍ਹਾ ਕਿਹਾ, '2025 ਦੀਆਂ ਵਿਧਾਨ ਸਭਾ ਚੋਣਾਂ ਨਾ ਸਿਰਫ਼ ਬਿਹਾਰ ਲਈ, ਸਗੋਂ ਪੂਰੇ ਦੇਸ਼ ਲਈ ਇੱਕ ਮੀਲ ਪੱਥਰ ਸਾਬਤ ਹੋਣਗੀਆਂ। ਸੁਤੰਤਰ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਾਂਗਰਸ ਵਰਕਿੰਗ ਕਮੇਟੀ ਬਿਹਾਰ ਵਿੱਚ ਮੀਟਿੰਗ ਕਰ ਰਹੀ ਹੈ।

## ਚੈਤਨਿਆਨੰਦ 'ਤੇ 17 ਕੁੜੀਆਂ ਵੱਲੋਂ ਜਿਨਸੀ ਸ਼ੋਸ਼ਣ ਦੇ ਦੋਸ਼



**ਨਵੀਂ ਦਿੱਲੀ :** ਸਵਾਮੀ ਚੈਤਨਿਆਨੰਦ ਸਰਸਵਤੀ, ਜਿਸ ਨੂੰ ਪਹਿਲਾਂ ਡਾ. ਪਾਰਥਸਾਰਥੀ ਵਜੋਂ ਜਾਣਿਆ ਜਾਂਦਾ ਸੀ, ਉੱਤੇ ਦੱਖਣੀ ਦਿੱਲੀ ਦੀਆਂ 17 ਕੁੜੀਆਂ ਨੇ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਏ ਹਨ। ਉਹ ਲਗਭਗ 12 ਸਾਲਾਂ ਤੋਂ ਇੱਕ ਆਸ਼ਰਮ ਵਿੱਚ ਰਹਿ ਰਿਹਾ ਹੈ ਅਤੇ ਆਪਣੇ ਆਪ ਨੂੰ ਸੰਤ ਦੱਸਦਾ ਹੈ। ਉਸ ਉੱਤੇ ਪਹਿਲਾਂ 2009 ਵਿੱਚ ਧੋਖਾਧੜੀ ਅਤੇ ਛੇੜਛਾੜ ਦੇ ਦੋਸ਼ ਲਗਾਏ ਗਏ ਸਨ। ਬਾਅਦ ਵਿੱਚ 2016 ਵਿੱਚ ਵਸੰਤ ਕੁੰਜ ਵਿੱਚ ਇੱਕ ਔਰਤ ਨੇ ਛੇੜਛਾੜ ਦੀ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਤੋਂ ਬਾਅਦ ਪੁਲਸ ਨੇ ਮਾਮਲਾ ਦਰਜ ਕੀਤਾ ਸੀ। ਸਵਾਮੀ ਅਜੇ ਪੁਲਸ ਦੀ ਪਹੁੰਚ ਤੋਂ ਬਾਹਰ ਹੈ। ਪੁਲਸ ਦਾ ਕਹਿਣਾ ਹੈ ਕਿ ਉਸ ਦਾ ਆਖਰੀ ਟਿਕਾਣਾ ਆਗਰਾ ਸੀ, ਪਰ ਉਹ ਅਕਸਰ ਆਪਣਾ ਟਿਕਾਣਾ ਬਦਲਦਾ ਰਿਹਾ ਹੈ। ਪੁਲਸ ਨੇ ਦੱਸਿਆ ਕਿ ਦੋਸ਼ੀ • ਬਾਕੀ ਸਫਾ 10 'ਤੇ

## ਇਨਸਾਨੀਅਤ ਸ਼ਰਮਸਾਰ, 15 ਦਿਨ ਦੇ ਬੱਚੇ ਦੇ ਮੂੰਹ 'ਚ ਪੱਥਰ ਪਾ ਕੇ ਲਾਈ ਗੂੰਦ

**ਜੈਪੁਰ :** ਇਨਸਾਨੀਅਤ ਐਨੀ ਬੇਰਹਿਮ ਹੋ ਸਕਦੀ ਕਿ ਉਸ ਦਾ ਅੰਦਾਜ਼ਾ ਲਾਇਆ ਜਾਣਾ ਸੰਭਵ ਨਹੀਂ। ਰਾਜਸਥਾਨ ਵਿੱਚ 15 ਦਿਨਾਂ ਦੇ ਬੱਚੇ ਨਾਲ ਕੀਤਾ ਗਿਆ ਝੰਜੋੜ ਕੇ ਰੱਖ ਦੇਣ ਵਾਲਾ ਵਰਤਾਰਾ ਸਾਹਮਣੇ ਆਇਆ ਹੈ। ਰਾਜਸਥਾਨ ਦੇ ਭੀਲਵਾੜਾ ਜ਼ਿਲ੍ਹੇ ਵਿੱਚ ਮੰਗਲਵਾਰ ਬੱਚੇ ਨੂੰ ਜੰਗਲ ਵਿੱਚ ਸੁੱਟਣ ਦੀ ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਜਿੱਥੇ ਇੱਕ 15 ਦਿਨਾਂ ਦੇ ਬੱਚੇ ਦੇ ਮੂੰਹ ਵਿੱਚ ਪੱਥਰ ਪਾ ਕੇ ਗੂੰਦ ਲਾਉਣ ਉਪਰੰਤ ਜੰਗਲ ਵਿੱਚ ਪੱਥਰਾਂ ਕੋਲ ਸੁੱਟ ਦਿੱਤਾ।

ਪੁਲਸ ਨੇ ਦੱਸਿਆ ਕਿ ਬੱਚੇ ਦੇ ਰੋਣ ਦੀ ਆਵਾਜ਼ ਨੂੰ ਦਬਾਉਣ ਲਈ ਉਸ ਦਾ ਮੂੰਹ ਬੰਦ ਕੀਤਾ ਹੋਇਆ ਸੀ। ਇਸ ਘਟਨਾ ਦਾ ਉਦੋਂ ਪਤਾ ਲੱਗਿਆ, ਜਦੋਂ ਬੱਚੇ ਨੂੰ ਮੰਡਲਗੜ੍ਹ ਦੇ ਸੀਤਾ ਕਾ ਕੁੰਡ ਮੰਦਰ ਨੇੜੇ ਇੱਕ ਪਸ਼ੂ ਚਰਾਉਣ ਵਾਲੇ ਨੇ ਦੇਖਿਆ। ਪੁਲਸ ਨੇ ਦੱਸਿਆ ਕਿ ਬੱਚਾ ਪੱਥਰਾਂ ਦੇ ਢੇਰ ਨੇੜੇ ਪਿਆ ਤੜਫ਼ ਰਿਹਾ ਸੀ ਅਤੇ ਉਸ ਦੇ ਮੂੰਹ ਵਿੱਚ ਪੱਥਰ ਫਸਿਆ ਹੋਇਆ ਸੀ ਅਤੇ ਗੂੰਦ ਨਾਲ ਬੰਦ ਕੀਤਾ ਹੋਇਆ ਸੀ। ਪਸ਼ੂ ਚਰਾਉਣ ਵਾਲੇ ਨੇ ਨਜ਼ਦੀਕੀ ਲੋਕਾਂ ਨੂੰ ਸੂਚਿਤ ਕੀਤਾ, ਜਿਨ੍ਹਾਂ ਨੇ ਪੱਥਰ ਹਟਾਉਣ ਉਪਰੰਤ ਬੱਚੇ ਨੂੰ ਬਿਜੋਲੀਆ ਦੇ ਇੱਕ ਸਰਕਾਰੀ ਹਸਪਤਾਲ ਪਹੁੰਚਾਇਆ। ਡਾਕਟਰਾਂ ਨੇ ਦੱਸਿਆ ਕਿ ਬੱਚੇ ਦੇ ਮੂੰਹ ਅਤੇ ਪੱਟ 'ਤੇ ਗੂੰਦ ਦੇ ਨਿਸ਼ਾਨ ਸਨ। ਪੁਲਸ ਨੇ ਕਿਹਾ, 'ਬੱਚਾ ਲਗਭਗ 15 ਤੋਂ 20 ਦਿਨਾਂ ਦਾ ਹੈ ਅਤੇ ਇਲਾਜ ਅਧੀਨ ਹੈ।

## ਰਾਜੋਆਣਾ ਨੂੰ ਹੁਣ ਤੱਕ ਫਾਂਸੀ ਕਿਉਂ ਨਹੀਂ ਦਿੱਤੀ ਗਈ : ਸੁਪਰੀਮ ਕੋਰਟ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਬੁੱਧਵਾਰ ਪੁੱਛਿਆ ਕਿ ਮੌਤ ਦੀ ਸਜ਼ਾ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਨੂੰ ਹੁਣ ਤੱਕ ਫਾਂਸੀ ਕਿਉਂ ਨਹੀਂ ਦਿੱਤੀ ਗਈ। ਰਾਜੋਆਣਾ ਨੂੰ 1995 ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਲਈ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਕੇਂਦਰ ਨੇ ਕਿਹਾ ਸੀ ਕਿ ਇਹ ਇੱਕ 'ਗੰਭੀਰ ਅਪਰਾਧ' ਸੀ। ਰਾਜੋਆਣਾ ਪਿਛਲੇ 29 ਸਾਲਾਂ ਤੋਂ ਜੇਲ੍ਹ ਵਿੱਚ ਹੈ, ਜਿਸ ਵਿੱਚੋਂ 15 ਸਾਲ ਤੋਂ ਉਹ ਮੌਤ ਦੀ ਸਜ਼ਾ 'ਤੇ ਹੈ। ਜਸਟਿਸ ਵਿਕਰਮ ਨਾਥ, ਸੰਦੀਪ ਮਹਿਤਾ ਅਤੇ ਐੱਨ ਵੀ ਅੰਜਾਰੀਆ ਨੂੰ ਵਧੀਕ ਸਾਲੀਸਿਟਰ ਜਨਰਲ ਕੇ ਐੱਮ ਨਟਰਾਜ ਵੱਲੋਂ ਅਪਰਾਧ ਦੀ ਗੰਭੀਰਤਾ ਬਾਰੇ ਦੱਸਿਆ ਗਿਆ। ਬੈਂਚ ਨੇ ਨਟਰਾਜ ਨੂੰ ਪੁੱਛਿਆ, 'ਤੁਸੀਂ ਉਸ ਨੂੰ ਹੁਣ ਤੱਕ ਫਾਂਸੀ ਕਿਉਂ ਨਹੀਂ ਦਿੱਤੀ? ਇਸ ਲਈ ਕੌਣ ਜ਼ਿੰਮੇਵਾਰ ਹੈ। ਘੱਟੋ-ਘੱਟ ਅਸੀਂ ਫਾਂਸੀ 'ਤੇ ਰੋਕ ਨਹੀਂ ਲਗਾਈ।' ਸਿਖਰਲੀ ਅਦਾਲਤ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੀ ਅਪੀਲ 'ਤੇ ਸੁਣਵਾਈ ਕਰ ਰਹੀ ਹੈ, ਜਿਸ ਦਾ ਆਧਾਰ ਉਸ ਦੀ ਰਹਿਮ ਦੀ ਪਟੀਸ਼ਨ 'ਤੇ ਫੈਸਲਾ ਲੈਣ ਵਿੱਚ ਦੇਰੀ ਹੈ। ਰਾਜੋਆਣਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਉਨ੍ਹਾ ਦੇ ਮੁਵੱਕਲ ਦੀ ਰਹਿਮ ਦੀ ਪਟੀਸ਼ਨ 'ਤੇ ਕੋਈ ਫੈਸਲਾ ਨਹੀਂ ਲਿਆ ਗਿਆ। ਨਟਰਾਜ ਨੇ ਕਿਹਾ ਕਿ ਉਹ ਹਦਾਇਤਾਂ ਲੈਣਗੇ ਅਤੇ ਬੈਂਚ ਨੂੰ ਸਥਿਤੀ ਬਾਰੇ ਦੱਸਣਗੇ। ਰੋਹਤਗੀ ਨੇ ਕਿਹਾ— • ਬਾਕੀ ਸਫਾ 10 'ਤੇ

## ਅੱਜ-ਨਾਮਾ

ਤਬਦੀਲੀ ਨਵੀਂ ਹੈ ਚੋਣ ਕਮਿਸ਼ਨ ਕੀਤੀ,
ਆਧਾਰ ਕਾਰਡ ਆ ਕੀਤਾ ਪ੍ਰਵਾਨ ਬੇਲੀ।
ਮੰਨਦੇ ਨਹੀਂ ਸੀ ਜਿਹੜਾ ਸਬੂਤ ਪਹਿਲਾਂ,
ਦਿੱਤਾ ਤਾਂ ਓਸੇ ਨੂੰ ਅੰਤ ਅਸਥਾਨ ਬੇਲੀ।
ਬੜੇ ਦਿਨਾਂ ਤੋਂ ਕਹਿੰਦਾ ਹੈ ਏਹੋ ਰਾਹੁਲ,
ਹੋ ਗਏ ਭਾਰੂ ਸਨ ਉਹੀ ਬਿਆਨ ਬੇਲੀ।
ਗੱਲ ਵੀ ਮੰਨੀ ਤਾਂ ਪਿਆ ਸਨਮਾਨ ਦੇਣਾ,
ਜੀਹਦਾ ਕਰਦੇ ਸੀ ਰਹੇ ਅਪਮਾਨ ਬੇਲੀ।
ਊਠ ਪਹਾੜ ਦੇ ਹੇਠ ਹੈ ਜਿਵੇਂ ਆਉਂਦਾ,
ਚੋਣ ਕਮਿਸ਼ਨ ਦੀ ਉਹੀ ਆ ਗੱਲ ਬੇਲੀ।
ਹੋਈ ਆ ਬੇ'ਜ਼ਤੀ ਚੋਣ ਕਮਿਸ਼ਨਰਾਂ ਦੀ,
ਖੱਟਿਆ ਰਾਹੁਲ ਆ ਜਾਪਦਾ ਭੱਲ ਬੇਲੀ।

-ਤੀਸ ਮਾਰ ਖਾਂ

## ਕੇਰਲਾ ਦੇ ਮੰਤਰੀ ਵੱਲੋਂ ਪੰਜਾਬ ਸਰਕਾਰ ਦੀ ਅਨਾਜ ਖਰੀਦ ਪ੍ਰਣਾਲੀ ਦੀ ਸ਼ਲਾਘਾ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਮਜ਼ਬੂਤ ਖ਼ਰੀਦ ਪ੍ਰਣਾਲੀ ਦੀ ਬੁੱਧਵਾਰ ਕੇਰਲਾ ਦੇ ਖ਼ੁਰਾਕ, ਸਿਵਲ ਸਪਲਾਈ, ਖਪਤਕਾਰ ਮਾਮਲੇ ਅਤੇ ਲੀਗਲ ਮੈਟਰੋਲੋਜੀ ਮੰਤਰੀ ਜੀ.ਆਰ. ਅਨਿਲ ਨੇ ਭਰਪੂਰ ਪ੍ਰਸ਼ੰਸਾ ਕੀਤੀ। ਅਨਿਲ ਨੂੰ ਖ਼ਰੀਦ ਪ੍ਰਕਿਰਿਆ ਅਤੇ ਇਸਦੀ ਮਜ਼ਬੂਤੀ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਉਪਾਵਾਂ ਬਾਰੇ ਵਿਸਥਾਰ ਨਾਲ ਜਾਣੂੰ ਕਰਵਾਇਆ ਗਿਆ।ਅਨਾਜ ਭਵਨ ਵਿਖੇ ਪਹੁੰਚੇ ਪਤਵੰਤਿਆਂ ਨੂੰ ਖ਼ਰੀਦ ਪ੍ਰਕਿਰਿਆ ਬਾਰੇ ਜਾਣੂ ਕਰਵਾਉਂਦੇ ਹੋਏ, ਪੰਜਾਬ ਦੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਦੇਸ਼ ਦਾ ਸਿਰਫ਼ 1.5 ਫੀਸਦ ਹੈ, ਪਰ ਇਸ ਦੇ ਬਾਵਜੂਦ ਪੰਜਾਬ ਕੇਂਦਰੀ ਪੂਲ ਵਿੱਚ ਕਣਕ ਦਾ ਲਗਭਗ 40-45 ਫੀਸਦ ਅਤੇ ਝੋਨਾ 20-25 ਫੀਸਦ ਯੋਗਦਾਨ ਪਾਉਂਦਾ ਹੈ।ਕਟਾਰੂਚੱਕ ਨੇ ਕਿਹਾ ਕਿ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਅਨਾਜ ਖਰੀਦ ਪੋਰਟਲ 'ਤੇ 8 ਲੱਖ ਤੋਂ ਵੱਧ ਕਿਸਾਨ, 25000 ਆੜ੍ਹਤੀਏ, 5000 ਮਿੱਲਰ



ਅਤੇ 500 ਲੇਬਰ ਅਤੇ ਟ੍ਰਾਂਸਪੋਰਟ ਠੇਕੇਦਾਰ ਰਜਿਸਟਰਡ ਹਨ। ਉਨ੍ਹਾਂ ਅੱਗੇ ਕਿਹਾ ਕਿ ਇਸ ਤੋਂ ਇਲਾਵਾ ਪੋਰਟਲ 'ਤੇ ਜੇ-ਫਾਰਮ ਵਿੱਚ ਮੰਡੀਆਂ ਵਿੱਚ ਲਿਆਂਦੀ ਗਈ ਫਸਲ ਦੇ ਨਾਮ, ਵੇਰਵੇ, ਮਾਤਰਾ, ਜ਼ਮੀਨ ਦੇ ਵੇਰਵਿਆਂ ਦੇ ਨਾਲ-ਨਾਲ ਫ਼ਸਲ ਦੀ ਬਿਜਾਈ ਸਬੰਧੀ ਵੇਰਵੇ ਵੀ ਉਪਲਬਧ ਹਨ। ਖਰੀਦ ਪ੍ਰਣਾਲੀ ਦੀਆਂ ਹੋਰ ਵਿਸ਼ੇਸ਼ਤਾਵਾਂ ਵੱਲ ਧਿਆਨ ਦਿਵਾਉਂਦਿਆਂ ਸ੍ਰੀ ਕਟਾਰੂਚੱਕ ਨੇ ਦੱਸਿਆ ਕਿ ਕਿਸਾਨ ਦੀ ਫ਼ਸਲ ਖਰੀਦਣ ਦੇ 72 ਘੰਟਿਆਂ ਦੇ ਅੰਦਰ ਇਸਦੀ ਚੁਕਾਈ ਅਤੇ ਕਿਸਾਨਾਂ ਨੂੰ 48 ਘੰਟਿਆਂ ਵਿੱਚ ਉਨ੍ਹਾਂ ਦੇ ਬੈਂਕ ਖਾਤੇ ਵਿੱਚ ਅਦਾਇਗੀ ਨੂੰ ਯਕੀਨੀ ਬਣਾਇਆ ਜਾਂਦਾ ਹੈ। ਇਸ ਤੋਂ ਇਲਾਵਾ ਖਰੀਦ ਪ੍ਰਕਿਰਿਆ ਵਿੱਚ ਪਾਰਦਰਸ਼ਿਤਾ ਨੂੰ ਯਕੀਨੀ ਬਣਾਉਣ ਲਈ ਪੰਜਾਬ ਰਾਜ ਵਿੱਚ ਆਨਲਾਈਨ ਗੇਟ ਪਾਸ ਦੇ ਨਾਲ-ਨਾਲ ਵਾਹਨ ਟਰੈਕਿੰਗ ਸਿਸਟਮ ਵੀ ਪੂਰੀ ਤਰ੍ਹਾਂ ਕੰਮ ਕਰ ਰਿਹਾ ਹੈ।

ਪੰਜਾਬ ਵਿੱਚ 14000 ਤੋਂ ਵੱਧ ਡਿੱਪੂ (ਐਫ.ਪੀ.ਐਸ.) ਹਨ ਜਿੱਥੇ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਤਹਿਤ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜਨਤਕ ਵੰਡ ਪ੍ਰਣਾਲੀ ਅਧੀਨ ਲੋੜਵੰਦ • ਬਾਕੀ ਸਫਾ 10 'ਤੇ

## ਮੁੱਖ ਮੰਤਰੀ ਹਰ ਸਾਲ 60 ਡਾਕਟਰਾਂ ਨੂੰ ਸਨਮਾਨਤ ਕਰਨਗੇ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਸਿਹਤ ਸੰਭਾਲ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਡਾਕਟਰੀ ਪੇਸ਼ੇਵਰਾਂ ਦੀਆਂ ਅਣਥੱਕ ਸੇਵਾਵਾਂ ਨੂੰ ਮਾਨਤਾ ਦੇਣ ਲਈ ਇੱਕ ਅਹਿਮ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਡਾਕਟਰਾਂ ਦਾ ਸਨਮਾਨ ਕਰਨ ਲਈ ਆਪਣੀ ਕਿਸਮ ਦੀ ਪਹਿਲੀ ਨੀਤੀ ਪੇਸ਼ ਕੀਤੀ ਹੈ।ਇਹ ਐਲਾਨ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਬੁੱਧਵਾਰ ਇੱਥੇ ਕੀਤਾ।ਮੁੱਖ ਮੰਤਰੀ ਭਗਵੰਤ ਮਾਨ ਨਿੱਜੀ ਤੌਰ 'ਤੇ ਸੂਬਾ ਪੱਧਰੀ ਸਮਾਗਮ ਵਿੱਚ ਪੁਰਸਕਾਰ ਪ੍ਰਦਾਨ ਕਰਨਗੇ।ਪ੍ਰੈੱਸ ਕਾਨਫਰੰਸ ਦੌਰਾਨ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਰਕਾਰ ਹਰ ਸਾਲ 60 ਡਾਕਟਰਾਂ ਨੂੰ ਇਸ ਨਵੀਂ ਨੀਤੀ ਤਹਿਤ ਸਨਮਾਨਤ ਕਰੇਗੀ। ਇਹ ਪੁਰਸਕਾਰ ਚਾਰ ਸ਼੍ਰੇਣੀਆਂ ਤਹਿਤ ਦਿੱਤੇ ਜਾਣਗੇ, ਜਿਨ੍ਹਾਂ ਵਿੱਚ ਰਾਜ ਪੱਧਰੀ ਸਰਵੋਤਮ ਡਾਕਟਰ ਪੁਰਸਕਾਰ, ਜ਼ਿਲ੍ਹਾ ਪੱਧਰੀ ਐਕਸੀਲੈਂਸ ਐਵਾਰਡ, ਨਵੀਨਤਾ ਜਾਂ ਜਨਤਕ ਸਿਹਤ ਲੀਡਰਸ਼ਿਪ ਲਈ ਵਿਸ਼ੇਸ਼ ਮਾਨਤਾ ਅਤੇ ਨਿੱਜੀ ਖੇਤਰ ਵਿੱਚ ਜਨਤਕ ਸੇਵਾ ਲਈ ਵਿਸ਼ੇਸ਼ ਮਾਨਤਾ ਸ਼ਾਮਲ ਹੈ। ਹਰੇਕ ਐਵਾਰਡੀ ਨੂੰ ਮੁੱਖ ਮੰਤਰੀ ਜਾਂ ਸਿਹਤ ਮੰਤਰੀ ਪੰਜਾਬ ਵੱਲੋਂ ਸਨਮਾਨ ਸਰਟੀਫਿਕੇਟ ਦਿੱਤਾ ਜਾਵੇਗਾ ਅਤੇ ਐਵਾਰਡੀ ਦਾ ਨਾਂਅ ਰਾਜ ਸਿਹਤ ਸਨਮਾਨ ਬੋਰਡ 'ਤੇ ਸਥਾਈ ਤੌਰ 'ਤੇ ਲਿਖਿਆ ਜਾਵੇਗਾ, ਜਿਸ ਨੂੰ ਡਿਜੀਟਲ ਰੂਪ ਵਿੱਚ ਸਰਕਾਰੀ ਹਸਪਤਾਲਾਂ ਵਿੱਚ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਕੀਤਾ ਜਾਵੇਗਾ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਸੇ ਤਰਜ਼ 'ਤੇ ਸਿਹਤ ਵਿਭਾਗ ਵਿੱਚ ਮੋਹਰੀ ਕਤਾਰ 'ਚ ਕੰਮ ਕਰ ਰਹੀਆਂ ਆਸ਼ਾ ਵਰਕਰਾਂ, ਨਰਸਾਂ ਅਤੇ ਹੋਰ ਸਟਾਫ਼ ਨੂੰ ਵੀ ਸਨਮਾਨਤ ਕੀਤਾ ਜਾਵੇਗਾ।

ਨਵਾਂ ਜ਼ਮਾਨਾ
ਵੀਰਵਾਰ 25 ਸਤੰਬਰ 2025

# ਗੌਹਰ ਰਜ਼ਾ ਨਾਲ ਬਦਸਲੂਕੀ

ਉੱਘੇ ਭਾਰਤੀ ਵਿਗਿਆਨੀ, ਕਵੀ ਤੇ ਸਮਾਜੀ ਕਾਰਕੁਨ ਗੌਹਰ ਰਜ਼ਾ ਨੇ ਮੰਗਲਵਾਰ ਆਈ ਆਈ ਟੀ-ਬੀ ਐੱਚ ਯੂ (ਵਾਰਾਨਸੀ) ਦੇ ਲਿਟ ਕਲੱਬ ਵੱਲੋਂ ਆਯੋਜਿਤ ਪ੍ਰੋਗਰਾਮ ਵਿੱਚ ਬੋਲਣਾ ਸੀ। ਪ੍ਰੋਗਰਾਮ ਦਾ ਉਨਵਾਨ ਸੀ 'ਸਾਹਿਤ, ਵਿਗਿਆਨ ਤੇ ਚੇਤਨਤਾ ਦਾ ਮੇਲ'। ਰਜ਼ਾ ਨੇ ਵਿਦਿਆਰਥੀਆਂ ਤੇ ਹੋਰਨਾਂ ਨਾਲ ਆਨਲਾਈਨ ਜੁੜ ਕੇ ਚਰਚਾ ਕਰਨੀ ਸੀ। ਪ੍ਰੋਗਰਾਮ ਦੀ ਸ਼ੁਰੂਆਤ ਸ਼ਾਮੀਂ ਛੇ ਵਜੇ ਤੈਅ ਸੀ, ਪਰ ਮੰਗਲਵਾਰ ਸਵੇਰੇ ਰਜ਼ਾ ਨੂੰ ਈ-ਮੇਲ ਕਰਕੇ ਸੂਚਨਾ ਦਿੱਤੀ ਗਈ ਕਿ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ ਹੈ। ਇੱਕ ਆਯੋਜਕ ਤੋਂ ਇਸ ਦਾ ਕਾਰਨ ਪੁੱਛਿਆ ਗਿਆ ਤਾਂ ਉਸ ਨੇ ਕਿਹਾ ਕਿ ਉਹ ਦੱਸ ਨਹੀਂ ਸਕਦਾ, ਉਸ 'ਤੇ ਉੱਪਰੋਂ ਕਾਫੀ ਦਬਾਅ ਸੀ, ਰਾਤੋ-ਰਾਤ ਪ੍ਰੋਗਰਾਮ ਰੱਦ ਕਰਨਾ ਪਿਆ। ਰਜ਼ਾ ਮੁਤਾਬਕ ਆਯੋਜਕਾਂ ਨੇ ਉਨ੍ਹਾ ਨੂੰ ਈ-ਮੇਲ ਵਿੱਚ ਦੱਸਿਆ ਕਿ ਨਾ ਟਾਲੇ ਜਾ ਸਕਣ ਵਾਲੇ ਕਾਰਨਾਂ ਕਰਕੇ ਪ੍ਰੋਗਰਾਮ ਰੱਦ ਕਰਨਾ ਪਿਆ ਹੈ।

ਅਸਲ ਵਿੱਚ ਕਿਸੇ ਪ੍ਰੋਫੈਸਰ ਦੇ ਰਜ਼ਾ ਦੇ ਨਾਂਅ 'ਤੇ ਇਤਰਾਜ਼ ਕਰਨ 'ਤੇ ਪ੍ਰੋਗਰਾਮ ਰੱਦ ਕੀਤਾ ਗਿਆ। ਉਹ ਨਹੀਂ ਚਾਹੁੰਦਾ ਸੀ 'ਰਾਸ਼ਟਰ-ਵਿਰੋਧੀ' ਰਜ਼ਾ ਵਿਦਿਆਰਥੀਆਂ ਨੂੰ ਸੰਬੋਧਨ ਕਰਨ। ਗੌਹਰ ਰਜ਼ਾ ਨੇ 25-30 ਕੁ ਲੋਕਾਂ ਨੂੰ ਹੀ ਸੰਬੋਧਨ ਕਰਨਾ ਸੀ। ਜੇ ਉਹ ਸੰਬੋਧਨ ਕਰ ਵੀ ਲੈਂਦੇ ਤਾਂ ਸਰਕਾਰ ਨਹੀਂ ਸੀ ਡਿੱਗ ਚੱਲੀ, ਪਰ ਯੋਗੀ ਸਰਕਾਰ ਨੂੰ ਇਹ ਬਰਦਾਸ਼ਤ ਨਹੀਂ ਸੀ ਕਿ ਗੌਹਰ ਰਜ਼ਾ ਨਾਂਅ ਦਾ ਸ਼ਖਸ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਲੈਕਚਰ ਦੇਵੇ।

ਗੌਹਰ ਰਜ਼ਾ ਵਾਂਗ ਹੀ ਬੀਤੇ ਦਿਨੀਂ ਉੱਘੇ ਗੀਤਕਾਰ ਜਾਵੇਦ ਅਖਤਰ ਦਾ ਕੋਲਕਾਤਾ ਵਿੱਚ ਇੱਕ ਸਾਹਿਤਕ ਪ੍ਰੋਗਰਾਮ ਰੱਦ ਕੀਤਾ ਗਿਆ ਸੀ, ਕਿਉਂਕਿ ਮੁਸਲਮ ਰੂੜ੍ਹੀਵਾਦੀਆਂ ਨੂੰ ਉਨ੍ਹਾ ਦੀ ਹਾਜ਼ਰੀ ਪਸੰਦ ਨਹੀਂ ਸੀ। 'ਨਾ ਟਾਲੇ ਜਾ ਸਕਣ ਵਾਲੇ ਕਾਰਨ' ਦੱਸ ਕੇ ਪ੍ਰੋਗਰਾਮ ਰੱਦ ਕਰਨਾ ਆਮ ਹੋ ਗਿਆ ਹੈ। ਹਾਕਮ ਨਹੀਂ ਚਾਹੁੰਦੇ ਕਿ ਵਿਦਿਆਰਥੀ ਸਮਾਜੀ ਤੌਰ 'ਤੇ ਚੇਤੰਨ ਹੋ ਕੇ ਸਵਾਲ ਕਰਨ ਵਾਲੇ ਬਣਨ। ਉਹ ਚਾਹੁੰਦੇ ਹਨ ਕਿ ਲੋਕ ਅੰਨ੍ਹੇ ਭਗਤ ਬਣੇ ਰਹਿਣ ਅਤੇ ਉਹ ਜੋ ਲੈਕਚਰ ਦਿੰਦੇ ਹਨ, ਉਸ ਨੂੰ ਸਤ ਬਚਨ ਸਮਝ ਕੇ ਉਸ ਮੁਤਾਬਕ ਹੀ ਚਲਦੇ ਰਹਿਣ।

## ਖੁਦਕੁਸ਼ੀਆਂ ਦਾ ਵਧਦਾ ਰੁਝਾਨ ਚਿੰਤਾਜਨਕ

ਅੱਜ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਹਰ ਇਨਸਾਨ ਮੰਜ਼ਲ ਤੱਕ ਪੁੱਜਣਾ ਚਾਹੁੰਦਾ ਹੈ ।ਹਰ ਇਨਸਾਨ ਕਾਮਯਾਬ ਹੋਣਾ ਚਾਹੁੰਦਾ ਹੈ। ਲਾਜ਼ਮੀ ਵੀ ਹੈ । ਮੰਜ਼ਲ ਨੂੰ ਸਰ ਕਰਨ ਲਈ ਹਰ ਇਨਸਾਨ ਲਈ ਬਹੁਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ । ਟੀਚੇ 'ਤੇ ਹਮੇਸ਼ਾ ਉਹੀ ਲੋਕ ਪਹੁੰਚਦੇ ਹਨ , ਜੋ ਮੁਸੀਬਤਾਂ ਨੂੰ ਖਿੜੇ ਮੱਥੇ ਸਵੀਕਾਰ ਕਰ ਲੈਂਦੇ ਹਨ । ਵਾਰ-ਵਾਰ ਅਸਫ਼ਲ ਹੋਣ 'ਤੇ ਗਲਤੀਆਂ ਨੂੰ ਸਿੱਖ ਕੇ

ਅਸਫ਼ਲਤਾ ਨੂੰ ਸਫ਼ਲਤਾ ਵਿੱਚ ਬਦਲਿਆ ਜਾ ਸਕਦਾ ਹੈ।ਸਿਰਫ਼ ਇਨਸਾਨ ਕੋਲ ਹੀ ਆਪਣੇ ਚੰਗੇ-ਮਾੜੇ ਪਰਖ਼ ਕਰਨ ਦੀ ਲਿਆਕਤ ਹੈ। ਜ਼ਿੰਦਗੀ ਖ਼ੂਬਸੂਰਤ ਹੈ । ਇਸ ਜ਼ਿੰਦਗੀ ਵਿੱਚ ਉਤਾਰ-ਚੜ੍ਹਾਅ ਆਉਂਦੇ ਰਹਿੰਦੇ ਹਨ । ਜਦੋਂ ਕੋਈ ਦੁੱਖ ਆਉਂਦਾ ਹੈ, ਉਸ ਦੀ ਵੀ ਇੱਕ ਸੀਮਾ ਹੁੰਦੀ ਹੈ ।ਥੋੜ੍ਹਾ ਸਮਾਂ ਖਰਾਬ ਹੋ ਸਕਦਾ ਹੈ, ਪਰ ਸਾਰੀ ਜ਼ਿੰਦਗੀ ਖ਼ਰਾਬ ਨਹੀਂ ਹੋ ਸਕਦੀ। ਨਿਮਰਤਾ, ਪ੍ਰੀਤ, ਪਿਆਰ ਤੇ ਸਤਿਕਾਰ ਮਨੁੱਖੀ ਜੀਵਨ ਦੇ ਗਹਿਣੇ ਹੁੰਦੇ ਹਨ। ਸਕਾਰਾਤਮਕ ਸੋਚ ਰੱਖਣੀ ਚਾਹੀਦੀ ਹੈ।ਦਿਨ ਪ੍ਰਤੀ ਦਿਨ ਅਸੀਂ ਆਪਣੇ ਆਲੇ-ਦੁਆਲੇ, ਅਖਬਾਰਾਂ ਵਿੱਚ ਖ਼ੁਦਕੁਸ਼ੀ ਕਰਨ ਦੀਆਂ ਖ਼ਬਰਾਂ ਆਮ ਸੁਣਦੇ ਹਾਂ। ਉਦਾਸੀ ਨਿਰਾਸ਼ਤਾ ਨੂੰ ਪੈਦਾ ਕਰ ਦਿੰਦੀ ਹੈ ਤੇ ਨਿਰਾਸ਼ ਹੋਏ ਵਿਅਕਤੀ ਨੂੰ ਲੱਗਦਾ ਹੈ ਕਿ ਉਸ ਲਈ ਸਾਰੇ ਰਸਤੇ ਬੰਦ ਹੋ ਗਏ ਹਨ। ਫ਼ਿਰ ਉਹ ਖੁਦਕੁਸ਼ੀ ਦੇ ਰਾਹ 'ਤੇ ਚੱਲ ਪੈਂਦਾ ਹੈ। ਅੱਜ ਦੇ ਜ਼ਮਾਨੇ ਵਿੱਚ ਹਰ ਇਨਸਾਨ ਦੂਜੇ ਨੂੰ ਪਛਾੜ ਕੇ ਅੱਗੇ ਵਧਣਾ ਚਾਹੁੰਦਾ ਹੈ। ਮੁਕਾਬਲਾ ਬਹੁਤ ਹੈ। ਜਦੋਂ ਬੱਚਾ ਛੇਵੀਂ - ਸੱਤਵੀਂ ਕਲਾਸ ਵਿੱਚ ਪੜ੍ਹਦਾ ਹੈ ਤਾਂ ਮਾਂ-ਪਿਓ ਕਹਿਣਾ ਸ਼ੁਰੂ ਕਰ ਦਿੰਦੇ ਹਨ ਕਿ ਤੂੰ ਦਸਵੀਂ ਤੋਂ ਬਾਅਦ ਇਸ ਖੇਤਰ ਵਿੱਚ ਜਾਣਾ ਹੈ । ਜ਼ਰੂਰੀ ਨਹੀਂ ਹੈ ਕਿ ਤੁਹਾਡਾ ਬੱਚਾ ਉਸ ਖੇਤਰ ਵਿੱਚ ਸਫ਼ਲ ਹੋਏ । ਜਦੋਂ ਅਜਿਹੇ ਹਾਲਾਤ ਬਣ ਜਾਣ ਤਾਂ ਨਮੋਸ਼ੀ ਮੰਨ ਕੇ ਉਹ ਖੁਦਕੁਸ਼ੀ ਨੂੰ ਗਲ਼ ਲਾ ਲੈਂਦਾ ਹੈ।

ਜੇ ਕਿਸਾਨਾਂ ਦੀ ਗੱਲ ਕਰੀਏ ਤਾਂ ਕਿਸਾਨਾਂ ਨੇ ਵੀ ਖੁਦਕੁਸ਼ੀ ਕੀਤੀ ਹੈ। ਮਹਾਰਾਸ਼ਟਰ ਦੇ ਕਈ ਪਿੰਡਾਂ ਦੇ ਕਿਸਾਨਾਂ ਦਾ ਜੋ ਅੰਕੜਾ ਆਇਆ, ਉਹ ਹੈਰਾਨ ਕਰਨ ਵਾਲਾ ਹੈ। ਖੇਤੀਬਾੜੀ ਨੂੰ ਸਦਾ ਮੁਲਕ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ। 70 ਪ੍ਰਤੀਸ਼ਤ ਮੁਲਕ ਦੀ ਆਬਾਦੀ ਖੇਤੀ 'ਤੇ ਨਿਰਭਰ ਹੈ। ਖੇਤੀ ਹੇਠਲੇ ਘੱਟ ਰਕਬੇ ਤੇ ਮਹਿੰਗਾਈ ਦੀ ਮਾਰ ਨੇ ਕਿਸਾਨਾਂ ਦਾ ਲੱਕ ਤੋੜ ਦਿੱਤਾ ਹੈ। ਹੁਣ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਹੜ੍ਹਾਂ ਕਾਰਨ ਬਹੁਤ ਨੁਕਸਾਨ ਹੋਇਆ । ਹਰੀ-ਭਰੀ ਫਸਲ ਤਬਾਹ ਹੋ ਗਈ। ਪਹਿਲਾਂ ਹੀ ਕਿਸਾਨਾਂ 'ਤੇ ਕਰਜ਼ੇ ਦੀ ਪੰਡ ਬਹੁਤ ਭਾਰੀ ਸੀ । ਜ਼ਮੀਨਾਂ ਵਿੱਚ ਛੇ-ਛੇ -ਸੱਤ-ਸੱਤ ਫੁੱਟ ਰੇਤ ਚੜ੍ਹ ਗਿਆ । ਬੋਰ ਖ਼ਰਾਬ ਹੋ ਗਏ ਹਨ । ਹਰ ਵਾਰ ਕਿਸਾਨਾਂ ਨੂੰ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਜੇ ਫ਼ਸਲ ਵਧੀਆ ਹੋ ਜਾਵੇ ਤਾਂ ਉਸ ਦਾ ਵਾਜਬ ਮੁੱਲ ਨਹੀਂ ਮਿਲ ਪਾਉਂਦਾ ਹੈ। ਮਜ਼ਦੂਰਾਂ ਦੀ ਹਾਲਤ ਵੀ ਸਹੀ ਨਹੀਂ ਹੈ। ਹਾਲ ਹੀ ਵਿੱਚ ਖ਼ਬਰ ਪੜ੍ਹੀ ਕਿ ਇੱਕ ਐਮ ਬੀ ਬੀ ਐੱਸ ਡਾਕਟਰ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ । ਮੈਡੀਕਲ ਕਾਲਜ ਵਿੱਚ ਇਹ ਕੁੜੀ ਇੰਟਰਨਸ਼ਿਪ ਕਰ ਰਹੀ ਸੀ। ਖਬਰਾਂ ਮੁਤਾਬਕ ਲੜਕੀ ਐਮ ਬੀ ਬੀ ਐੱਸ ਤੋਂ ਬਾਅਦ ਐਮ ਡੀ ਦੀ ਤਿਆਰੀ ਕਰ ਰਹੀ ਸੀ, ਜਿਸ ਕਾਰਨ ਉਹ ਕਾਫ਼ੀ ਤਣਾਅ ਵਿੱਚ ਸੀ ।

ਵਿਸ਼ਵ ਸੰਗਠਨ ਮੁਤਾਬਕ ਵਿਸ਼ਵੀ ਜੰਗਾਂ ਤੇ ਮਹਾਂਮਾਰੀਆਂ ਦੇ ਮੁਕਾਬਲੇ ਖੁਦਕੁਸ਼ੀ ਦਾ ਰੁਝਾਨ ਜ਼ਿਆਦਾ ਵਧ ਗਿਆ ਹੈ। ਡਾਕਟਰ ਕੋਲ ਜਾਣ ਵਾਲੇ ਦਸ ਵਿੱਚੋਂ ਛੇ ਲੋਕ ਤਣਾਅ ਦਾ ਸ਼ਿਕਾਰ ਹਨ। ਅਮਰੀਕਾ ਦੇ ਮੁਕਾਬਲੇ ਭਾਰਤ ਵਿੱਚ ਖੁਦਕੁਸ਼ੀਆਂ ਦੀ ਦਰ ਕਾਫੀ ਵੱਧ ਹੈ। ਦਿਨ ਪ੍ਰਤੀ ਦਿਨ ਇਹ ਸਮੱਸਿਆ ਭਿਆਨਕ ਰੂਪ ਧਾਰ ਰਹੀ ਹੈ। ਪੂਰੇ ਭਾਰਤ ਵਿੱਚ ਇੱਕ ਦਿਨ ਵਿੱਚ 350 ਤੋਂ ਵੱਧ ਖੁਦਕੁਸ਼ੀਆਂ ਹੋਣ ਦਾ ਅੰਕੜਾ ਆਇਆ ਹੈ। ਖੁਦਕੁਸ਼ੀ ਕਰਨ ਵਿੱਚ ਮਰਦ ਜਿਆਦਾ ਹਨ । ਜੇ ਮਹਾਂਨਗਰਾਂ ਦੀ ਗੱਲ ਕਰੀਏ ਤਾਂ ਉਸ ਵਿੱਚ ਚੇਨਈ ਸਭ ਤੋਂ ਸਿਖਰ 'ਤੇ ਹੈ ।ਖੁਦਕੁਸ਼ੀ ਕਿਸੇ ਸਮੱਸਿਆ ਦਾ ਹੱਲ ਨਹੀਂ । ਇੱਕ ਹੋਰ ਖ਼ਬਰ ਸੁਣਨ ਨੂੰ ਮਿਲੀ ਕਿ ਇੱਕ ਲੜਕੀ ਨੇ ਮਤਰੇਈ ਮਾਂ ਦੇ ਵਿਹਾਰ ਤੋਂ ਤੰਗ ਆ ਕੇ ਫਾਹਾ ਲੈ ਲਿਆ । ਅਕਸਰ ਪਰਵਾਰਾਂ ਵਿਚ ਤਕਰਾਰ ਹੋ ਜਾਂਦਾ ਹੈ। ਇੱਕ ਹੋਰ ਖ਼ਬਰ ਸੁਣਨ ਨੂੰ ਮਿਲੀ ਕਿ ਇੱਕ ਔਰਤ ਨੇ ਆਪਣੇ ਹੀ ਪਿੰਡ ਦੇ ਪਤੀ-ਪਤਨੀ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਲਈ । ਕੋਈ ਜ਼ਹਿਰੀਲੀ ਚੀਜ਼ ਖਾ ਕੇ ਉਸ ਨੇ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ। ਚੇਤੇ ਕਰਵਾ ਦੇਈਏ ਕਿ ਜ਼ਿੰਦਗੀ ਸਾਨੂੰ ਇੱਕ ਵਾਰ ਮਿਲੀ ਹੈ, ਵਾਰ-ਵਾਰ ਨਹੀਂ ਮਿਲਦੀ।ਅਕਸਰ ਅਸੀਂ ਦੇਖਦੇ ਹਾਂ ਕਿ ਘਰ ਵਿੱਚ ਇੱਕ ਮੈਂਬਰ ਦਾ ਸੁਭਾਅ ਬੜਾ ਕੱਬਾ ਹੁੰਦਾ ਹੈ, ਜੇ ਉਸ ਇਨਸਾਨ ਦਾ ਸੁਭਾਅ ਗਰਮ ਹੈ, ਤਾਂ ਬਾਕੀ ਮੈਂਬਰਾਂ ਨੂੰ ਸ਼ਾਂਤ ਰਹਿਣਾ ਚਾਹੀਦਾ ਹੈ । ਕਹਿੰਦੇ ਵੀ ਹਨ ਕਿ ਲੱਸੀ ਤੇ ਲੜਾਈ ਨੂੰ ਜਿੰਨਾ ਮਰਜ਼ੀ ਵਧਾ ਲਓ । ਬੱਚਿਆਂ ਦੀ ਗੱਲ ਕਰੀਏ ਤਾਂ ਬੱਚਿਆਂ ਵਿੱਚ ਬਿਲਕੁਲ ਵੀ ਸਹਿਣਸ਼ੀਲਤਾ ਨਹੀਂ ਹੈ ।ਜੇ ਬੱਚੇ ਗਲਤ ਹੁੰਦੇ ਹਨ , ਤਾਂ ਮਾਂ-ਪਿਓ ਨੂੰ ਅੱਜ ਏਨਾ ਵੀ ਹੱਕ ਨਹੀ ਰਿਹਾ ਕਿ ਉਹਨਾਂ ਨੂੰ ਝਿੜਕ ਦੇਣ।ਜੇ ਤੁਹਾਡਾ ਕਿਸੇ ਗੱਲ ਨੂੰ ਲੈ ਕੇ ਪਰਵਾਰ ਵਿੱਚ ਮਨਮੁਟਾਵ ਹੈ ਤਾਂ ਕਿਸੇ ਪਾਰਕ ਵਿੱਚ ਚਲੇ ਜਾਓ, ਗੁਰੂ ਘਰ ਜਾਓ।ਕਹਿਣ ਦਾ ਭਾਵ ਹੈ ਕਿ ਕੋਈ ਵੀ ਅਜਿਹਾ ਗ਼ਲਤ ਕਦਮ ਨਾ ਉਠਾਓ, ਜਿਸ ਨਾਲ ਕੱਲ੍ਹ ਨੂੰ ਪਰਿਵਾਰਕ ਮੈਂਬਰਾਂ ਨੂੰ ਸ਼ਰਮਿੰਦਾ ਹੋਣਾ ਪਵੇ ।ਅੱਜ ਇਨਸਾਨ ਵਰਤਮਾਨ ਵਿੱਚ ਜਿਉਣਾ ਭੁੱਲ ਚੁੱਕਿਆ ਹੈ। ਉਸ ਨੂੰ ਭਵਿੱਖ ਦੀ ਚਿੰਤਾ ਜ਼ਿਆਦਾ ਸਤਾ ਰਹੀ ਹੈ। ਅਕਸਰ ਸਾਡੇ ਸਾਹਮਣੇ ਕਈ ਅਜਿਹੇ ਧਾਰਮਿਕ ਬਿਰਤੀ ਵਾਲੇ ਲੋਕ ਹੁੰਦੇ ਹਨ, ਜੋ ਵਰਤਮਾਨ ਵਿੱਚ ਵਧੀਆ ਜ਼ਿੰਦਗੀ ਬਸਰ ਕਰਦੇ ਹਨ । ਉਹ ਕਹਿੰਦੇ ਹਨ ਕਿ ਜ਼ਿੰਦਗੀ ਵਿੱਚ ਜੋ ਵੀ ਕੁਝ ਵਾਪਰ ਰਿਹਾ ਹੈ, ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰ ਲੈਣਾ ਚਾਹੀਦਾ ਹੈ।

ਜ਼ਿੰਦਗੀ ਤਾਂ ਵੈਸੇ ਵੀ ਟੈਨਸ਼ਨ ਨਾਲ ਭਰੀ ਹੋਈ ਹੈ । ਛੋਟੀ-ਛੋਟੀ ਉਮਰ ਵਿੱਚ ਹੀ ਬੱਚਿਆਂ ਨੂੰ ਅਟੈਕ ਹੋ ਰਹੇ ਹਨ। ਟੈਨਸ਼ਨ ਨਾ ਲਵੋ। ਹੱਸ ਖੇਡ ਕੇ ਸਮਾਂ ਗੁਜ਼ਾਰੋ। ਮਾੜਾ ਸਮਾਂ ਵੀ ਲੰਘ ਜਾਂਦਾ ਹੈ। ਸਾਨੂੰ ਸਬਰ-ਸੰਤੋਖ ਵਿੱਚ ਰਹਿ ਕੇ ਹੀ ਉਸ ਵਿੱਚੋਂ ਨਿਕਲਣਾ ਹੁੰਦਾ ਹੈ। ਜ਼ਿੰਦਗੀ ਦੇ ਹਰ ਪਲ ਨੂੰ ਵਧੀਆ ਤਰੀਕੇ ਨਾਲ ਹੰਢਾਉਣਾ ਚਾਹੀਦਾ ਹੈ।

**ਸੰਜੀਵ ਸਿੰਘ ਸੈਣੀ**
# ਸੰਪਰਕ : 78889-66168

ਬਰਸੀ 'ਤੇ ਵਿਸ਼ੇਸ਼

# ਆਪਣੇ ਲਹੂ ਨਾਲ ਇਤਿਹਾਸ ਰਚਣ ਵਾਲੇ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ

ਅਵਤਾਰ ਲੰਗੇਰੀ

ਮਹਾਨ ਇਨਕਲਾਬੀ ਅਮਰ ਸ਼ਹੀਦ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਗੜ੍ਹਸ਼ੰਕਰ ਤਹਿਸੀਲ ਦੇ ਇਕ ਛੋਟੇ ਜਿਹੇ ਪਿੰਡ ਲੰਗੇਰੀ ਵਿੱਚ ਪਿਤਾ ਸਰਦਾਰ ਦੇਵਾ ਸਿੰਘ ਸੰਘਾ ਅਤੇ ਮਾਤਾ ਸ੍ਰੀਮਤੀ ਰਾਓ ਦੇ ਘਰ 13 ਮਾਰਚ 1918 ਨੂੰ ਜਨਮ ਲਿਆ। ਅੱਜ ਮਿਤੀ 25 ਸਤੰਬਰ 2025 ਨੂੰ ਉਨ੍ਹਾ ਦੇ 39ਵੇਂ ਸ਼ਹੀਦੀ ਦਿਹਾੜੇ ਸਮੇਂ ਉਨ੍ਹਾਂ ਨੂੰ ਯਾਦ ਕਰਦਿਆਂ ਜਦੋਂ ਦੇਸ਼ ਦਾ ਮਜ਼ਦੂਰ ਕਿਸਾਨ ਆਪਣੇ ਹੱਕਾਂ ਲਈ ਦੇਸ਼ ਦੇ ਵੱਖ-ਵੱਖ ਖਿੱਤਿਆਂ ਅੰਦਰ ਵੱਡੀਆਂ ਕਾਰਪੋਰੇਟ ਸ਼ਕਤੀਆਂ ਅਤੇ ਉਸ ਦੀ ਕਠਪੁਤਲੀ ਕੇਂਦਰ ਸਰਕਾਰ ਵਿਰੁੱਧ ਸੰਘਰਸ਼ ਕਰਕੇ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੋਵੇ ਤਾਂ ਸਾਥੀ ਕੈਨੇਡੀਅਨ ਦੇ ਜੀਵਨ ਸੰਘਰਸ਼, ਉਨ੍ਹਾ ਵੱਲੋਂ ਘਾਲੀ ਗਈ ਘਾਲਣਾ ਅਤੇ ਦਿੱਤੀ ਗਈ ਸ਼ਹਾਦਤ ਨੂੰ ਯਾਦ ਕਰਨਾ ਸਮੇਂ ਦੀ ਅਣਸਰਦੀ ਲੋੜ ਬਣਦੀ ਹੈ ।

ਪਿੰਡ ਦੇ ਪ੍ਰਾਇਮਰੀ ਅਤੇ ਮਾਹਿਲਪੁਰ ਦੇ ਹਾਈ ਸਕੂਲ ਤੋਂ ਦਸਵੀਂ ਦੀ ਪੜ੍ਹਾਈ ਕਰਨ ਉਪਰੰਤ 1936 ਈਸਵੀ ਵਿੱਚ ਘਰ ਦੀ ਗ਼ਰੀਬੀ ਤੋਂ ਨਿਜਾਤ ਪਾਉਣ ਲਈ ਆਪਣੀ ਥੋੜ੍ਹੀ ਜਿਹੀ ਜ਼ਮੀਨ ਵੀ ਗਹਿਣੇ ਰੱਖ ਕੈਨੇਡਾ ਵੱਲ ਨੂੰ ਚਾਲੇ ਪਾ ਦਿੱਤੇ । ਇਹ ਸਫਰ ਉਨ੍ਹਾ ਲਈ ਬੜਾ ਸੰਘਰਸ਼ਮਈ ਰਿਹਾ ਉਹ ਕੈਨੇਡਾ ਲਈ ਕਲਕੱਤੇ ਤੋਂ ਮਾਲ ਢੋਣ ਵਾਲੇ ਜਹਾਜ਼ ਰਾਹੀਂ ਹਾਂਗਕਾਂਗ ਤੇ ਫਿਰ ਸ਼ੰਘਈ ਪੁੱਜੇ ।ਵੈਨਕੂਵਰ ਲਈ ਜਹਾਜ਼ ਫੜਨ ਵਾਸਤੇ ਉਨ੍ਹਾ ਨੂੰ ਸ਼ੰਘਈ ਵਿੱਚ ਲਗਭੱਗ ਡੇਢ ਮਹੀਨੇ ਦੀ ਉਡੀਕ ਕਰਨੀ ਪਈ। ਆਖ਼ਰ ਉਹ 13 ਮਾਰਚ 1937 ਨੂੰ ਕੈਨੇਡਾ ਦੇ ਸ਼ਹਿਰ ਵੈਨਕੂਵਰ ਵਿੱਚ ਆ ਪਹੁੰਚੇ। ਇਸ ਦਿਨ ਉਨ੍ਹਾਂ ਦਾ 19ਵਾਂ ਜਨਮ ਦਿਨ ਸੀ। ਦਰਸ਼ਨ ਸਿੰਘ ਕੈਨੇਡਾ ਵਿੱਚ ਵਿਦਿਆਰਥੀ ਦੇ ਤੌਰ 'ਤੇ ਦਾਖਲ ਹੋਏ, ਪਰ ਯੂਨੀਵਰਸਿਟੀ ਵਿਚ ਪੜ੍ਹਨ ਲਈ ਪੈਸੇ ਦੀ ਲੋੜ ਸੀ, ਜਿਸ ਕਰਕੇ ਉਨ੍ਹਾਂ ਨੂੰ ਲੱਕੜ ਮਿੱਲ ਵਿੱਚ ਭਾਰੀ ਫੱਟੇ ਖਿੱਚਣ ਦਾ ਕੰਮ ਕਰਨਾ ਪਿਆ। ਕੁਝ ਸਮਾਂ ਲੱਕੜ ਮਿੱਲ ਵਿੱਚ ਕੰਮ ਕਰਨ ਤੋਂ ਬਾਅਦ ਦਰਸ਼ਨ ਸਿੰਘ ਨੇ ਇਹ ਕੰਮ ਛੱਡ ਦਿੱਤਾ ਤੇ ਉਹ ਡੰਕਨ ਨੇੜੇ ਲੌਗਿੰਗ ਕੈਂਪ ਵਿੱਚ ਜਾ ਕੇ ਕੰਮ ਕਰਨ ਲੱਗੇ । ਇਹ ਜਾਨ ਜੋਖ਼ਮ ਵਿੱਚ ਪਾਉਣ ਵਾਲਾ ਕੰਮ ਸੀ, ਪਰ ਇੱਥੇ ਮਜ਼ਦੂਰੀ ਦੇ ਪੈਸੇ ਵੱਧ ਮਿਲਦੇ ਸਨ ।ਕੁਝ ਮਹੀਨੇ ਮਿੱਲ ਦੇ ਲੌਗਿੰਗ ਕੈਂਪ ਵਿਚ ਕੰਮ ਕਰਨ ਤੋਂ ਬਾਅਦ ਦਰਸ਼ਨ ਸਿੰਘ ਵੈਨਕੂਵਰ ਦੀ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਵਿਚ ਪੜ੍ਹਾਈ ਕਰਨ ਲੱਗੇ, ਪਰ ਦਰਸ਼ਨ ਸਿੰਘ ਆਪਣੀ ਯੂਨੀਵਰਸਿਟੀ ਦੀ ਪੜ੍ਹਾਈ ਨਾਲੋਂ ਮਾਰਕਸਵਾਦੀ ਸਾਹਿਤ ਪੜ੍ਹਨ ਵਿੱਚ ਜ਼ਿਆਦਾ ਦਿਲਚਸਪੀ ਰੱਖਦੇ ਸਨ । ਉਹ ਬਹੁਤਾ ਸਮਾਂ ਰਾਜਨੀਤਕ ਮਸਲਿਆਂ ਬਾਰੇ ਪੜ੍ਹਨ ਅਤੇ ਉਨ੍ਹਾਂ ਨੂੰ ਸਮਝਣ 'ਤੇ ਲਾਉਂਦੇ ਰਹੇ ।ਦਰਸ਼ਨ ਸਿੰਘ ਦੇ ਕਹਿਣ ਅਨੁਸਾਰ ਉਸ ਨੂੰ ਯੂਨੀਵਰਸਿਟੀ ਦੇ ਮਜ਼ਬੂਨਾਂ ਦੀ ਸਮਝ ਨਹੀਂ ਸੀ ਪੈਂਦੀ, ਪਰ ਸਿਆਸੀ ਸਾਹਿਤ ਪੜ੍ਹਨ ਅਤੇ ਸਮਝਣ ਵਿੱਚ ਉਨ੍ਹਾਂ ਨੂੰ ਕਦੇ ਵੀ ਕੋਈ ਮੁਸ਼ਕਿਲ ਪੇਸ਼ ਨਹੀਂ ਸੀ ਆਉਂਦੀ ।

ਕਾਮਰੇਡ ਦਰਸ਼ਨ ਸਿੰਘ ਹਿੰਦੁਸਤਾਨ ਦੀ ਕਮਿਊਨਿਸਟ ਪਾਰਟੀ ਨਾਲ ਵੀ ਪੂਰੀ ਤਰ੍ਹਾਂ ਜੁੜੇ ਹੋਏ ਸਨ। ਉਹ ਹਿੰਦੁਸਤਾਨੀ ਭਾਈਚਾਰੇ ਦੀਆਂ ਸਰਗਰਮੀਆਂ 'ਚ ਡੂੰਘੀ ਦਿਲਚਸਪੀ ਰੱਖਦੇ ਸੀ। ਜਦੋਂ ਵੀ ਸਮਾਂ ਮਿਲਦਾ, ਉਹ ਵੱਖ-ਵੱਖ ਥਾਵਾਂ 'ਤੇ ਜਾ ਕੇ ਹਿੰਦੁਸਤਾਨ ਦੀ ਆਜ਼ਾਦੀ, ਕੈਨੇਡਾ ਵਿੱਚ ਵੋਟ ਦੇ ਹੱਕ, ਨਸਲਵਾਦ, ਮਜ਼ਦੂਰਾਂ ਦੀ ਲੁੱਟ-ਖਸੁੱਟ ਅਤੇ ਸਮਾਜਿਕ ਪਾੜੇ ਬਾਰੇ ਅਕਸਰ ਹੀ ਤਕਰੀਰਾਂ ਕਰਦੇ, ਜਿਸ ਕਰਕੇ ਉਹ ਕੈਨੇਡੀਅਨ ਪੰਜਾਬੀਆਂ ਅਤੇ ਅਗਾਂਹਵਧੂ ਗੋਰਿਆਂ ਵਿੱਚ ਬਹੁਤ ਹੀ ਹਰਮਨ-ਪਿਆਰੇ ਹੋ ਗਏ । ਇਨ੍ਹਾਂ ਤਕਰੀਰਾਂ ਕਾਰਨ ਦਰਸ਼ਨ ਨੂੰ ਇਮੀਗ੍ਰੇਸ਼ਨ ਵੱਲੋਂ ਵਰਕ ਪਰਮਿਟ ਦੇਣੇ ਬੰਦ ਕਰ ਦਿੱਤੇ ਗਏ, ਜਿਸ ਕਾਰਨ ਉਨ੍ਹਾ ਨੂੰ ਯੂਨੀਵਰਸਿਟੀ ਦੀ ਪੜ੍ਹਾਈ ਬੰਦ ਕਰਨੀ ਪਈ ਅਤੇ ਉਨ੍ਹਾ ਦੇ ਸੰਘਰਸ਼ਮਈ ਜੀਵਨ ਦੀ ਸ਼ੁਰੂਆਤ ਹੋਈ।



ਦਰਸ਼ਨ ਦਾ ਭਾਸ਼ਨ ਸਮੇਂ ਇਕ ਵਿਸ਼ੇਸ਼ ਅੰਦਾਜ਼

ਦਰਸ਼ਨ ਸਿੰਘ ਹਿੰਦੁਸਤਾਨ ਵਿਚ ਰਹਿੰਦਿਆਂ ਹੀ ਸਮਾਜਵਾਦੀ ਵਿਚਾਰਧਾਰਾ ਤੋਂ ਪ੍ਰਭਾਵਤ ਸੀ। ਕੈਨੇਡਾ ਵਿਚ ਆ ਕੇ ਮਾਰਕਸਵਾਦੀ ਸਾਹਿਤ ਪੜ੍ਹਿਆ ਤਾਂ ਆਪ ਦੇ ਵਿਚਾਰ ਹੋਰ ਪੱਕੇ ਹੋ ਗਏ। ਆਪ ਨੇ ਕੈਨੇਡਾ ਵਿਚ ਹਿੰਦੋਸਤਾਨੀ ਕਮਿਊਨਿਟੀ ਦੇ ਚਾਲੀ ਸਾਲਾਂ ਦੇ ਇਤਿਹਾਸ ਨੂੰ ਪੜ੍ਹਿਆ ਅਤੇ ਘੋਖਿਆ । ਆਪ ਨੂੰ ਇਸ ਗੱਲ ਦੀ ਸਮਝ ਆਈ ਕਿ ਕਾਮਾਗਾਟਾ ਮਾਰੂ ਦੇ ਦਿਨਾਂ ਤੋਂ ਲੈ ਕੇ ਹੁਣ ਤੱਕ ਜਦ ਵੀ ਕਦੀ ਹਿੰਦੁਸਤਾਨੀ ਆਵਾਸੀਆਂ 'ਤੇ ਭਾਰੀ ਪਈ ਤਾਂ ਸਿਰਫ਼ ਕਮਿਊਨਿਸਟ ਵਿਚਾਰਾਂ ਦੇ ਕੈਨੇਡੀਅਨ ਹੀ ਉਨ੍ਹਾਂ ਦੀ ਮਦਦ ਲਈ ਬਹੁੜੇ ਹਨ, ਇਹ ਸਿਰਫ਼ ਕੈਨੇਡੀਅਨ ਕਮਿਊਨਿਸਟ ਪਾਰਟੀ ਹੀ ਸੀ, ਜਿਹੜੀ ਹਿੰਦੁਸਤਾਨ ਦੀ ਆਜ਼ਾਦੀ ਦੀ ਹਮਾਇਤ ਕਰਦੀ ਸੀ ਅਤੇ ਨਸਲਵਾਦ ਵਿਰੁੱਧ ਸਰਗਰਮੀ ਨਾਲ ਲੜਦੀ ਸੀ, ਜਿਸ ਕਰਕੇ ਅਲਬਰਟਾ ਵਿਚ ਰਹਿੰਦਿਆਂ ਉਹ 1939 ਵਿੱਚ ਕਮਿਊਨਿਸਟ ਪਾਰਟੀ ਆਫ ਕੈਨੇਡਾ ਦੇ ਮੈਂਬਰ ਬਣ ਗਏ ।

ਕੈਨੇਡਾ ਰਹਿੰਦਿਆ ਉਨ੍ਹਾਂ ਅੰਦਰ ਹਿੰਦੁਸਤਾਨ ਦੀ ਜੰਗੇ ਆਜ਼ਾਦੀ ਵਿੱਚ ਆਪਣਾ ਯੋਗਦਾਨ ਪਾਉਣ ਦੀ ਤੀਬਰ ਇੱਛਾ ਸੀ, ਇਸੇ ਇਰਾਦੇ ਨਾਲ ਉਹ ਜੂਨ ਉੱਨੀ ਸੌ ਚਾਲੀ ਵਿੱਚ ਵੈਨਕੂਵਰ ਜਹਾਜ਼ ਫੜ ਕੇ ਹਿੰਦੁਸਤਾਨ ਨੂੰ ਰਵਾਨਾ ਹੋ ਗਏ। ਦਰਸ਼ਨ ਸਿੰਘ ਤੋਂ ਪਹਿਲਾਂ ਗ਼ਦਰ ਪਾਰਟੀ ਨੇ ਸਾਨ ਫਰਾਂਸਿਸਕੋ ਤੋਂ ਕੁਝ ਗ਼ਦਰੀਆਂ ਨੂੰ ਹਿੰਦੋਸਤਾਨ ਭੇਜਿਆ ਸੀ, ਪਰ ਜਾਪਾਨ ਪੁੱਜਣ 'ਤੇ ਦਰਸ਼ਨ ਸਿੰਘ ਨੂੰ ਪਤਾ ਲੱਗਾ ਕਿ ਉਨ੍ਹਾਂ ਗ਼ਦਰੀਆਂ 'ਚੋਂ ਬਹੁਤਿਆਂ ਨੂੰ ਸ਼ੰਘਾਈ ਅਤੇ ਹਾਂਗਕਾਂਗ ਵਿੱਚ ਫੜ ਕੇ ਜੇਲ੍ਹੀਂ ਡੱਕ ਦਿੱਤਾ ਹੈ, ਜਿਸ 'ਤੇ ਜਾਪਾਨ 'ਚ ਰਹਿੰਦੇ ਹਿੰਦੁਸਤਾਨੀਆਂ ਨੇ ਦਰਸ਼ਨ ਨੂੰ ਆਖਿਆ-ਜੇ ਤੂੰ ਸ਼ੰਘਾਈ ਦੀ ਜੇਲ੍ਹ ਵਿੱਚ ਸੜਨਾ ਚਾਹੁੰਦਾ ਤਾਂ ਜਾ ਸਕਦੈਂ, ਪਰ ਇਸ ਵਿੱਚ ਕੋਈ ਫ਼ਾਇਦਾ ਨਹੀਂ ਹੋਣਾ । ਇਸ ਕਰਕੇ ਉਨ੍ਹਾਂ ਦੀ ਸਲਾਹ ਮੰਨ ਕੇ ਦਰਸ਼ਨ ਫੇਰ ਜਪਾਨ ਤੋਂ ਵਾਪਸ ਕੈਨੇਡਾ ਮੁੜ ਗਏ । ਕੈਨੇਡਾ ਵਾਪਸੀ 'ਤੇ ਉਨ੍ਹਾਂ ਦੀ ਮਿਲਣੀ ਕਮਿਊਨਿਸਟ ਲੀਡਰ ਨਾਈਜਲ ਮੌਰਗਨ ਨਾਲ ਹੋਈ। ਨਾਈਜਲ ਮੌਰਗਨ ਲੱਕੜ ਦੀਆਂ ਮਿੱਲਾਂ ਦੇ ਕਾਮਿਆਂ ਦੀ ਯੂਨੀਅਨ ਸੰਗਠਿਤ ਕਰਨ ਲਈ ਦਰਸ਼ਨ ਦੀ ਮਦਦ ਚਾਹੁੰਦਾ ਸੀ ।ਲੱਕੜ ਮਿੱਲਾਂ ਦੇ ਕਾਮਿਆਂ ਦੀ ਯੂਨੀਅਨ ਇੰਟਰਨੈਸ਼ਨਲ ਵੁੱਡ ਵਰਕਸ ਆਫ ਅਮੈਰਿਕਾ ਅਮਰੀਕਾ ਵਿੱਚ ਜੰਮੀ-ਪਲੀ ਸੀ ਤੇ ਇਸ ਨੂੰ ਬਣਾਉਣ ਵਾਲੇ ਵੀ ਅਮਰੀਕੀ ਕਮਿਊਨਿਸਟ ਸਨ ।ਆਈ ਡਬਲਯੂ ਏ ਦੀ ਉੱਪਰਲੀ ਲੀਡਰਸ਼ਿਪ ਕਮਿਊਨਿਸਟਾਂ ਦੇ ਹੱਥ ਵਿੱਚ ਹੀ ਸੀ। ਕੈਨੇਡਾ ਵਿੱਚ ਆਈ ਡਬਲਯੂ ਏ ਨੂੰ ਬਣਾਉਣ ਵਾਲੇ ਵੀ ਕਮਿਊਨਿਸਟ ਹੀ ਸਨ । ਕਮਿਊਨਿਸਟ ਲੀਡਰ ਨਾਈਜਲ ਮੌਰਗਨ ਨੇ ਦਰਸ਼ਨ ਸਿੰਘ ਨੂੰ ਦੱਸਿਆ ਕਿ ਹਿੰਦੁਸਤਾਨੀ, ਚੀਨੀ ਤੇ ਜਾਪਾਨੀ ਕਾਮਿਆਂ ਨੂੰ ਜਥੇਬੰਦ ਕਰਨ 'ਚ ਪਾਰਟੀ ਨੂੰ ਮੁਸ਼ਕਲ ਆ ਰਹੀ ਹੈ ਤੇ ਹਿੰਦੁਸਤਾਨੀ ਕਾਮਿਆਂ ਨੂੰ ਆਈ ਡਬਲਯੂ ਏ 'ਚ ਲਿਆਉਣ ਲਈ ਉਸ ਨੂੰ ਦਰਸ਼ਨ ਦੀ ਮਦਦ ਚਾਹੀਦੀ ਹੈ ।ਦਰਸ਼ਨ ਸਿੰਘ ਇਸ ਕੰਮ ਲਈ ਰਾਜ਼ੀ ਹੋ ਗਏ। ਆਪ 1944-45 ਤੱਕ ਬਹੁਤ ਸਾਰੇ ਕਾਮਿਆਂ ਨੂੰ ਆਈ ਡਬਲਯੂ ਏ ਦੇ ਮੈਂਬਰ ਬਣਾਉਣ ਵਿਚ ਕਾਮਯਾਬ ਹੋ ਗਏ। ਦਰਸ਼ਨ ਅਤੇ ਹੋਰ ਕਮਿਊਨਿਸਟ ਇਨਕਲਾਬੀ ਲੀਡਰਾਂ ਦੀ ਅਗਵਾਈ 'ਚ 15 ਮਈ 1946 ਨੂੰ ਲੱਕੜ ਸਨਅਤ ਦੇ ਕਾਮਿਆਂ ਨੇ ਹੜਤਾਲ ਕਰ ਦਿੱਤੀ। ਆਈ ਡਬਲਯੂ ਏ ਲਈ 37 ਦਿਨ ਚੱਲੀ ਇਹ ਇਕ ਇਤਿਹਾਸਕ ਤੇ ਫ਼ੈਸਲਾਕੁੰਨ ਹੜਤਾਲ ਸੀ। ਇਸ ਹੜਤਾਲ ਵਿੱਚ ਪੰਜਾਬੀ ਕਾਮਿਆਂ ਨੇ ਯੂਨੀਅਨ ਦਾ ਪੂਰਾ-ਪੂਰਾ ਸਾਥ ਦਿੱਤਾ ਉਹ ਆਪਣੇ ਗੋਰੇ ਭਰਾਵਾਂ ਨਾਲ ਰਲ ਕੇ ਪਿਕਟ ਲਾਈਨਾਂ ਤੇ ਡਟੇ ਰਹੇ। ਆਖਰ ਯੂਨੀਅਨ ਦੀ ਜਿੱਤ ਹੋਈ। ਦਿਹਾੜੀ ਅੱਠ ਘੰਟੇ ਦੀ ਮੰਨ ਲਈ ਗਈ, ਤਨਖ਼ਾਹ ਦੇ ਪ੍ਰਤੀ ਘੰਟਾ ਰੇਟ ਵਿੱਚ ਭਾਰੀ ਵਾਧਾ ਹੋਇਆ, ਹਿੰਦੋਸਤਾਨੀ ਤੇ ਦੂਸਰੇ ਗ਼ੈਰ ਗੋਰੇ ਕਾਮਿਆਂ ਨੂੰ ਗੋਰੇ ਕਾਮਿਆਂ ਜਿੰਨੀ ਤਨਖ਼ਾਹ ਮਿਲਣ ਲੱਗੀ। ਇਸ ਹੜਤਾਲ ਦੀ ਕਾਮਯਾਬੀ 'ਚ ਦਰਸ਼ਨ ਸਿੰਘ ਦਾ ਵੱਡਾ ਇਤਿਹਾਸਕ ਯੋਗਦਾਨ ਰਿਹਾ ।

ਕੈਨੇਡਾ ਵਿੱਚ ਰਹਿੰਦੇ ਹਿੰਦੁਸਤਾਨੀਆਂ ਵੱਲੋਂ ਵੋਟ ਦੇ ਹੱਕ ਲਈ ਲੜੇ ਘੋਲ ਵਿੱਚ ਵੀ ਦਰਸ਼ਨ ਸਿੰਘ ਨੇ ਅਹਿਮ ਭੂਮਿਕਾ ਨਿਭਾਈ ਦਰਸ਼ਨ ਸਿੰਘ ਵੱਲੋਂ ਕਮਿਊਨਿਟੀ ਦੇ ਦੂਸਰੇ ਲੀਡਰਾਂ ਨਾਲ ਰਲ ਕੇ ਵੋਟ ਦੇ ਹੱਕ ਲਈ ਲੜੇ ਇਸ ਘੋਲ ਦੀ ਆਖਰ ਜਿੱਤ ਹੋਈ ।ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਨੇ 2 ਅਪ੍ਰੈਲ 1947 ਨੂੰ ਕਾਨੂੰਨ ਬਣਾ ਕੇ ਹਿੰਦੁਸਤਾਨੀਆਂ ਨੂੰ ਵੋਟ ਦਾ ਹੱਕ ਦੇ ਦਿੱਤਾ ।ਬੀ ਸੀ ਵਿੱਚ ਵੋਟ ਦਾ ਹੱਕ ਮਿਲਣ ਨਾਲ ਇੱਥੇ ਵਸਦੇ ਹਿੰਦੁਸਤਾਨੀਆਂ ਨੂੰ ਕੈਨੇਡਾ ਦੇ ਸਿਟੀਜ਼ਨ ਬਣਨ ਅਤੇ ਕੈਨੇਡਾ 'ਚ ਵੋਟ ਪਾਉਣ ਦਾ ਹੱਕ ਮਿਲ ਗਿਆ ।

ਦਰਸ਼ਨ ਡੂੰਘੇ ਚਿੰਤਕ ਹੋਣ ਕਾਰਨ ਅੰਤਰਰਾਸ਼ਟਰੀ ਮਸਲਿਆਂ ਬਾਰੇ ਡੂੰਘੀ ਦਿਲਚਸਪੀ ਅਤੇ ਜਾਣਕਾਰੀ ਰੱਖਦੇ ਸੀ। ਉਨ੍ਹਾ 1945-46 ਦੌਰਾਨ ਰਾਈਜ਼ ਆਫ ਨਿਊ ਏਸ਼ੀਆ ਨਾਂਅ ਦੀ ਕਿਤਾਬ ਲਿਖੀ ।ਆਪ ਦਾ ਇਸ ਕਿਤਾਬ ਨੂੰ ਲਿਖਣ ਦਾ ਮਕਸਦ ਕੈਨੇਡੀਅਨ ਲੋਕਾਂ ਨੂੰ ਏਸ਼ੀਆ ਦੇ ਮੁਲਕਾਂ 'ਚ ਚੱਲ ਰਹੇ ਆਜ਼ਾਦੀ ਕੌਮੀ ਅੰਦੋਲਨਾਂ ਬਾਰੇ ਜਾਣਕਾਰੀ ਦੇਣਾ ਸੀ। ਇਸ ਕਿਤਾਬ ਵਿਚ ਹਿੰਦੁਸਤਾਨ ,ਚੀਨ, ਜਪਾਨ, ਈਰਾਨ ,ਤੁਰਕੀ ,ਵੀਅਤਨਾਮ, ਇੰਡੋਨੇਸ਼ੀਆ, ਫਿਲਪੀਨਜ਼ ਅਤੇ ਕੋਰੀਆ ਆਦਿ ਮੁਲਕਾਂ ਬਾਰੇ ਦਰਸ਼ਨ ਸਿੰਘ ਦੇ ਲਿਖੇ ਲੇਖ ਹਨ ।

15 ਅਗਸਤ 1947 ਨੂੰ ਮਿਲੀ ਭਾਰਤੀ ਆਜ਼ਾਦੀ ਦੇ ਅਰਥ ਉਹ ਭਲੀ-ਭਾਂਤ ਸਮਝ ਗਏ ਸਨ । ਉਹ ਭਾਵੇਂ ਕੈਨੇਡਾ ਵਿੱਚ ਲੋਕ ਮੁਕਤੀ ਸੰਗਰਾਮ ਵਿਚ ਆਪਣਾ ਯੋਗਦਾਨ ਪਾ ਰਹੇ ਸਨ, ਪਰ ਉਨ੍ਹਾ ਦੀ ਰੂਹ ਹਿੰਦੁਸਤਾਨ ਅੰਦਰ ਸੀ।ਉਹ ਦੇਖਦੇ ਸਨ ਕਿ ਹਿੰਦੋਸਤਾਨ ਅੰਦਰ ਕਿਰਤ ਕਰਨ ਵਾਲੇ ਲੋਕਾਂ ਦੀ ਹਾਲਤ ਕੈਨੇਡੀਅਨ ਮਜ਼ਦੂਰਾਂ ਦੇ ਮੁਕਾਬਲੇ ਕਿਤੇ ਬਦ ਤੋਂ ਬਦਤਰ ਸੀ । ਉਹ ਇਹ ਮਹਿਸੂਸ ਕਰਨ ਲੱਗੇ ਕਿ ਕਿ ਜੇਕਰ ਉਨ੍ਹਾਂ ਆਪਣੇ ਆਪ ਨੂੰ ਸਿਆਸਤ 'ਚ ਸਮਰਪਿਤ ਕਰਨਾ ਹੈ ਤਾਂ ਉਹ ਇਹ ਸਭ ਕੁਝ ਭਾਰਤ ਜਾ ਕੇ ਕਰਨ, ਜਿਸ ਕਰਕੇ ਉਹ 16 ਦਸੰਬਰ 1947 ਨੂੰ ਭਾਰਤ ਪਹੁੰਚ ਗਏ ।ਹਜ਼ਾਰਾਂ ਦੇਸ਼ ਭਗਤ ਕੈਨੇਡਾ, ਅਮਰੀਕਾ ਦੀਆਂ ਕਮਾਈਆਂ ਤੇ ਸੁੱਖ-ਸਹੂਲਤਾਂ ਨੂੰ ਲੱਤ ਮਾਰ ਕੇ ਆਜ਼ਾਦੀ ਦੀ ਜੰਗ ਵਿੱਚ ਆ ਕੇ ਕੁੱਦੇ ਸਨ, ਪਰ ਦਰਸ਼ਨ ਸਿੰਘ ਪਹਿਲੇ ਕੈਨੇਡੀਅਨ ਸਨ, ਜੋ ਭਾਰਤ ਨੂੰ ਮਿਲੀ ਆਜ਼ਾਦੀ ਨੂੰ ਅਧੂਰੀ ਸਮਝਦਿਆਂ ਗ਼ਦਰੀਆਂ ਦੇ ਸੁਪਨਿਆਂ ਵਾਲੇ ਕਿਰਤੀ ਕਿਸਾਨਾਂ ਦੀ ਸਰਦਾਰੀ ਵਾਲੇ ਰਾਜ ਦੀ ਸਥਾਪਨਾ ਲਈ ਸੰਘਰਸ਼ ਕਰਨ ਵਾਸਤੇ ਭਾਰਤ ਪਰਤੇ ਸਨ ।

ਭਾਰਤ ਪੁੱਜ ਕੇ ਉਹ ਭਾਰਤੀ ਕਮਿਊਨਿਸਟ ਪਾਰਟੀ ਦੀ ਕਲਕੱਤਾ ਕਾਂਗਰਸ ਰਾਹੀਂ ਪਾਰਟੀ ਵਿੱਚ ਸ਼ਾਮਲ ਹੋ ਗਏ। ਕੋਲਕਾਤਾ ਕਾਂਗਰਸ ਤੋਂ ਛੇਤੀ ਹੀ ਬਾਅਦ ਭਾਰਤ ਸਰਕਾਰ ਵੱਲੋਂ ਭਾਰਤੀ ਕਮਿਊਨਿਸਟ ਪਾਰਟੀ ਨੂੰ ਗੈਰਕਾਨੂੰਨੀ ਕਰਾਰ ਦੇ ਦਿੱਤਾ ਗਿਆ । ਇਸ ਸਮੇਂ ਦੌਰਾਨ ਦਰਸ਼ਨ ਸਿੰਘ ਆਪਣੇ ਬਹੁਤ ਸਾਰੇ ਸਾਥੀਆਂ ਦੇ ਨਾਲ ਗੁਪਤਵਾਸ ਰਹਿ ਕੇ ਪਾਰਟੀ ਲਈ ਕੰਮ ਕਰਦੇ ਰਹੇ ਤੇ ਇਸੇ ਗੁਪਤਵਾਸ ਦੌਰਾਨ ਹੀ ਉਨ੍ਹਾ ਦਾ ਵਿਆਹ ਜਲੰਧਰ ਜ਼ਿਲ੍ਹੇ ਦੇ ਪਿੰਡ ਜੰਡਿਆਲਾ ਦੇ ਗ਼ਦਰੀ ਬਾਬਾ ਲਾਲ ਸਿੰਘ ਦੀ ਪੋਤੀ ਹਰਬੰਸ ਕੌਰ ਨਾਲ ਹੋਇਆ ।1951 ਵਿੱਚ ਸਾਥੀ ਕੈਨੇਡੀਅਨ ਨੇ ਜ਼ਿਲ੍ਹਾ ਜਲੰਧਰ ਵਿਚ ਕਮਿਊਨਿਸਟ ਪਾਰਟੀ ਦੇ ਸਕੱਤਰ, 1963 ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਲਈ ਅਤੇ 1968 ਤੋਂ 1971 ਤੱਕ ਬਤੌਰ ਸੂਬਾ ਸਕੱਤਰ ਭਾਰਤੀ ਕਮਿਊਨਿਸਟ ਪਾਰਟੀ ਲਈ ਕੰਮ ਕਰਦਿਆਂ ਖ਼ਰਾਬ ਸਿਹਤ ਦੇ ਬਾਵਜੂਦ ਦਿਨ-ਰਾਤ ਸ਼ੰਘਰਸ਼ ਕੀਤਾ । 1972 ਅਤੇ 1977 ਉਹ ਦੋ ਵਾਰ ਹਲਕਾ ਗੜ੍ਹਸ਼ੰਕਰ ਤੋਂ ਐਮ ਐਲ ਏ ਚੁਣੇ ਗਏ। ਕੰਢੀ ਲੋਕਾਂ ਦੇ ਮਸੀਹੇ ਦੇ ਨਾਂਅ ਨਾਲ ਜਾਣੇ ਜਾਂਦੇ ਕੈਨੇਡੀਅਨ ਨੇ ਕੰਢੀ ਇਲਾਕੇ ਵਿੱਚ ਮੀਲਾਂ ਤੋਂ ਪਾਣੀ ਢੋ ਰਹੇ ਲੋਕਾਂ ਦੇ ਘਰ ਘਰ ਤੱਕ ਪਾਣੀ ਪਹੁੰਚਾਇਆ। ਅਕਤੂਬਰ ਉੱਨੀ ਸੌ ਪਚਾਸੀ ਵਿਚ ਇਲਾਕਾ ਜੰਡੋਲੀ ਦੇ ਆਸ-ਪਾਸ ਦੇ ਸੋਲ੍ਹਾਂ ਪਿੰਡਾਂ ਨੂੰ ਉਜਾੜ ਕੇ ਮਿਲਟਰੀ ਛਾਉਣੀ ਬਣਨ ਦਾ ਐਲਾਨ ਹੋਇਆ, ਪਰ ਸਾਥੀ ਕੈਨੇਡੀਅਨ ਇਨ੍ਹਾਂ ਪਿੰਡਾਂ ਦਾ ਉਜਾੜਾ ਕਿਵੇਂ ਬਰਦਾਸ਼ਤ ਕਰ ਸਕਦੇ ਸੀ। ਉਨ੍ਹਾ ਦੇ ਸੀਨੇ ਵਿੱਚ ਲਾਟ ਫਿਰ ਗਈ, ਕਿਉਂਕਿ ਘੁੱਗ ਵਸਦੇ ਪਿੰਡਾਂ ਦਾ ਉਜਾੜਾ ਹੋਣ ਵਾਲਾ ਸੀ। ਜਿਉਂ ਹੀ ਇਨ੍ਹਾਂ ਪਿੰਡਾਂ ਦੇ ਨਿਵਾਸੀਆਂ ਨੂੰ ਉਜਾੜੇ ਦੇ ਨੋਟਿਸ ਮਿਲੇ ਤਾਂ ਪਿੰਡਾਂ ਵਿੱਚ ਹਾਹਾਕਾਰ ਮਚ ਗਈ । ਛਾਉਣੀ ਨਾ ਬਣਨ ਦੇਣ ਲਈ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਦੀ ਅਗਵਾਈ ਵਿੱਚ ਚੱਲੇ ਸੰਘਰਸ਼ ਵਿੱਚ ਤਕਰੀਬਨ ਪੰਜਾਹ ਪਿੰਡਾਂ ਦਾ ਬੱਚਾ-ਬੱਚਾ ਸੰਘਰਸ਼ ਲਈ ਅੱਗੇ ਆਇਆ। ਇਲਾਕੇ ਦੀਆਂ ਪੰਜਾਹ ਪੰਚਾਇਤਾਂ ਨੇ ਸਰਬਸੰਮਤੀ ਨਾਲ ਮਤੇ ਪਾਸ ਕਰਕੇ ਛਾਉਣੀ ਨਾ ਬਣਨ ਦੇਣ ਦੇ ਘੋਲ ਨੂੰ ਜਿੱਤ ਵਿੱਚ ਤਬਦੀਲ ਕਰ ਦਿੱਤਾ ।ਪਿੰਡ ਲੰਗੇਰੀ ਵਾਸੀਆਂ ਲਈ 1980 ਵਿੱਚ ਭਾਈ ਪਿਆਰਾ ਸਿੰਘ ਦੀ ਯਾਦ ਵਿਚ ਸਰਕਾਰੀ ਡਿਸਪੈਂਸਰੀ, 1982 ਵਿੱਚ ਇਕੱਲੇ ਲੰਗੇਰੀ ਪਿੰਡ ਲਈ ਵਾਟਰ ਸਪਲਾਈ ਸਕੀਮ , ਪੱਕੀ ਸੜਕ ਅਤੇ 1983 ਵਿਚ ਲੰਗੇਰੀ ਨਾਲ ਲੱਗਦੇ ਚੋਅ ਉਪਰ ਪੁਲ ਬਣਾਉਣ ਤੋਂ ਇਲਾਵਾ ਸਰਕਾਰੀ ਟਿਊਬਵੈੱਲ ਲਗਵਾ ਕੇ ਲੰਗੇਰੀ ਪਿੰਡ ਦੇ ਦੇਸ਼ ਭਗਤਾਂ, ਗਦਰੀਆਂ ਸੂਰਬੀਰਾਂ ਅਤੇ ਯੋਧਿਆਂ ਦੀ ਯਾਦ ਨੂੰ ਸਮਰਪਤ ਕੀਤਾ ।

1976 ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਦੇਸ਼ ਅੰਦਰ ਐਮਰਜੈਂਸੀ ਲਗਾਉਣ ਨਾਲ ਹਾਲਾਤ ਖ਼ਰਾਬ ਹੋ ਗਏ। ਦਿੱਲੀ ਅਤੇ ਪੰਜਾਬ ਦੇ ਮੌਕਾਪ੍ਰਸਤ ਸਿਆਸਤਦਾਨਾਂ ਨੇ ਆਪਣੀ ਕੁਰਸੀ ਬਚਾਉਣ ਖ਼ਾਤਰ ਧਰਮ ਦਾ ਪੱਤਾ ਖੇਡਿਆ । 1984 ਵਿੱਚ ਕੇਂਦਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਉੱਤੇ ਹਮਲੇ ਦੀ ਘਟਨਾ ਵਾਪਰੀ ।ਪੰਜਾਬ ਵਸਦੇ ਸਿੱਖਾਂ ਸਮੇਤ ਸਮੂਹ ਪੰਜਾਬੀਆਂ ਦੇ ਹਿਰਦੇ ਵਲੂੰਧਰੇ ਗਏ । ਪੰਜਾਬ ਅੰਦਰ ਕਾਲਾ ਦੌਰ ਸ਼ੁਰੂ ਹੋਇਆ ਅਤੇ ਵੱਖਵਾਦੀ ਲਹਿਰ ਜ਼ੋਰ ਫੜ ਗਈ । ਦਰਸ਼ਨ ਸਿੰਘ ਕੈਨੇਡੀਅਨ ਹਿੰਦੂ-ਸਿੱਖ ਦੇ ਝੰਡਾਬਰਦਾਰ ਬਣ ਮਾਝੇ ਦੀ ਧਰਤੀ ਤੋਂ ਸ਼ੁਰੂ ਹੋ ਕੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਅੰਦਰ ਹਿੰਦੂ ਸਿੱਖ ਏਕਤਾ ਦੇ ਹੱਕ ਵਿੱਚ ਜਲਸੇ ਕਰਨ ਲੱਗੇ ।ਇਨ੍ਹੀਂ ਦਿਨੀਂ 25 ਸਤੰਬਰ 1986 ਨੂੰ ਆਪਣੀ ਹੀ ਕਰਮ ਭੂਮੀ 'ਤੇ ਮਾਹਿਲਪੁਰ ਤੋਂ ਲੰਗੇਰੀ ਵੱਲ ਨੂੰ ਸਾਈਕਲ 'ਤੇ ਆ ਰਹੇ ਸਾਥੀ ਕੈਨੇਡੀਅਨ ਨੂੰ ਲੰਗੇਰੀ ਦੇ ਪਿੰਡ ਦੇ ਬਾਹਰ ਮਾਹਿਲਪੁਰ ਨੇੜੇ ਵੱਖਵਾਦੀਆਂ ਵੱਲੋਂ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ।

ਅੱਜ ਸਾਥੀ ਕੈਨੇਡੀਅਨ ਸਰੀਰਕ ਰੂਪ ਵਿੱਚ ਭਾਵੇਂ ਸਾਡੇ ਵਿੱਚ ਨਹੀਂ, ਪਰ ਉਨ੍ਹਾ ਦੀ ਸੋਚ ਨੂੰ ਕਦੀ ਕਤਲ ਨਹੀਂ ਕੀਤਾ ਜਾ ਸਕਦਾ । ਉਹ ਮਜ਼ਦੂਰਾਂ, ਕਿਸਾਨਾਂ, ਔਰਤਾਂ,ਸਨਅਤੀ ਕਾਮਿਆਂ ਅਤੇ ਵਿਦਿਆਰਥੀ ਸੰਘਰਸ਼ਾਂ ਦੇ ਰੂਪ ਵਿੱਚ ਹਮੇਸ਼ਾ ਸਾਡੇ ਅੰਗ-ਸੰਗ ਰਹਿਣਗੇ ।

# ਸੰਪਰਕ : 91 9463260181
+1 825 967 6333

# ਸੂਡੋ ਸਾਇੰਸ ਦੇ ਦਾਅਵੇ ਵਿਗਿਆਨ ਨਾਲ ਮੇਲ ਨਹੀਂ ਖਾਂਦੇ



ਵਿਸ਼ਵਾ ਮਿੱਤਰ

ਸੂਡੋ ਸਾਇੰਸ ਦਾਅਵਿਆਂ ਜਾਂ ਵਿਸ਼ਵਾਸਾਂ ਦਾ ਉਹ ਸੰਗ੍ਰਹਿ ਹੈ, ਜੋ ਵਿਗਿਆਨਿਕ ਜਾਪਦੇ ਹਨ, ਪਰ ਵਿਗਿਆਨਿਕ ਵਿਧੀ ਨਾਲ ਮੇਲ ਨਹੀਂ ਖਾਂਦੇ ਅਤੇ ਮਾਹਰਾਂ ਦੁਆਰਾ ਮੁਲਾਂਕਣ ਲਈ ਸਬੂਤਾਂ ਦੀ ਘਾਟ ਹੁੰਦੀ ਹੈ। ਸੂਡੋ ਸਾਇੰਸ ਵਿਚ ਵਿਗਿਆਨਕ ਸ਼ਬਦਾਂ ਦੀ ਵਰਤੋਂ ਇਸ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਹੁੰਦੀ ਹੈ, ਪਰ ਇਸ ਦੇ ਨਤੀਜੇ ਤਜਰਬਿਆਂ ਜਾਂ ਨਿਰੀਖਣਾਂ ਤੋਂ ਪ੍ਰਾਪਤ ਨਹੀਂ ਹੁੰਦੇ ਅਤੇ ਹਰ ਮਾਹਰ ਦੇ ਨਤੀਜੇ ਅਲੱਗ ਅਲੱਗ ਹੁੰਦੇ ਹਨ । ਉਦਾਹਰਣ ਲਈ ਤੁਸੀ ਆਪਣਾ ਹੱਥ ਜਿੰਨੇ ਵੀ ਹਸਤਰੇਖਾ ਦੇ ਮਾਹਰਾਂ ਨੂੰ ਵਿਖਾਓਗੇ, ਉਹਨਾਂ ਸਾਰਿਆਂ ਦੇ ਨਤੀਜੇ ਜਾਂ ਭਵਿੱਖਬਾਣੀਆਂ ਭਿੰਨ-ਭਿੰਨ ਹੋਣਗੀਆਂ । ਤਰਕਸ਼ੀਲ ਸੁਸਾਇਟੀ ਕੋਲ ਪੰਜ ਵਿਅਕਤੀਆਂ ਦੀਆਂ ਹਸਤ ਰੇਖਾਵਾਂ ਦੇ ਚਿੱਤਰ ਹਨ, ਪਰ ਅਜੇ ਤੱਕ ਕਿਸੇ ਮਾਹਿਰ ਨੇ ਸੁਸਾਇਟੀ ਦਾ ਚੈਲੰਜ ਸਵੀਕਾਰ ਨਹੀਂ ਕੀਤਾ, ਜਿਹੜਾ ਦੱਸ ਸਕੇ ਇਹਨਾਂ ਵਿਚੋਂ ਔਰਤਾਂ ਦੇ ਹੱਥ ਕਿਹੜੇ ਹਨ, ਕਿਹੜੇ ਜਿਉਂਦੇ ਹਨ ਅਤੇ ਕਿਹੜੇ ਮਰ ਚੁੱਕੇ ਹਨ। ਇਸ ਤੇ ਉਲਟ ਸਾਰੀ ਦੁਨੀਆ ਦੇ ਵਿਗਿਆਨਕਾਂ ਦੇ ਨਤੀਜੇ ਇੱਕ ਹੀ ਹੋਣਗੇ, ਉਦਾਹਰਣ ਲਈ ਜੇਕਰ ਇੱਕ ਵਿਗਿਆਨਕ ਅਨੁਸਾਰ ਭਾਵੇਂ ਰੌਸ਼ਨੀ ਦਾ ਸਰੋਤ ਸਥਿਰ ਰਹੇ ਜਾਂ ਗਤੀ ਵਿਚ ਹੋਵੇ, ਉਸ ਦੀ ਰੌਸ਼ਨੀ ਦੀ ਰਫਤਾਰ ਹਮੇਸ਼ਾ 299 792.4 ਕਿਲੋਮੀਟਰ ਪ੍ਰਤੀ ਸਕਿੰਟ ਰਹਿੰਦੀ ਹੈ ਤਾਂ ਸੰਸਾਰ ਦੇ ਸਾਰੇ ਵਿਗਿਆਨਕਾਂ ਅਨੁਸਾਰ ਵੀ ਰੌਸ਼ਨੀ ਦੇ ਰਫਤਾਰ ਹਮੇਸ਼ਾ ਇਹੋ ਹੋਵੇਗੀ।

ਸੂਡੋ ਸਾਇੰਸ ਵਾਲਿਆਂ ਨੇ ਆਪਣਾ ਨਤੀਜਾ ਜਾਂ ਭਵਿੱਖਬਾਣੀ ਗਲਤ ਸਾਬਤ ਹੋਣ ਤੇ ਆਪਣਾ ਬਿਆਨ ਬਦਲਣ ਦੇ ਰਾਹ ਵੀ ਰੱਖੇ ਹੁੰਦੇ ਹਨ। ਮੇਰੇ ਇੱਕ ਰਿਸ਼ਤੇਦਾਰ ਦੇ ਘਰ ਜਦੋਂ ਦੋ ਸਾਲ ਤੱਕ ਕੋਈ ਬੱਚਾ ਪੈਦਾ ਨਾ ਹੋਇਆ ਤਾਂ ਉਸ ਨੇ ਇੱਕ ਹਸਤ ਰੇਖਾ ਦੇ ਮਾਹਰ ਨੂੰ ਆਪਣਾ ਹੱਥ ਵਿਖਾਇਆ ਤਾਂ ਮਾਹਰ ਨੇ ਕਿਹਾ ਕਿ ਤੁਹਾਡੀ ਕਿਸਮਤ ਵਿੱਚ ਔਲਾਦ ਨਹੀਂ ਲਿਖੀ ਹੋਈ। ਰਿਸ਼ਤੇਦਾਰ ਬੜੇ ਅਫ਼ਸੋਸ ਵਿਚ ਰਿਹਾ, ਪਰ ਡੇਢ ਸਾਲ ਬਾਅਦ ਉਸ ਦੇ ਘਰ ਇੱਕ ਬੇਟੀ ਨੇ ਜਨਮ ਲਿਆ । ਉਹੀ ਮਾਹਰ ਜਦੋਂ ਫੇਰ ਆਇਆ ਤਾਂ ਉਸ ਨੂੰ ਕਿਹਾ ਕਿ ਤੁਸੀ ਕਹਿੰਦੇ ਸੀ ਕਿ ਔਲਾਦ ਨਹੀਂ ਹੋਣੀ, ਪਰ ਸਾਡੇ ਘਰ ਤਾਂ ਬੇਟੀ ਪੈਦਾ ਹੋ ਚੁੱਕੀ ਹੈ । ਮਾਹਰ ਨੇ ਵਿਆਖਿਆ ਦਿੱਤੀ ਕਿ ਅਸੀ ਕੇਵਲ ਬੇਟੇ ਨੂੰ ਔਲਾਦ ਮੰਨਦੇ ਹਾਂ। ਇਸ ਤੋਂ ਬਾਅਦ ਇੱਕ ਬੇਟਾ ਵੀ ਹੋ ਗਿਆ ਤਾਂ ਇਸ ਦੀ ਵਿਆਖਿਆ ਕਰਦੇ ਹੋਏ ਮਾਹਰ ਬੋਲਿਆ ਕਿ ਕਦੇ-ਕਦੇ ਕਿਸਮਤ ਬਦਲ ਵੀ ਜਾਂਦੀ ਹੈ, ਯਾਦ ਕਰੋ ਤੁਸੀਂ ਕਿਸੇ ਗਾਂ ਨੂੰ ਆਟੇ ਦਾ ਪੇੜਾ ਦਿੱਤਾ ਹੋਵੇਗਾ ਜਾਂ ਕਿਸੇ ਦਰਵੇਸ਼ ਨੂੰ ਖਾਣਾ ਖੁਆਇਆ ਹੋਵੇਗਾ। ਕਈ ਤਾਂ ਜਦੋਂ ਵੇਖਦੇ ਹਨ ਕਿ ਉਹਨਾਂ ਦੀ ਸੂਡੋ ਸਾਇੰਸ ਨੂੰ ਚੈਲੰਜ ਕੀਤਾ ਜਾ ਰਿਹਾ ਹੈ ਤਾਂ ਉਹ ਲੜਨ ਲਈ ਤਿਆਰ ਹੋ ਜਾਂਦੇ ਹਨ। ਮੈਂ ਇੱਕ ਵਾਰ ਆਪਣੀ ਐਕਟਿਵਾ ਦੀ ਸੀਟ ਰਿਪੇਅਰ ਕਰਵਾਉਣ ਗਿਆ। ਰਿਪੇਅਰ ਵਾਲੇ ਦੀ ਦੁਕਾਨ 'ਤੇ ਲਿਖਿਆ ਸੀ, 'ਇੱਥੇ ਸੱਪ ਦੇ ਕੱਟੇ ਦਾ ਇਲਾਜ ਮੰਤਰ ਨਾਲ ਕੀਤਾ ਜਾਂਦਾ ਹੈ।' ਮੈਂ ਪੁੱਛਿਆ ਕਿ ਕੀ ਮੰਤਰ ਨਾਲ ਹਰ ਕਿਸੇ ਸੱਪ ਦੇ ਡੰਗੇ ਦੀ ਜਾਨ ਬਚ ਜਾਂਦੀ ਹੈ? ਮਕੈਨਿਕ ਨੇ ਕਿਹਾ ਕਿ ਜਿਸ ਦੀ ਵਧੀ ਹੋਵੇ, ਉਹ ਬਚ ਜਾਂਦਾ ਹੈ ਅਤੇ ਨਾ ਵਧੀ ਵਾਲਾ ਮਾਰ ਜਾਂਦਾ ਹੈ। ਮੈਂ ਕਿਹਾ-ਭਰਾਵਾ, ਐਵੇਂ ਨਾ ਵਧੀ-ਘਟੀ ਦੇ ਚੱਕਰ ਵਿਚ ਇਲਾਜ ਕਰ, ਸਾਰੇ ਸੱਪ ਜ਼ਹਿਰੀਲੇ ਨਹੀਂ ਹੁੰਦੇ, ਜ਼ਹਿਰ ਤੋਂ ਬਗੈਰ ਸੱਪ ਦੇ ਡੱਸਣ 'ਤੇ ਵਿਅਕਤੀ ਦੀ ਮੌਤ ਨਹੀਂ ਹੁੰਦੀ ਅਤੇ ਜ਼ਹਿਰੀਲਾ ਸੱਪ ਜੇਕਰ ਲੜਿਆ ਹੋਵੇ ਤਾਂ ਕਿਸੇ ਮੰਤਰ ਨਾਲ ਠੀਕ ਨਹੀਂ ਹੋਣਾ ।

ਸਰੀਰ ਵਿਚ ਆਤਮਾ ਦਾ ਹੋਣਾ, ਜਿਸ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਵਾਲੇ ਮੰਨਦੇ ਨਹੀਂ, ਉਸ ਨੂੰ ਪ੍ਰਮਾਣਿਤ ਕਰਨ ਲਈ ਉਦਾਹਰਣ ਦੇਣਗੇ ਕਿ ਅਮਰੀਕਾ ਵਿਚ ਇੱਕ ਮੌਤ ਦੀ ਸਜ਼ਾ ਵਾਲੇ ਵਿਅਕਤੀ ਨੂੰ ਇੱਕ ਸ਼ੀਸ਼ੇ ਦੇ ਵੱਡੇ ਸਾਰੇ ਬਰਤਨ ਵਿਚ ਪਾ ਕੇ ਬਰਤਨ ਸੀਲ ਕਰ ਦਿੱਤਾ । ਜਦੋਂ ਦਮ ਘੁੱਟਿਆ ਤਾਂ ਉਸ ਦੀ ਮੌਤ ਹੁੰਦੇ ਸਾਰ ਹੀ ਆਤਮਾ ਬਰਤਨ ਨੂੰ ਤੋੜ ਕੇ ਬਾਹਰ ਨਿਕਲ ਗਈ। ਜਦੋਂ ਕਿਹਾ ਜਾਏ ਕਿ ਤੁਹਾਡੇ ਅਨੁਸਾਰ ਹਰ ਜੀਵ ਵਿਚ ਆਤਮਾ ਹੁੰਦੀ ਹੈ, ਇੱਕ ਚੂਹੇ ਨੂੰ ਸ਼ੀਸ਼ੇ ਦੇ ਬਰਤਨ ਵਿਚ ਸੀਲ ਬੰਦ ਕਰ ਦਿਓ ਅਤੇ ਵੇਖਾਂਗੇ ਕਿ ਆਤਮਾ ਬਰਤਨ ਪਾੜ ਕੇ ਬਾਹਰ ਨਿਕਲਦੀ ਹੈ ਜਾਂ ਨਹੀਂ। ਆਪਣੀ ਸੂਡੋ ਸਾਇੰਸ ਜਾਂ ਝੂਠ ਬਚਾਉਣ ਲਈ ਇਹ ਕਹਿ ਕਰ ਭੱਜ ਜਾਣਗੇ ਕਿ ਅਸੀਂ ਜੀਵ ਹੱਤਿਆ ਨਹੀਂ ਕਰ ਸਕਦੇ।

ਮਹਾਭਾਰਤ ਦੇ ਇੱਕ ਪਾਤਰ ਭੀਮ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਕੁਝ ਹਾਥੀ ਪੂਛੋਂ ਫੜ ਕੇ ਘੁਮਾ ਕੇ ਐਨੇ ਜ਼ੋਰ ਨਾਲ ਸੁੱਟੇ ਕਿ ਉਹ ਅਜੇ ਵੀ ਧਰਤੀ ਦੁਆਲੇ ਚੱਕਰ ਲਗਾ ਰਹੇ ਹਨ । ਜੇਕਰ ਕੋਈ ਕਹੇ ਕਿ ਇਹ ਗੱਲ ਮੰਨੀ ਨਹੀਂ ਜਾ ਸਕਦੀ ਤਾਂ ਸੂਡੋ ਸਾਇੰਸ ਵਾਲੇ ਅਸਲ ਸਾਇੰਸ ਦੀ ਵਰਤੋਂ ਕਰਦੇ ਹੋਏ ਕਹਿਣਗੇ ਕਿ ਜਿਵੇਂ ਰਾਕਟ ਧਰਤੀ ਦੁਆਲੇ ਘੁੰਮਦੇ ਹਨ, ਉਵੇਂ ਹੀ ਹਾਥੀ ਘੁੰਮਦੇ ਹਨ। ਵਿਚਾਰਨ ਵਾਲੀ ਗੱਲ ਹੈ ਕਿ ਧਰਤੀ ਦੁਆਲੇ ਘੁੰਮਣ ਲਈ ਛੱਡੇ ਗਏ ਰਾਕਟ ਦੀਆਂ ਘੱਟੋ-ਘੱਟ ਦੋ ਰਫ਼ਤਾਰਾਂ ਹੁੰਦੀਆਂ ਹਨ । ਪਹਿਲੀ ਰਫ਼ਤਾਰ ਘੱਟ ਹੁੰਦੀ ਹੈ, ਕਿਉਕਿ ਸਾਡੇ ਵਾਯੂਮੰਡਲ ਵਿਚ ਜ਼ਿਆਦਾ ਰਫ਼ਤਾਰ ਹੋਣ 'ਤੇ ਹਵਾ ਦੇ ਕਣਾਂ ਦੀ ਰਾਕਟ ਨਾਲ ਰਗੜ ਹੋਣ 'ਤੇ ਐਨੀ ਗਰਮੀ ਪੈਦਾ ਹੁੰਦੀ ਹੈ ਕਿ ਰਾਕਟ ਨੂੰ ਅੱਗ ਲੱਗ ਜਾਂਦੀ ਹੈ ਅਤੇ ਦੂਜੀ ਰਫ਼ਤਾਰ ਐਨੀ ਜ਼ਿਆਦਾ ਹੁੰਦੀ ਹੈ ਕਿ ਰਾਕਟ ਧਰਤੀ ਦੀ ਗੁਰੂਤਾ ਸ਼ਕਤੀ ਦਾ ਮੁਕਾਬਲਾ ਕਰਦੇ ਹੋਏ ਉਸ ਵਿਚੋਂ ਲੰਘ ਜਾਏ। ਐਨੀ ਜ਼ਿਆਦਾ ਰਫ਼ਤਾਰ ਉੱਥੇ ਜਾ ਕੇ ਕੀਤੀ ਜਾਂਦੀ ਹੈ, ਜਿੱਥੇ ਧਰਤੀ ਦਾ ਵਾਯੂਮੰਡਲ ਐਨਾ ਵਿਰਲਾ ਹੋਵੇ ਕਿ ਵਧੀ ਰਫ਼ਤਾਰ ਨਾਲ ਵੀ ਰਾਕਟ ਨੂੰ ਅੱਗ ਨਹੀਂ ਲਗਦੀ।

ਕਿਹਾ ਜਾਂਦਾ ਹੈ ਕਿ ਗਊ ਦਾ ਮੂਤਰ, ਦੁੱਧ, ਘਿਓ, ਦਹੀਂ ਅਤੇ ਗੋਮਯਾ ਰਸ ਮਿਲਾਉਣ ਨਾਲ ਪੰਚਗਯਾ ਬਣਦਾ ਹੈ, ਜਿਸ ਨਾਲ ਹਰ ਬਿਮਾਰੀ ਠੀਕ ਹੋ ਜਾਂਦੀ ਹੈ। ਗਾਂ ਦੇ ਗੋਹੇ ਨੂੰ ਕਿਸੇ ਸਾਫ਼ ਕੱਪੜੇ ਵਿਚ ਨਿਚੋੜ ਕੇ ਜਿਹੜਾ ਰਸ ਨਿਕਲਦਾ ਹੈ, ਉਸ ਨੂੰ ਗੋਮਯਾ ਰਸ ਕਹਿੰਦੇ ਹਨ । ਇਹ ਵੀ ਸੂਡੋਸਾਇੰਸ ਹੈ, ਕਿਉਕਿ ਜਦੋਂ ਵੀ ਕਿਸੇ ਪੰਚਗਯਾ ਦੇ ਮਾਹਰ ਨੂੰ ਕੋਈ ਬਿਮਾਰੀ ਲਗਦੀ ਹੈ ਤਾਂ ਉਹ ਐਲੋਪੈਥਿਕ ਹਸਪਤਾਲ ਵਿਚ ਜਾ ਕੇ ਦਾਖਲ ਹੋ ਜਾਂਦਾ ਹੈ । ਸੂਡੋ ਸਾਇੰਸ ਦੇ ਪ੍ਰਚਾਰਕ ਰਮਾਇਣ ਅਤੇ ਮਹਾਂਭਾਰਤ ਦੇ ਐਪੀਸੋਡ ਵੇਖ ਕੇ ਐਨੇ ਉਤਸ਼ਾਹਿਤ ਹੋਏ ਕਿ ਉਹਨਾਂ ਕਹਿਣਾ ਸ਼ੁਰੂ ਕਰ ਦਿੱਤਾ ਕਿ ਵੈਦਿਕ ਕਾਲ ਵਿਚ ਸਾਡੇ ਰਿਸ਼ੀਆਂ-ਮੁਨੀਆਂ ਦੀਆਂ ਕੀਤੀਆਂ ਹੋਈਆਂ ਖੋਜਾਂ ਨੂੰ ਅੱਜ ਦੀ ਵਿਗਿਆਨ ਵੀ ਸਹੀ ਮੰਨਦੀ ਹੈ। ਉਹਨਾਂ ਅਨੁਸਾਰ ਸਟੈਮ ਸੈੱਲ ਦੀ ਵਰਤੋਂ ਦੀ ਖੋਜ ਤਾਂ ਪੱਛਮੀ ਦੇਸ਼ਾਂ ਦੇ ਵਿਗਿਆਨਕਾਂ ਨੇ ਹੁਣ ਕੀਤੀ, ਪਰ ਸਾਡੇ ਰਿਸ਼ੀ ਨੇ ਦਰੋਪਤੀ ਵੱਲੋਂ ਪੈਦਾ ਕੀਤੇ ਇੱਕ ਮਾਸ ਦੇ ਲੋਥੜੇ ਦੇ ਸੌ ਟੋਟੇ ਕਰਕੇ ਉਹਨਾਂ ਤੋਂ ਸੌ ਕੌਰਵ ਪੈਦਾ ਕਰ ਲਏ।

'ਦਾ ਵਾਇਰ' ਦੇ ਅਨੁਸਾਰ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ ਦੇ ਇੱਕ ਡਾਇਰੈਕਟਰ ਨੇ ਇੱਕ ਵਾਰ ਭੂਤਾਂ ਨੂੰ ਭਜਾਉਣ ਦਾ ਦਾਅਵਾ ਕੀਤਾ ਸੀ ਅਤੇ ਭੂਤਾਂ ਦੀ ਹੋਂਦ ਨੂੰ ਇੱਕ ਵਿਗਿਆਨਕ ਤੱਥ ਵਜੋਂ ਦਰਸਾਇਆ ਸੀ, ਜਿਸ ਨਾਲ ਨਿੱਜੀ ਵਿਸ਼ਵਾਸ ਅਤੇ ਅਨੁਭਵੀ ਸਬੂਤਾਂ ਵਿਚਕਾਰ ਰੇਖਾ ਧੁੰਦਲੀ ਹੋ ਗਈ ਸੀ। ਸਾਡੇ ਨੇਤਾ ਲੋਕ ਜਿਹਨਾਂ 'ਤੇ ਸੰਵਿਧਾਨ ਦੀ ਰੱਖਿਆ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਦਾ ਪ੍ਰਚਾਰ, ਪ੍ਰਸਾਰ ਕਰਨ ਦੀ ਜ਼ਿੰਮੇਵਾਰੀ ਹੈ, ਉਹ ਵੀ ਸੂਡੋ ਸਾਇੰਸ ਫੈਲਾਉਣ ਵਿੱਚ ਕਿਸੇ ਤੋਂ ਪਿੱਛੇ ਨਹੀਂ। ਪਹਿਲਾਂ ਮੋਦੀ ਜੀ ਨੇ ਸਾਇੰਸ ਕਾਨਫਰੰਸ ਵਿਚ ਕਹਿ ਦਿੱਤਾ ਕਿ ਸ਼ਿਵਜੀ ਸੰਸਾਰ ਦੇ ਪਹਿਲੇ ਸਰਜਨ ਸਨ, ਜਿਹਨਾਂ ਗਣੇਸ਼ ਦੇ ਧੜ ਉੱਤੇ ਹਾਥੀ ਦਾ ਸਿਰ ਲਗਾ ਦਿੱਤਾ। ਇੱਕ ਸੌ ਪੰਜਵੀਂ ਸਾਇੰਸ ਕਾਨਫਰੰਸ ਵਿਚ ਕਿਹਾ ਗਿਆ ਕਿ ਵਿਗਿਆਨਕ ਸਟੀਫਨ ਹਾਕਿੰਗ ਨੇ ਮੰਨਿਆ ਹੈ ਕਿ ਵੇਦਾਂ ਵਿਚ ਆਈਨਸਟਾਈਨ ਦੇ ਸਮੀਕਰਣ ਊਰਜਾ = ਪੁੰਜ ਗੁਣਾਂ ਪ੍ਰਕਾਸ਼ ਵੇਗ ਦਾ ਵਰਗ ਨਾਲੋਂ ਵਧੀਆ ਸਿਧਾਂਤ ਦਿੱਤਾ ਹੋਇਆ ਹੈ। ਇਸ ਕਥਨ ਨੂੰ ਸਾਰੇ ਵਿਗਿਆਨੀਆਂ ਨੇ ਸਿਰੇ ਤੋਂ ਖਾਰਜ ਕਰ ਦਿੱਤਾ ।

ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਵਿਗਿਆਨ ਦਿਵਸ 'ਤੇ ਸਕੂਲਾਂ ਦੇ ਵਿਦਿਆਰਥੀ ਇਕੱਠੇ ਕਰਕੇ ਕਿਹਾ ਕਿ ਸਭ ਤੋਂ ਪਹਿਲਾਂ ਸਪੇਸ (ਖਲਾਅ) ਵਿਚ ਜਾਣ ਵਾਲੇ ਹਨੂੰਮਾਨ ਜੀ ਸਨ । ਇਸ ਤੋਂ ਬਾਅਦ ਠਾਕੁਰ ਦੀ ਪਾਰਟੀ ਦੇ ਸੀਨੀਅਰ ਨੇਤਾ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਰਾਈਟ ਭਰਾਵਾਂ ਵੱਲੋਂ ਹਵਾਈ ਜਹਾਜ਼ ਬਣਾਉਣ ਤੋਂ ਪਹਿਲਾਂ ਭਾਰਤ ਵਿਚ ਉਡਣ ਯੰਤਰ ਮੌਜੂਦ ਸਨ ।

ਸੂਡੋ ਸਾਇੰਸ ਦੇ ਅਨਪੜ੍ਹ ਅਤੇ ਪੜ੍ਹੇ-ਲਿਖੇ ਪ੍ਰਚਾਰਕ ਵਿਗਿਆਨ ਦੇ ਇਤਿਹਾਸ ਨੂੰ ਉਲਟਾ ਖੜ੍ਹਾ ਕਰ ਰਹੇ ਹਨ । ਜਿਹੜਾ ਕੁਝ ਬਾਅਦ ਵਿੱਚ ਬਣਿਆ ਹੋਣਾ ਚਾਹੀਦਾ ਹੈ, ਉਸ ਨੂੰ ਪਹਿਲਾਂ ਬਣਿਆ ਦੱਸ ਰਹੇ ਹਨ ਅਤੇ ਜਿਹੜਾ ਪਹਿਲਾਂ ਬਣਿਆ ਹੋਣਾ ਚਾਹੀਦਾ, ਉਸ ਨੂੰ ਬਾਅਦ ਵਿਚ ਬਣਿਆ ਦੱਸ ਰਹੇ ਹਨ । ਹਵਾਈ ਜਹਾਜ਼ ਲਈ ਸ਼ਕਤੀਸ਼ਾਲੀ ਪਰ ਘੱਟ ਭਾਰ ਵਾਲਾ ਇੰਜਣ ਚਾਹੀਦਾ ਹੈ। ਸੰਸਾਰ ਵਿੱਚ ਸਭ ਤੋਂ ਪਹਿਲਾਂ ਭਾਫ਼ ਇੰਜਣ ਬਣਿਆ, ਜਿਹੜਾ ਕਿ ਬਹੁਤ ਭਾਰਾ ਹੁੰਦਾ ਹੈ, ਬਾਅਦ ਵਿੱਚ ਪੈਟਰੋਲ ਇੰਜਣ ਬਣਿਆ, ਜਿਹੜਾ ਕਿ ਭਾਫ਼ ਇੰਜਣ ਤੋਂ ਹਲਕਾ ਹੁੰਦਾ ਹੈ ਅਤੇ ਬਾਅਦ ਵਿੱਚ ਸੁਧਾਰ ਕਰਕੇ ਹੋਰ ਹਲਕੇ ਇੰਜਣ ਬਣੇ, ਜਿਹੜੇ ਸਵਾਰੀਆਂ ਸਮੇਤ ਉਡਾਣ ਭਰ ਸਕਣ, ਪਰ ਸੂਡੋ ਸਾਇੰਸ ਅਨੁਸਾਰ ਸਭ ਤੋਂ ਪਹਿਲਾਂ ਹਵਾਈ ਜਹਾਜ਼ ਭਾਰਤ ਵਿਚ ਬਣੇ, ਭਾਵੇਂ ਕਿ ਉਹਨਾਂ ਵਿੱਚ ਇੰਜਣ ਦੀ ਬਜਾਏ ਅੱਗੇ ਕੁਝ ਹੰਸ ਲੱਗੇ ਹੁੰਦੇ ਸਨ । ਡਾਕਟਰੀ ਵਿਗਿਆਨ ਦੇ ਬਹੁਤ ਸਾਰੇ ਲੰਮੇ ਸਫ਼ਰ ਤੋਂ ਬਾਅਦ ਸਟੈਮ ਸੈੱਲ ਵਿਧੀ ਦੀ ਖੋਜ ਹੋਈ ਪਰ ਸੂਡੋ ਸਾਇੰਸ ਵਾਲਿਆਂ ਨੇ ਸਟੈਮ ਸੈਲ ਦੀ ਖੋਜ ਦਾ ਗਿਆਨ ਉਸ ਕਾਲ ਵਿਚ ਦੱਸਿਆ, ਜਿਸ ਕਾਲ ਤੋਂ ਬਾਅਦ ਰਾਜੇ-ਮਹਾਰਾਜੇ ਬਰਸਾਤ ਵਿਚ ਯੁੱਧ ਇਸ ਲਈ ਨਹੀਂ ਕਰਦੇ ਸਨ ਕਿ ਬਰਸਾਤ ਵਿਚ ਜ਼ਖਮਾਂ ਵਿਚ ਛੇਤੀ ਇਨਫੈਕਸ਼ਨ ਹੋ ਜਾਂਦੀ ਸੀ, ਜਿਸ ਦਾ ਉਦੋਂ ਤੱਕ ਇਲਾਜ ਨਹੀਂ ਸੀ ਲੱਭਿਆ ਗਿਆ। ਮਤਲਬ ਇਨਫੈਕਸ਼ਨ ਦੇ ਇਲਾਜ ਤੋਂ ਪਹਿਲਾਂ ਹੀ ਇਹ ਸਟੈਮ ਸੈੱਲ ਤਕਨਾਲੋਜੀ ਲੈ ਆਏ।

# ਸੰਪਰਕ : 94176-32228

# ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵਿਗਿਆਨਕ ਤੇ ਫੈਡਰੇਸ਼ਨ ਵਿਗਿਆਨਕ ਵੱਲੋਂ ਡੀ ਸੀ ਦਫਤਰ ਸਾਹਮਣੇ ਰੋਸ ਪ੍ਰਦਰਸ਼ਨ



**ਫ਼ਾਜ਼ਿਲਕਾ/ਜਲਾਲਾਬਾਦ (ਪਰਮਜੀਤ ਢਾਬਾਂ/ਜੀਤ ਕੁਮਾਰ)**
ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵਿਗਿਆਨਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਵਿਗਿਆਨਕ ਵੱਲੋਂ ਡਿਪਟੀ ਕਮਿਸ਼ਨਰ ਰਾਹੀਂ ਪ੍ਰਧਾਨ ਮੰਤਰੀ ਨੂੰ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ ਫੈਡਰੇਸ਼ਨ ਤੇ ਸਕੂਲ ਟੀਚਰਜ਼ ਫੈਡਰੇਸ਼ਨ ਆਫ਼ ਇੰਡੀਆ ਦੇ ਦਿੱਤੇ ਪ੍ਰੋਗਰਾਮ ਮੁਤਾਬਕ ਮੰਗ ਪੱਤਰ ਭੇਜੇ ਗਏ।

ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਗੇਟ ਰੈਲੀ ਕਰਕੇ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਖ਼ਿਲਾਫ਼ ਸਮੂਹ ਆਗੂਆਂ ਨੇ ਜੰਮ ਕੇ ਨਾਅਰੇਬਾਜ਼ੀ ਕੀਤੀ ਤੇ ਦੋਹਾਂ ਸਰਕਾਰਾਂ ਨੂੰ ਕੋਸਦੇ ਹੋਏ ਮੰਗਾਂ ਦੀ ਪੂਰਤੀ ਦੀ ਗੱਲ ਆਖੀ।

ਜੀ.ਟੀ.ਯੂ ਦੇ ਸੂਬਾ ਜਨਰਲ ਸਕੱਤਰ ਸੁਰਿੰਦਰ ਕੰਬੋਜ ਤੇ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਹਰੀਸ਼ ਚੰਦਰ ਮਨਿਸਟਰੀਅਲ ਸਰਵਿਸਿਜ਼ ਯੂਨੀਅਨ ਦੇ ਪ੍ਰਧਾਨ ਸੁਖਦੇਵ ਕੰਬੋਜ ਆਗੂਆਂ ਨੇ ਮੰਗ ਕੀਤੀ ਕਿ ਮੰਗ ਪੱਤਰ ਵਿੱਚ ਦਰਜ ਮੰਗਾਂ ਜਿਵੇਂ ਪੀ ਐਫ ਆਰ ਡੀ ਏ ਐਕਟ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, ਚਾਰ ਲੇਬਰ ਕੋਡ ਵਾਪਸ ਲਏ ਜਾਣ, ਨਵੀਂ ਸਿੱਖਿਆ ਨੀਤੀ 2020 ਰੱਦ ਕਰਕੇ ਰਾਜਾਂ ਦੁਆਰਾ ਆਪਣੀ ਸਿੱਖਿਆ ਨੀਤੀ ਬਣਾਈ ਜਾਵੇ, ਕੱਚੇ ਮੁਲਾਜ਼ਮਾਂ ਨੂੰ ਪੂਰੇ ਗਰੇਡਾਂ ਤੇ ਪੱਕਾ ਕੀਤਾ ਜਾਵੇ, ਆਊਟਸੋਰਸ, ਠੇਕਾ ਭਰਤੀ ਪ੍ਰਣਾਲੀ ਬੰਦ ਕਰਕੇ ਸਾਰੇ ਵਿਭਾਗਾਂ ਵਿੱਚ ਰੈਗੂਲਰ ਭਰਤੀ ਕੀਤੀ ਜਾਵੇ, ਟੈੱਟ ਮਾਮਲੇ 'ਚ ਕੇਂਦਰ ਸਰਕਾਰ ਸੁਪਰੀਮ ਕੋਰਟ ਵਿੱਚ ਰਿਵਿਊ ਪਟੀਸ਼ਨ ਦਾਇਰ ਕਰੇ, ਸਿੱਖਿਆ ਅਧਿਕਾਰ ਐਕਟ 2009 ਦੀ ਸੈਕਸ਼ਨ 23 ਵਿੱਚ ਸੋਧ ਕੀਤੀ ਜਾਵੇ, ਨਵੀਂ ਸਿੱਖਿਆ ਨੀਤੀ ਵਾਪਸ ਲਈ ਜਾਵੇ, ਸਾਰੇ ਵਿਭਾਗਾਂ 'ਚ ਕ੍ਰਮਚਾਰੀਆਂ ਦਾ ਸਿਹਤ ਬੀਮਾ ਤਹਿਤ ਮੁਫ਼ਤ ਇਲਾਜ ਕੀਤਾ ਜਾਵੇ ਨਿੱਜੀਕਰਨ, ਉਦਾਰੀਕਰਨ, ਸਰਕਾਰੀ ਜਾਇਦਾਦਾਂ ਵੇਚਣ ਦੀਆਂ ਨੀਤੀਆਂ ਬੰਦ ਕੀਤੀਆਂ ਜਾਣ।

ਮਹਿੰਦਰ ਸਿੰਘ ਘੱਲੂ, ਜਸਵਿੰਦਰ ਸਿੰਘ, ਰੇਸ਼ਮ ਸਿੰਘ, ਰਾਧਾ ਕ੍ਰਿਸ਼ਨ, ਗੁਰਨਾਮ ਚੰਦ, ਗੁਰਜੰਟ ਸਿੰਘ ਮਿਲਖ ਰਾਜ ਹੁਰਾਂ ਮੰਗ ਕੀਤੀ ਕਿ ਮਹਿੰਗਾਈ ਭੱਤੇ ਦੀਆਂ ਰੁਕੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ, ਸਕੂਲ ਮਰਜ਼ ਕਰਨ ਦੀ ਨੀਤੀ ਨੂੰ ਵਾਪਸ ਲਿਆ ਜਾਵੇ, ਗ਼ੈਰ ਵਿੱਦਿਅਕ ਕੰਮਾਂ ਤੋਂ ਅਧਿਆਪਕਾਂ ਨੂੰ ਬਖਸ਼ਿਆ ਜਾਵੇ, ਇਨਕਮ ਟੈਕਸ 'ਚ 1 ਲੱਖ ਰੁਪਏ ਦੀ ਸਟੈਂਡਰਡ ਡੀਡਕਸ਼ਨ ਤੇ 15 ਲੱਖ ਤੱਕ ਆਮਦਨ ਕਰ ਤੋਂ ਛੋਟ ਦਿੱਤੀ ਜਾਵੇ।ਹੜ੍ਹਾਂ ਤੇ ਬਰਸਾਤਾਂ ਕਾਰਨ ਸਕੂਲਾਂ ਤੇ ਦਫਤਰੀ ਇਮਾਰਤਾਂ ਵਿੱਚ ਬਿਜਲੀ-ਪਾਣੀ ਆਦਿ ਸਾਧਨਾਂ ਨੂੰ ਨੁਕਸਾਨ ਪਹੁੰਚਣ ਕਾਰਨ ਵਿੱਤੀ ਸਹਾਇਤਾ ਰਾਸ਼ੀ ਜਾਰੀ ਕੀਤੀ ਜਾਵੇ।

# ਪੁਲਸ ਦੀ ਅਪਰਾਧਕ ਅਨਸਰਾਂ ਖਿਲਾਫ਼ ਕਾਰਵਾਈ, 3 ਵਿਅਕਤੀ ਤੇਜ਼ਧਾਰ ਹਥਿਆਰਾਂ ਸਮੇਤ ਕਾਬੂ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**
ਡਾ. ਪ੍ਰਗਿਆ ਜੈਨ ਆਈ.ਪੀ.ਐਸ ਐਸ.ਐਸ.ਪੀ ਦੀ ਅਗਵਾਈ ਹੇਠ ਪੁਲਸ ਵੱਲੋਂ ਅਪਰਾਧਕ ਅਨਸਰਾਂ ਖਿਲਾਫ਼ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਦੀ ਰਹੀ ਹੈ।ਇਸੇ ਤਹਿਤ ਸ਼੍ਰੀ ਸੰਦੀਪ ਕੁਮਾਰ ਐਸ.ਪੀ (ਇੰਨਵੈਸਟੀਗੇਸ਼ਨ) ਦੀ ਰਹਿਨੁਮਾਈ ਤੇ ਸ਼੍ਰੀ ਤਰਲੋਚਨ ਸਿੰਘ ਡੀ.ਐਸ.ਪੀ (ਸਬ-ਡਵੀਜ਼ਨ) ਫ਼ਰੀਦਕੋਟ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮਾੜੇ ਅਨਸਰਾਂ ਖਿਲਾਫ਼ ਇੱਕ ਹੋਰ ਸਫ਼ਲਤਾ ਹਾਸਲ ਕਰਦੇ ਹੋਏ ਥਾਣਾ ਸਿਟੀ ਫਰੀਦਕੋਟ ਵੱਲੋਂ ਚੋਰੀਆਂ ਤੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ 01 ਗਿਰੋਹ ਦੇ 3 ਮੈਂਬਰਾਂ ਨੂੰ ਕਾਬੂ ਕੀਤਾ ਗਿਆ ਹੈ। ਗ੍ਰਿਫ਼ਤਾਰ ਦੋਸ਼ੀਆਂ ਦੀ ਪਛਾਣ ਹਰਪਾਲ ਸਿੰਘ, ਕਰਨਵੀਰ ਸਿੰਘ ਤੇ ਰੋਬਿਨਪ੍ਰੀਤ ਸਿੰਘ ਵਜੋ ਹੋਈ ਹੈ, ਜੋ ਇਹ ਸਾਰੇ ਦੋਸ਼ੀ ਸ਼੍ਰੀ ਮੁਕਤਸਰ ਸਾਹਿਬ ਦੇ ਰਿਹਾਇਸ਼ੀ ਹਨ।ਪੁਲਸ ਪਾਰਟੀ ਵੱਲੋਂ ਦੋਸ਼ੀਆਂ ਪਾਸੋਂ 40 ਹਜ਼ਾਰ ਰੁਪਏ, ਇੱਕ ਕਾਰ ਤੇ 2 ਕ੍ਰਿਪਾਨਾਂ ਵੀ ਬਰਾਮਦ ਕੀਤੀਆਂ ਗਈਆਂ ਹਨ।ਸਹਾਇਕ ਥਾਣੇਦਾਰ ਜਗਤਾਰ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਤੇ ਚੈਕਿੰਗ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਇਤਲਾਹ ਮਿਲੀ ਕਿ ਇਹ ਸਾਰੇ ਦੋਸ਼ੀ ਨਿੱਕੀਆਂ ਮੋਟੀਆਂ ਚੋਰੀਆਂ/ਲੁੱਟਾ ਖੋਹਾਂ ਹਥਿਆਰਾਂ ਨਾਲ ਕਰਦੇ ਹਨ ਤੇ ਜੋ ਸਿਟੀ ਏਰੀਆ ਵਿੱਚ ਘੁੰਮ ਰਹੇ ਹਨ, ਜਿਸ



'ਤੇ ਤੁਰੰਤ ਕਾਰਵਾਈ ਕਰਦੇ ਹੋਏ ਪੁਲਸ ਟੀਮਾਂ ਨੇ ਇਨ੍ਹਾਂ ਦੋਸ਼ੀਆਂ ਨੂੰ ਲਾਲ ਕੋਠੀ ਨਜ਼ਦੀਕ ਕਾਬੂ ਕੀਤਾ ਗਿਆ, ਜਿਨ੍ਹਾਂ ਪਾਸੋਂ 40 ਹਜ਼ਾਰ ਰੁਪਏ, 01 ਕਾਰ ਅਤੇ 02 ਕ੍ਰਿਪਾਨਾਂ ਬਰਾਮਦ ਕੀਤੀਆਂ ਗਈਆਂ।ਇਸ ਸਬੰਧੀ ਥਾਣਾ ਸਿਟੀ ਵਿਖੇ ਮੁਕੱਦਮਾ 403 ਮਿਤੀ 23-09-25 ਅ/ਧ 112(2) ਬੀ.ਐਨ.ਐਸ ਦਰਜ ਕੀਤਾ ਗਿਆ ਹੈ।ਦੋਸ਼ੀਆਂ ਦੇ ਕ੍ਰਿਮੀਨਲ ਰਿਕਾਰਡ ਦੀ ਜਾਂਚ ਕੀਤੀ ਗਈ ਤਾਂ ਸਾਹਮਣੇ ਆਇਆ ਕਿ ਗ੍ਰਿਫ਼ਤਾਰ ਦੋਸ਼ੀ ਕਰਨਵੀਰ ਸਿੰਘ ਦੇ ਖਿਲਾਫ਼ ਕਤਲ ਦੀ ਕੋਸ਼ਿਸ਼ ਤੇ ਹੋਰ ਸੰਗੀਨ ਧਾਰਾਵਾਂ ਤਹਿਤ ਮੁਕੱਦਮਾ ਦਰਜ ਰਜਿਸਟਰ ਹੈ। ਗ੍ਰਿਫ਼ਤਾਰ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ।ਰਿਮਾਂਡ ਹਾਸਲ ਕਰਨ ਉਪਰੰਤ ਦੋਸ਼ੀਆਂ ਪਾਸੋਂ ਹੋਰ ਪੁੱਛਗਿੱਛ ਕੀਤੀ ਜਾਵੇਗੀ, ਜਿਸ ਦੌਰਾਨ ਇਹਨਾਂ ਤੋਂ ਹੋਰ ਵੀ ਵਾਰਦਾਤਾਂ ਟਰੇਸ ਹੋਣ ਦੀ ਉਮੀਦ ਹੈ।

# ਗਾਜ਼ਾ ਦੇ ਹੱਕ 'ਚ ਲੋਕ ਅਰਪਣ ਹੋਈ ਕਾਵਿ ਪੁਸਤਕ 'ਮੈਂ ਗਾਜ਼ਾ ਕਹਿਨਾ'

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਅਦਾਰਾ ਪਰਵਾਜ਼ ਦੀ ਪਟਿਆਲਾ ਇਕਾਈ ਵੱਲੋਂ ਪ੍ਰਭਾਤ ਪਰਵਾਨਾ ਹਾਲ ਪਟਿਆਲਾ ਵਿੱਚ ਡਾ. ਅਰਵਿੰਦਰ ਕੌਰ ਕਾਕੜਾ ਅਤੇ ਅਜਮੇਰ ਸਿੱਧੂ ਵੱਲੋਂ ਸੰਪਾਦਿਤ ਕਾਵਿ ਪੁਸਤਕ 'ਮੈਂ ਗਾਜਾ ਕਹਿਨਾ' ਲੋਕ ਅਰਪਣ ਕੀਤੀ ਗਈ ਤੇ ਪੁਸਤਕ ਬਾਰੇ ਸੰਵਾਦ ਰਚਾਇਆ ਗਿਆ।ਇਸ ਸਮਾਗਮ ਦੀ ਪ੍ਰਧਾਨਗੀ ਡਾਕਟਰ ਰਾਜਿੰਦਰ ਪਾਲ ਬਰਾੜ ਸਾਬਕਾ ਪ੍ਰੋਫ਼ੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਮੁੱਖ ਮਹਿਮਾਨ ਵਜੋਂ ਆਲੋਚਕ ਤੇ ਚਿੰਤਕ ਡਾ. ਸੁਰਜੀਤ ਸਿੰਘ ਭੱਟੀ ਨੇ ਸ਼ਿਰਕਤ ਕੀਤੀ। ਸਮਾਗਮ ਦੇ ਮੁੱਖ ਬੁਲਾਰੇ ਵਜੋਂ ਡਾ.ਭੀਮਇੰਦਰ ਸਿੰਘ ਪ੍ਰੋਫ਼ੈਸਰ ਤੇ ਡਾਇਰੈਕਟਰ ਯੁਵਕ ਭਲਾਈ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਹਾਜ਼ਰੀ ਭਰੀ। ਸਭ ਤੋਂ ਪਹਿਲਾਂ ਬਲਬੀਰ ਜਲਾਲਾਬਾਦੀ ਨੇ ਸਭ ਨੂੰ ਜੀ ਆਇਆਂ ਕਿਹਾ ਤੇ ਇਸ ਪੁਸਤਕ ਵਿੱਚ ਸ਼ਾਮਲ ਸਾਰੇ ਕਵੀਆਂ ਨੂੰ ਮੁਬਾਰਕਾਂ ਦੇ ਕੇ ਇਸ ਸਮਾਗਮ ਦੀ ਕਾਰਵਾਈ ਸ਼ੁਰੂ ਕੀਤੀ। ਪੁਸਤਕ ਦੇ ਸੰਪਾਦਕ ਡਾ. ਅਰਵਿੰਦਰ ਕੌਰ ਕਾਕੜਾ ਨੇ ਦੱਸਿਆ ਇਸ ਪੁਸਤਕ ਤੇ ਜ਼ਰੀਏ ਅਸੀਂ ਗਾਜ਼ਾ ਵਿੱਚ ਅਮਰੀਕਾ ਦੀ ਸ਼ਹਿ 'ਤੇ ਇਜ਼ਰਾਈਲ ਦੁਆਰਾ ਕੀਤੀ ਜਾ ਰਹੀ ਨਸ਼ਲਕੁਸ਼ੀ ਦੇ ਵਿਰੁੱਧ ਅਵਾਜ਼ ਉਠਾਈ ਹੈ। ਆਪਣੀ ਹੋਂਦ ਦੀ ਲੜਾਈ ਲੜਨ ਵਾਲੇ ਲੋਕਾਂ ਦੇ ਹੱਕ ਵਿੱਚ ਖੜ੍ਹੀ ਇਹ ਪੰਜਾਬੀ ਕਵਿਤਾ ਇਸ ਪੁਸਤਕ ਦੇ ਜ਼ਰੀਏ ਗਾਜ਼ਾ ਦੀ ਧਿਰ ਬਣਦੀ ਹੈ। ਗਾਜ਼ਾ ਵਿੱਚ ਜਾਨਾਂ ਗੁਆਉਣ ਵਾਲੇ ਬੇਕਸੂਰ ਬਸ਼ਿੰਦਿਆਂ, ਕਵੀਆਂ, ਲੇਖਕਾਂ, ਪੱਤਰਕਾਰਾਂ ਤੇ ਰੰਗ ਕਰਮੀਆਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਪੁਸਤਕ ਲੋਕ ਅਰਪਣ ਕਰਨ ਤੋਂ ਬਾਅਦ ਕਵੀਆਂ ਨੇ ਆਪਣੀਆਂ ਕਵਿਤਾਵਾਂ ਰਾਹੀ ਗਾਜ਼ਾ ਪ੍ਰਤੀ ਆਪਣੀ ਸੰਵੇਦਨਾ ਦਾ ਇਜ਼ਹਾਰ ਕੀਤਾ। ਮੁਖ ਬੁਲਾਰੇ ਡਾ. ਭੀਮਇੰਦਰ ਸਿੰਘ ਨੇ ਪੁਸਤਕ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਯੁੱਗ ਦੀ ਸਭ ਤੋਂ ਵੱਡੀ ਚੁਣੌਤੀ ਪੂੰਜੀਵਾਦੀ ਸਾਮਰਾਜ ਹੈ ਜਿਸ ਦੀ ਦਹਿਸ਼ਤ ਨੇ ਖ਼ੌਫ਼, ਭੈਅ ਤੇ ਅਸ਼ਾਂਤੀ ਨੂੰ ਜਨਮ ਦਿੱਤਾ ਹੈ। ਮੁੱਖ ਮਹਿਮਾਨ ਡਾ. ਸੁਰਜੀਤ ਭੱਟੀ ਨੇ ਕਿਹਾ ਕਿ ਇਹ ਪੁਸਤਕ ਮਾਨਵੀ ਸੰਵੇਦਨਾਵਾਂ ਦਾ ਉਹ ਦਸਤਾਵੇਜ਼ ਹੈ ਜੋ ਕਾਵਿ ਦਾਇਰੇ ਵਿੱਚ ਆਪਣਾ ਨਾਂਅ ਲਿਖਵਾਏਗਾ। ਉਹਨਾਂ ਨੇ ਕਿਹਾ ਕਿ ਗਾਜ਼ਾ ਦੇ ਹੱਕ ਵਿੱਚ ਉਠਾਈ ਗਈ ਪਟਿਆਲੇ ਦੀ ਆਵਾਜ਼ ਇਸ ਪੁਸਤਕ ਜ਼ਰੀਏ ਦੁਨੀਆਂ ਦੇ ਹਰ ਕੋਨੇ ਵਿੱਚ ਜਾਵੇਗੀ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਡਾ.ਬਰਾੜ ਨੇ ਪੁਸਤਕ ਦੇ ਸੰਪਾਦਕਾਂ ਨੂੰ ਮੁਬਾਰਕਾਂ ਦਿੰਦਿਆਂ ਸਮੁੱਚੇ ਸਮਾਗਮ ਨੂੰ ਸਾਰਥਕ ਦੱਸਿਆ।ਸਮਾਗਮ ਵਿੱਚ ਜੁਝਾਰਵਾਦੀ ਕਵੀ ਦਰਸ਼ਨ ਖਟਕੜ, ਸ਼੍ਰੋਮਣੀ ਕਵੀ ਦਰਸ਼ਨ ਬੁੱਟਰ, ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਡਾ. ਕੁਲਦੀਪ ਦੀਪ, ਅਮਰਜੀਤ ਕੌਂਕੇ, ਧਰਮ ਕੰਮੇਆਣਾ, ਬਲਵਿੰਦਰ ਸੰਧੂ, ਡਾ. ਸੰਤੋਖ ਸੁੱਖੀ, ਸੰਦੀਪ ਜਸਵਾਲ, ਤਰਲੋਚਨ ਮੀਰ, ਚਰਨਜੀਤ ਜੋਤ, ਕੁਲਵਿੰਦਰ ਚਾਵਲਾ, ਅਵਤਾਰਜੀਤ, ਬਚਨ ਸਿੰਘ ਗੁਰਮ, ਹਰਪ੍ਰੀਤ ਸੰਧੂ, ਨਰਿੰਦਰ ਪਾਲ ਕੌਰ, ਕੁਲਵੰਤ ਸੈਦੋਕੇ, ਸੁਖਮਿੰਦਰ ਸੇਖੋਂ, ਜਸਵਿੰਦਰ ਖਾਰਾ, ਗੁਰਮੁੱਖ ਸਿੰਘ ਆਦਿ ਨੇ ਆਪਣੀਆਂ ਇਸ ਪੁਸਤਕ ਵਿੱਚ ਸ਼ਾਮਿਲ ਭਾਵ ਪੂਰਵਕ ਕਵਿਤਾਵਾਂ ਸੁਣਾਈਆਂ।ਅਦਾਰਾ ਪਰਵਾਜ਼ ਪੰਜਾਬ ਵੱਲੋਂ ਅਜਮੇਰ ਸਿੱਧੂ ਕਹਾਣੀਕਾਰ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਮੁੱਚੇ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਚੰਨ ਪਟਿਆਲਵੀ, ਡਾ ਜੀ ਐਸ ਆਨੰਦ ਗੁਰਦਰਸ਼ਨ ਸਿੰਘ ਗੁਸੀਲ, ਦਰਸ਼ਨ ਸਿੰਘ ਤੇ ਅਦਾਰਾ ਪਟਿਆਲਾ ਦਾ ਯੋਗਦਾਨ ਰਿਹਾ।ਡਾ.ਚਰਨਜੀਤ ਕੌਰ, ਗੁਰਚਰਨ ਪੱਬਾਰਾਲੀ, ਬਲਵਿੰਦਰ ਭੱਟੀ, ਡਾ. ਇੰਦਰ ਪਾਲ ਸਿੰਘ, ਸੁਖਵਿੰਦਰ ਕੌਰ, ਜਸਵਿੰਦਰ ਕੌਰ, ਆਦਿ ਸ਼ਾਮਲ ਹੋਏ।



## ਕਾਤਰਾਂ

### 20 ਗ੍ਰਾਮ ਹੈਰੋਇਨ ਸਮੇਤ 3 ਕਾਬੂ

**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)**-ਸਥਾਨਕ ਪੁਲਸ ਵਲੋਂ 20 ਗ੍ਰਾਮ ਹੈਰੋਇਨ ਸਮੇਤ 3 ਵਿਅਕਤੀਆਂ ਮਨਵੀਰ ਸਿੰਘ ਵਾਸੀ ਘੁੰਗਰਾਲੀ ਰਾਜਪੂਤਾਂ, ਦਿਲਬਰ ਸਿੰਘ ਤੇ ਪਵਿੱਤਰ ਸਿੰਘ ਵਾਸੀ ਮਹਿਮੂਦਪੁਰ ਨੂੰ ਕਾਬੂ ਕੀਤਾ ਹੈ। ਐਸ.ਐਚ.ਓ. ਇੰਸਪੈਕਟਰ ਹਰਵਿੰਦਰ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਜਗਤਾਰ ਸਿੰਘ ਨੂੰ ਗੜ੍ਹੀ ਨਹਿਰ ਨੇੜ੍ਹੇ ਨਾਕਾਬੰਦੀ ਦੌਰਾਨ 3 ਨੌਜਵਾਨ ਮੋਟਰਸਾਈਕਲ 'ਤੇ ਸਵਾਰ ਆਉਂਦੇ ਦਿਖਾਈ ਦਿੱਤੇ ਜਿਨ੍ਹਾਂ ਦੇ ਵਾਹਨ 'ਤੇ ਨੰਬਰ ਪਲੇਟ ਨਹੀਂ ਲੱਗੀ ਸੀ। ਪੁਲਸ ਪਾਰਟੀ ਨੂੰ ਦੇਖ ਇਹ ਸ਼ੱਕੀ ਹਾਲਤ ਵਿਚ ਮੁੜਨ ਲੱਗੇ ਜਿਨ੍ਹਾਂ ਦਾ ਮੋਟਰਸਾਈਕਲ ਸਲਿੱਪ ਹੋਣ ਕਾਰਨ ਡਿੱਗ ਗਿਆ ਅਤੇ ਉਨ੍ਹਾਂ ਨੂੰ ਸ਼ੱਕ ਦੇ ਅਧਾਰ 'ਤੇ ਕਾਬੂ ਕਰ ਲਿਆ ਗਿਆ। ਤਲਾਸ਼ੀ ਦੌਰਾਨ ਇਨ੍ਹਾਂ ਦੇ ਮੋਟਰਸਾਈਕਲ ਦੀ ਸੀਟ ਹੇਠੋਂ 20 ਗ੍ਰਾਮ ਹੈਰੋਇਨ ਬਰਾਮਦ ਹੋਈ। ਥਾਣਾ ਮੁਖੀ ਨੇ ਦੱਸਿਆ ਕਿ ਇਨ੍ਹਾਂ 3 ਮੁਲਜ਼ਮਾਂ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ।

### ਕੁਲਜੀਤ ਸਿੰਘ ਨੇ ਮੁੱਖ ਮੁਨਸ਼ੀ ਵਜੋਂ ਅਹੁਦਾ ਸੰਭਾਲਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)**-ਪੁਲਿਸ ਜ਼ਿਲ੍ਹਾ ਖੰਨਾ ਦੇ ਐਸ.ਐਸ.ਪੀ. ਡਾ. ਜੋਤੀ ਯਾਦਵ ਵਲੋਂ ਜਾਰੀ ਹੁਕਮਾਂ ਤਹਿਤ ਅੱਜ ਮਾਛੀਵਾੜਾ ਸਾਹਿਬ ਪੁਲਿਸ ਥਾਣਾ ਵਿਖੇ ਕੁਲਜੀਤ ਸਿੰਘ ਨਵੇਂ ਮੁੱਖ ਮੁਨਸ਼ੀ ਵਜੋਂ ਨਿਯੁਕਤ ਕੀਤੇ ਗਏ ਹਨ ਜਿਨ੍ਹਾਂ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ ਜਦ ਕਿ ਇੱਥੇ ਪਹਿਲਾਂ ਤਾਇਨਾਤ ਮੁਨਸ਼ੀ ਸੁਖਦੀਪ ਸਿੰਘ ਦਾ ਤਬਾਦਲਾ ਕਰ ਦਿੱਤਾ ਗਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੁਨਸ਼ੀ ਕੁਲਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਉਦੇਸ਼ ਹਰੇਕ ਵਿਅਕਤੀ ਨੂੰ ਨਿਆਂ ਦਿਵਾਉਣਾ ਹੈ।

### ਸੱਭਿਆਚਾਰਕ ਤੇ ਸਨਮਾਨ ਸਮਾਰੋਹ 27 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਵੱਖ-ਵੱਖ ਸਰਕਾਰੀ, ਅਰਧ ਸਰਕਾਰੀ ਵਿਭਾਗਾਂ, ਜੁਡੀਸ਼ਰੀ ਤੇ ਬੈਂਕਾਂ ਵਿੱਚੋਂ ਸੇਵਾਮੁਕਤ ਹੋਏ ਅਧਿਕਾਰੀਆਂ ਤੇ ਕ੍ਰਮਚਾਰੀਆਂ ਦੀ ਸਮਾਜ ਸੇਵੀ ਸੰਸਥਾ ਸੰਗਰੂਰ ਸੋਸ਼ਲ ਵੈਲਫੇਅਰ ਐਸੋਸੀਏਸ਼ਨ (ਰਜਿ:), ਜੋ ਸਮਾਜ ਸੇਵਾ ਅਤੇ ਲੋਕ ਭਲਾਈ ਦੇ ਕੰਮਾਂ ਨੂੰ ਸਮਰਪਤ ਹੈ, ਦੇ ਪ੍ਰਧਾਨ ਅਤੇ ਸੂਬਾਈ ਪੈਨਸ਼ਨਰ ਆਗੂ ਸ੍ਰੀ ਰਾਜ ਕੁਮਾਰ ਅਰੋੜਾ ਨੇ ਦੱਸਿਆ ਕਿ ਐਸੋਸੀਏਸ਼ਨ ਵੱਲੋਂ ਸਮੇਂ-ਸਮੇਂ 'ਤੇ ਬਜ਼ੁਰਗਾਂ ਦੀ ਭਲਾਈ ਲਈ ਕੰਮ ਕੀਤੇ ਜਾਂਦੇ ਹਨ। ਸਮੇਂ-ਸਮੇਂ 'ਤੇ ਬਜ਼ੁਰਗਾਂ ਦੀ ਨਰੋਈ ਸਿਹਤ ਲਈ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਵੀ ਲਾਏ ਜਾਂਦੇ ਹਨ ਤੇ ਲੋੜਵੰਦਾਂ ਦੀ ਸਹਾਇਤਾ ਕੀਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ 27 ਸਤੰਬਰ ਨੂੰ ਸਵੇਰੇ 10-30 ਵਜੇ ਪੈਨਸ਼ਨਰ ਭਵਨ ਤਹਿਸੀਲ ਕੈਂਪਲੈਕਸ ਸੰਗਰੂਰ ਵਿਖੇ ਐਸੋਸੀਏਸ਼ਨ ਵੱਲੋਂ ਸੱਭਿਆਚਾਰਕ, ਸਨਮਾਨ ਸਮਾਰੋਹ ਆਯੋਜਤ ਕੀਤਾ ਜਾਵੇਗਾ ਤੇ ਸਤੰਬਰ ਮਹੀਨੇ ਦੌਰਾਨ ਜਿਨ੍ਹਾਂ ਮੈਂਬਰਾਂ ਦੇ ਜਨਮ ਦਿਨ ਆਉਂਦੇ ਹਨ, ਮਨਾਏ ਜਾਣਗੇ।

# ਪੀ ਜੀ ਆਈ ਵੱਲੋਂ ਛਾਤੀ ਦੇ ਕੈਂਸਰ ਸੰਬੰਧੀ ਜਾਗਰੂਕਤਾ ਸੈਮੀਨਾਰ



**ਸਮਰਾਲਾ (ਸੁਰਜੀਤ ਸਿੰਘ)**-ਪੀ ਜੀ ਆਈ ਚੰਡੀਗੜ੍ਹ ਵੱਲੋਂ ਰਾਸ਼ਟਰੀ ਮੁਹਿੰਮ 'ਸਿਹਤਮੰਦ ਔਰਤ, ਮਜ਼ਬੂਤ ਪਰਿਵਾਰ' ਤਹਿਤ ਔਰਤਾਂ ਦੇ ਛਾਤੀ ਦੇ ਕੈਂਸਰ ਵਿਰੁੱਧ ਜਾਗਰੂਕਤਾ ਪੈਦਾ ਕਰਨ ਲਈ ਇੱਕ ਵਿਸ਼ੇਸ਼ ਸੈਮੀਨਾਰ ਕੀਤਾ ਗਿਆ।ਜਿਸ ਦਾ ਉਦੇਸ਼ ਸਮਾਜ ਨੂੰ ਬ੍ਰੈਸਟ ਕੈਂਸਰ ਦੀ ਰੋਕਥਾਮ, ਸ਼ੁਰੂਆਤੀ ਪਹਿਚਾਣ ਅਤੇ ਸਮੇਂ ਸਿਰ ਇਲਾਜ ਬਾਰੇ ਜਾਣਕਾਰੀ ਦੇਣਾ ਸੀ।ਪੀ ਜੀ ਆਈ ਦੇ ਸਰਜਰੀ ਓ ਪੀ ਡੀ ਵਿੱਚ ਆਯੋਜਿਤ ਇਸ ਪ੍ਰੋਗਰਾਮ ਵਿੱਚ ਮਾਹਰਾਂ ਨੇ ਜਾਣਕਾਰੀ ਭਰਪੂਰ ਸੈਸ਼ਨਾਂ ਵਿਚ ਦੱਸਿਆ ਕਿ ਬ੍ਰੈਸਟ ਕੈਂਸਰ ਵਿਰੁੱਧ ਜੰਗ ਵਿੱਚ ਸ਼ੁਰੂਆਤੀ ਪਹਚਾਣ ਅਤੇ ਨਿਯਮਿਤ ਜਾਂਚ ਸਭ ਤੋਂ ਮਜ਼ਬੂਤ ਹਥਿਆਰ ਹਨ। ਪ੍ਰੋ. ਦਿਵਿਆ ਦਹੀਆ ਮੁਖੀ, ਐਂਡੋਕ੍ਰਾਈਨ ਅਤੇ ਬ੍ਰੈਸਟ ਸਰਜਰੀ ਯੂਨਿਟ ਪੀ ਜੀ ਆਈ ਨੇ ਕਿਹਾ ਕਿ ਬ੍ਰੈਸਟ ਕੈਂਸਰ ਔਰਤਾਂ ਵਿੱਚ ਇੱਕ ਆਮ ਬਿਮਾਰੀ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ।ਉਹਨਾਂ ਕਿਹਾ ਕਿ ਬ੍ਰੈਸਟ ਕੈਂਸਰ ਦੇ ਕੇਸਾਂ ਵਿਚ ਹਰ ਸਾਲ ਨਿਰੰਤਰ ਵਾਧਾ ਹੋਣਾ ਚਿੰਤਾ ਦਾ ਵਿਸ਼ਾ ਹੈ।ਉਹਨਾਂ ਕਿਹਾ ਕਿ ਸ਼ੁਰੂਆਤੀ ਜਾਂਚ ਵਿਚ ਇਹ ਬਿਮਾਰੀ ਇਲਾਜਯੋਗ ਹੋ ਸਕਦੀ ਹੈ।ਜਾਗਰੂਕਤਾ, ਨਿਯਮਿਤ ਸਵੈ-ਜਾਂਚ ਅਤੇ ਸਮੇਂ ਸਿਰ ਸਕ੍ਰੀਨਿੰਗ ਹੀ ਜ਼ਿੰਦਗੀਆਂ ਬਚਾਉਣ ਲਈ ਕਾਰਗਰ ਸਿੱਧ ਹੋ ਸਕਦੀਆਂ ਹਨ।ਡਾ. ਇਸ਼ਿਤਾ ਲਾਰੋਇਆ ਨੇ ਕਿਹਾ ਕਿ ਨਿਰੰਤਰ ਜਾਂਚ ਅਤੇ ਸਮੇਂ ਸਿਰ ਚੈੱਕਅੱਪ ਨਾਲ ਕੈਂਸਰ ਕੇਸਾਂ ਦੇ ਵਧਦੇ ਅੰਕੜਿਆਂ ਨੂੰ ਰੋਕਿਆ ਜਾ ਸਕਦਾ ਹੈ।ਪ੍ਰੋਗਰਾਮ ਦਾ ਸਮਾਪਨ ਬਿਮਾਰੀ ਸਬੰਧੀ ਸਵਾਲ ਜਵਾਬ ਸੈਸ਼ਨ ਨਾਲ ਹੋਇਆ।

# ਵਿਧਾਇਕ ਕੋਹਲੀ ਤੇ ਮੇਅਰ ਗੋਗੀਆ ਵੱਲੋਂ ਪਟਿਆਲਾ 'ਚ ਸੜਕਾਂ ਦੀ ਮੁਰੰਮਤ ਲਈ ਵੱਡਾ ਬਜਟ ਜਾਰੀ

**ਪਟਿਆਲਾ (ਰਜਿੰਦਰ ਸਿੰਘ ਥਿੰਦ)**
ਪਟਿਆਲਾ ਦੇ ਵਿਕਾਸ ਕਾਰਜਾਂ ਨੂੰ ਇੱਕ ਨਵੀਂ ਰਫ਼ਤਾਰ ਮਿਲੀ ਜਦੋਂ ਪਟਿਆਲਾ ਸ਼ਹਿਰੀ ਇਲਾਕੇ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਨਗਰ ਨਿਗਮ ਦੇ ਸਹਿਯੋਗ ਨਾਲ ਭਰਪੂਰ ਗਾਰਡਨ 'ਚ 14 ਲੱਖ 90 ਹਜ਼ਾਰ, ਅਰਜਨ ਨਗਰ 'ਚ 11 ਲੱਖ 47 ਹਾਜ਼ਰ ਰੁਪਏ ਦੀ ਲਾਗਤ ਨਾਲ ਸੜਕਾਂ ਦੇ ਕੰਮ ਅਤੇ ਪੀ ਡਬਲਯੂ ਡੀ ਦੇ ਸਹਿਯੋਗ ਨਾਲ ਫੁਆਰਾ ਚੌਂਕ ਤੋਂ ਸ਼ੁਰੂ ਹੋ ਕੇ ਲੀਲਾ ਭਵਨ, ਲੀਲਾ ਭਵਨ ਤੋਂ ਗਾਰਡਨ ਰੀਜ਼ੋਰਟ 21 ਨੰਬਰ ਪੁਲ ਦੇ ਥੱਲੇ ਯੂ ਟਰਨ ਲੈ ਕੇ ਵਾਪਸੀ ਫੁਆਰਾ ਚੌਂਕ ਤੱਕ ਲਗਭਗ 1 ਕਰੋੜ 20 ਲੱਖ ਰੁਪਏ ਦੀ ਲਾਗਤ ਨਾਲ ਨਵੀਂਆਂ ਸੜਕਾਂ ਦੇ ਨਿਰਮਾਣ ਦੇ ਕੰਮ ਦੀ ਸ਼ੁਰੂਆਤ ਕੀਤੀ। ਓਹਨਾ ਦੱਸਿਆ ਕਿ ਇਨ੍ਹਾਂ ਸੜਕਾਂ ਦੀ ਹਾਲਤ ਲੰਬੇ ਸਮੇਂ ਤੋਂ ਬੇਹੱਦ ਖ਼ਰਾਬ ਸੀ, ਜਿਸ ਕਾਰਨ ਇਲਾਕਾ ਨਿਵਾਸੀਆਂ ਨੂੰ ਆਵਾਜਾਈ ਵਿੱਚ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਮੀਂਹ ਪੈਣ 'ਤੇ ਇੱਥੇ ਪਾਣੀ ਭਰ ਜਾਂਦਾ ਸੀ ਅਤੇ ਕਈ ਵਾਰ ਹਾਦਸੇ ਵੀ ਵਾਪਰ ਚੁੱਕੇ ਹਨ। ਲੋਕਾਂ ਨੇ ਮੰਗ ਕੀਤੀ ਸੀ ਕਿ ਇਨ੍ਹਾਂ ਸੜਕਾਂ ਦੀ ਮੁਰੰਮਤ ਜਾਂ ਨਵੀਨ ਨਿਰਮਾਣ ਕਰਵਾਇਆ ਜਾਵੇ। ਇਸ ਮੰਗ ਨੂੰ ਸਵੀਕਾਰ ਕਰਦਿਆਂ ਵਿਧਾਇਕ ਕੋਹਲੀ ਨੇ ਲਗਭਗ ਇੱਕ ਕਰੋੜ ਛਿਆਲੀ ਲੱਖ ਰੁਪਏ ਦੇ ਬਜਟ ਨਾਲ ਸੜਕਾਂ ਦੇ ਨਿਰਮਾਣ ਦੀ ਸ਼ੁਰੂਆਤ ਕਰ ਦਿੱਤੀ ਹੈ। ਓਹਨਾ ਦਸਿਆ ਕਿ 300 ਕਿਲੋਮੀਟਰ ਵਿੱਚੋਂ ਲਗਭਗ 250 ਕਿਲੋਮੀਟਰ ਪਾਈਪ ਲਾਈਨਾਂ ਪਹਿਲਾਂ ਹੀ ਵਿਛਾਈਆਂ ਜਾ ਚੁੱਕੀਆਂ ਹਨ, ਜਿਸ ਤੋਂ ਬਾਅਦ ਹੁਣ ਸੜਕਾਂ ਦੀ ਪੱਕੀ ਮੁਰੰਮਤ ਅਤੇ ਨਵੀਨ ਨਿਰਮਾਣ ਦਾ ਕੰਮ ਵੀ ਚੱਲ ਪਿਆ ਹੈ।ਵਿਧਾਇਕ ਕੋਹਲੀ ਨੇ ਇਸ ਮੌਕੇ ਇਲਾਕੇ ਦੀਆਂ ਹੋਰ ਸਮੱਸਿਆਵਾਂ ਨੂੰ ਦੇਖਦਿਆਂ ਕਿਹਾ ਕਿ ਸਿਰਫ਼ ਸੜਕਾਂ ਦੀ ਮੁਰੰਮਤ ਕਰਵਾਉਣਾ ਹੀ ਨਹੀਂ, ਸਗੋਂ ਇਲਾਕੇ ਦੀ ਡਰੇਨੇਜ ਪ੍ਰਣਾਲੀ, ਪਾਰਕਾਂ, ਸਟ੍ਰੀਟ ਲਾਈਟਾਂ, ਸਫਾਈ ਪ੍ਰਬੰਧ ਅਤੇ ਫੁੱਟਪਾਥਾਂ ਨੂੰ ਵੀ ਨਵੇਂ ਸਿਰੇ ਨਾਲ ਠੀਕ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਕੰਮ ਲਗਭਗ ਤਿੰਨ ਮਹੀਨੇ ਦੇ ਅੰਦਰ ਪੂਰਾ ਹੋ ਜਾਣ



ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਜਿਵੇਂ ਸਰਕਾਰ ਆਪਣੀ ਜ਼ਿੰਮੇਵਾਰੀ ਨਿਭਾ ਰਹੀ ਹੈ, ਓਸੇ ਤਰ੍ਹਾਂ ਜਨਤਾ ਨੂੰ ਵੀ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਸਫਾਈ ਰੱਖਣੀ, ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਅਤੇ ਵਿਕਾਸ ਕਾਰਜਾਂ ਵਿਚ ਸਹਿਯੋਗ ਦੇਣਾ, ਇਹ ਸਾਰੀਆਂ ਗੱਲਾਂ ਮਿਲ ਕੇ ਹੀ ਇੱਕ ਵਧੀਆ ਸ਼ਹਿਰ ਬਣਾਉਣ ਵਿੱਚ ਸਹਾਇਕ ਹੁੰਦੀਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਹੋਰ ਵਿਕਾਸ ਕਾਰਜਾਂ ਦੀ ਵੀ ਸ਼ੁਰੂਆਤ ਹੋਣ ਜਾ ਰਹੀ ਹੈ, ਜਿਸ ਵਿੱਚ ਪਾਣੀ ਦੀ ਸੁਵਿਧਾ, ਨਿਕਾਸੀ ਲਾਈਨਾਂ ਦੇ ਨਵੀਨੀਕਰਨ, ਸੜਕਾਂ ਦੇ ਕੰਢੇ ਦੀ ਮਰੰਮਤ, ਅਤੇ ਪਾਰਕਾਂ ਦੀ ਸਜਾਵਟ ਆਦਿ ਸ਼ਾਮਲ ਹਨ।ਮੇਅਰ ਕੁੰਦਨ ਗੋਗੀਆ ਨੇ ਇਸ ਸਬੰਧੀ ਦੱਸਦੇ ਹੋਏ ਕਿਹਾ ਕਿ ਮੌਸਮ ਦੀ ਮਾੜੀ ਸਥਿਤੀ ਕਾਰਨ ਕੰਮਾਂ ਵਿੱਚ ਕੁਝ ਦੇਰੀ ਹੋਈ ਸੀ, ਪਰ ਹੁਣ ਹਰੇਕ ਕੰਮ ਨੂੰ ਤੇਜ਼ੀ ਨਾਲ ਪੂਰਾ ਕਰਨ ਲਈ ਯਤਨ ਕੀਤੇ ਜਾ ਰਹੇ ਹਨ।ਇਸ ਮੌਕੇ ਉਨ੍ਹਾਂ ਦੇ ਨਾਲ ਐਮ ਸੀ ਰਮਨਪ੍ਰੀਤ ਕੌਰ ਕੋਹਲੀ, ਐਮ ਸੀ ਕੰਵਲਜੀਤ ਕੌਰ ਜੱਗੀ, ਐਮ ਸੀ ਇਤਵਿੰਦਰ ਸਿੰਘ, ਜਗਤਾਰ ਸਿੰਘ ਜੱਗੀ, ਭਵਨ ਪੁਨੀਤ ਸਿੰਘ ਤੋਂ ਇਲਾਵਾ ਪੀ ਡਬਲਯੂ ਡੀ ਅਤੇ ਨਗਰ ਨਿਗਮ ਦੇ ਅਧਿਕਾਰੀ ਮੌਜੂਦ ਸਨ।

# ਸਰਸਵਤੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਵਿਖੇ ਪੰਜਾਬੀ ਦਿਵਸ ਮਨਾਇਆ ਗਿਆ



**ਦੋਰਾਹਾ (ਹਰਮਿੰਦਰ ਸੇਠ)**-ਸਰਸਵਤੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਵਿੱਚ ਵਿਸ਼ਵ ਪੰਜਾਬੀ ਦਿਵਸ ਮਨਾਇਆ ਗਿਆ।ਜਿਸ ਬਾਰੇ ਵਿਸਥਾਰ ਨਾਲ ਜਾਣਕਾਰੀ ਸਕੂਲ ਅਧਿਆਪਕਾ ਸ਼੍ਰੀਮਤੀ ਹਰਬੰਸ ਕੌਰ ਨੇ ਦਿੱਤੀ।ਸਕੂਲ ਦੇ ਮੁਖੀ ਸ੍ਰੀ ਪ੍ਰਤਿਸ਼ ਗੁਸਾਂਈ ਨੇ ਕਿਹਾ ਕਿ ਕੋਈ ਵੀ ਪੰਜਾਬੀ ਭਾਵੇਂ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਜਾ ਕੇ ਵਸ ਜਾਵੇ, ਉਸ ਨੂੰ ਪੰਜਾਬੀ ਬੋਲੀ ਨਹੀਂ ਛੱਡਣੀ ਚਾਹੀਦੀ।ਆਪਣੇ ਬੱਚਿਆਂ ਨੂੰ ਵੀ ਮਾਤ ਭਾਸ਼ਾ ਸਿਖਾਉਣੀ ਚਾਹੀਦੀ ਹੈ ਕਿਉਂਕਿ ਜਿਸ ਧਰਤੀ ਦੇ ਲੋਕ ਆਪਣੀ ਮਾਤ ਭਾਸ਼ਾ ਭੁੱਲ ਜਾਂਦੇ ਹਨ ਉਹ ਆਪਣਾ ਵਿਰਸਾ ਸਭਿਆਚਾਰ ਸਭ ਕੁਝ ਖੋਹ ਦਿੰਦੇ ਹਨ ਅਤੇ ਉਹ ਕੌਮਾਂ ਵੀ ਖਤਮ ਹੋ ਜਾਂਦੀਆਂ ਹਨ।

# ਲੁਧਿਆਣਾ ਦੀ ਮੇਅਰ ਦਾ ਜਨਮ ਦਿਨ ਸ਼ਹਿਰ ਵਾਸੀਆਂ ਨੇ ਖ਼ੂਨ ਦਾਨ ਕਰਕੇ ਮਨਾਇਆ

**ਲੁਧਿਆਣਾ (ਰਾਜ ਸਿੰਗਲਾ)**-ਲੁਧਿਆਣਾ ਦੀ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਦਾ ਜਨਮ ਦਿਨ ਉਹਨਾਂ ਦੇ ਵਰਕਰਾਂ ਵੱਲੋਂ ਬੜੀ ਧੂਮਧਾਮ ਨਾਲ ਮਨਾਇਆ ਗਿਆ। ਸ਼ਹਿਰ ਦੇ ਅੰਬੇਡਕਰ ਭਵਨ ਵਿਖੇ ਨੌਜਵਾਨ ਅਤੇ ਸ਼ਹਿਰ ਦੀਆਂ ਸੰਸਥਾਵਾਂ ਵੱਲੋਂ ਪ੍ਰਿੰਸੀਪਲ ਇੰਦਰਜੀਤ ਕੌਰ ਦੇ ਜਨਮ ਦਿਨ ਮੌਕੇ ਕੇਕ ਕੱਟਿਆ ਗਿਆ । ਵੱਖ ਵਖ ਆਗੂਆਂ ਵੱਲੋਂ ਮੇਹਰ ਨੂੰ ਗੁਲਦਸਤੇ ਭੇਟ ਕੀਤੇ ਗਏ । ਇਸ ਮੌਕੇ ਨੌਜਵਾਨਾਂ ਵੱਲੋਂ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ ਅਤੇ ਅੱਖਾਂ ਦਾ ਚੈੱਕ ਅਪ ਕੈਂਪ ਵੀ ਲਗਾਇਆ ਗਿਆ।



# ਤਰਕਸ਼ੀਲ ਸੁਸਾਇਟੀ ਹੜ੍ਹ ਪੀੜਤ ਵਿਦਿਆਰਥੀਆਂ ਨੂੰ 10 ਲੱਖ ਦੀਆਂ ਸਟੇਸ਼ਨਰੀ ਕਿੱਟਾਂ ਦੇਵੇਗੀ



**ਸੰਗਰੂਰ (ਪ੍ਰਵੀਨ ਸਿੰਘ)**-ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਸੰਗਰੂਰ ਦੀ ਇਕੱਤਰਤਾ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਦੀ ਪ੍ਰਧਾਨਗੀ 'ਚ ਬੀਐਸਐਨਐਲ ਪਾਰਕ ਵਿਖੇ ਹੋਈ।ਮੀਟਿੰਗ 'ਚ ਦੱਸਿਆ ਗਿਆ ਕਿ ਸੂਬੇ ਕਮੇਟੀ ਨੇ ਹੜ੍ਹਾਂ ਕਾਰਨ ਮੁਲਤਵੀ ਕੀਤੀ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਅਕਤੂਬਰ ਦੇ ਪਹਿਲੇ ਹਫਤੇ ਕਰਾਉਣ ਦਾ ਫੈਸਲਾ ਕੀਤਾ ਹੈ।ਪੀਟੀਐਮ ਦੀ ਮਿਤੀ ਉਡੀਕ ਕੇ ਪ੍ਰੀਖਿਆ ਦੀ ਮਿਤੀਆਂ ਅਨਾਊਂਸ ਕਰ ਦਿੱਤੀਆਂ ਜਾਣਗੀਆਂ। ਮੀਟਿੰਗ 'ਚ ਦੱਸਿਆ ਗਿਆ ਕਿ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਨੂੰ ਮਿਲ ਕੇ ਜ਼ੋਰਦਾਰ ਮੰਗ ਕੀਤੀ ਜਾਵੇਗੀ ਕਿ ਹੜ੍ਹਾਂ ਦੌਰਾਨ ਵਿਦਿਆਰਥੀਆਂ, ਮਾਪਿਆਂ ਤੇ ਸਕੂਲਾਂ ਦੇ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਵਿਦਿਆਰਥੀਆਂ ਦੀ ਪ੍ਰੀਖਿਆ ਫੀਸ ਸਮੇਤ 2025-2026 ਦੇ ਪੂਰੇ ਸੈਸ਼ਨ ਦੀ ਫੀਸ ਮੁਆਫ਼ ਕੀਤੀ ਜਾਵੇ ਤੇ ਲੋੜਵੰਦ ਵਿਦਿਆਰਥੀਆਂ ਨੂੰ ਪਾਠ ਪੁਸਤਕਾਂ ਤੇ ਸਟੇਸ਼ਨਰੀ ਮੁਹੱਈਆ ਕਰਾਈ ਜਾਵੇ।

ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਦੱਸਿਆ ਕਿ ਇਸ ਸੰਬੰਧੀ ਤਰਕਸ਼ੀਲ ਸੁਸਾਇਟੀ ਦੇ ਵਫ਼ਦ ਵੱਲੋਂ ਬਹੁਤ ਜਲਦ ਸਿੱਖਿਆ ਬੋਰਡ ਦੇ ਚੇਅਰਮੈਨ ਨੂੰ ਮਿਲ ਕੇ ਮੰਗ ਪੱਤਰ ਸੌਂਪਿਆ ਜਾਵੇਗਾ।ਇਸਦੇ ਨਾਲ ਹੀ ਮੁੱਖ ਮੰਤਰੀ ਨੂੰ ਹੜ੍ਹਾਂ ਦੀ ਤਬਾਹੀ ਤੋਂ ਪ੍ਰਭਾਵਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਰਾਹੀਂ ਮੰਗ ਪੱਤਰ ਦੇ ਕੇ ਵਿਦਿਆਰਥੀਆਂ ਦੀਆਂ ਫ਼ੀਸਾਂ ਮੁਆਫ਼ ਕਰਨ ਅਤੇ ਵੱਡੇ ਪੱਧਰ 'ਤੇ ਹੋਏ ਜਾਨੀ ਅਤੇ ਮਾਲੀ ਨੁਕਸਾਨ ਤੋਂ ਪੀੜ੍ਹਤ ਖੇਤ ਮਜ਼ਦੂਰਾਂ, ਕਿਸਾਨਾਂ, ਦਲਿਤਾਂ, ਬੇਜ਼ਮੀਨਿਆਂ ਤੇ ਗਰੀਬ ਵਰਗਾਂ ਦੇ ਲੋਕਾਂ ਨੂੰ ਜਲਦ ਤੋਂ ਜਲਦ ਯੋਗ ਮੁਆਵਜ਼ਾ ਦੇਣ ਤੇ ਮੁੜ ਵਸੇਬਾ ਕਰਨ ਦੀ ਮੰਗ ਕੀਤੀ ਜਾਵੇਗੀ।ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ ਗੁਰਦੀਪ ਸਿੰਘ ਤੇ ਪ੍ਰਗਟ ਸਿੰਘ ਬਾਲੀਆਂ ਨੇ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਵੱਲੋਂ ਸੂਬਾਈ ਪੱਧਰ 'ਤੇ ਇਕੱਠੀ ਕੀਤੀ ਜਾ ਰਹੀ ਵਿੱਤੀ ਸਹਾਇਤਾ ਨਾਲ ਪੰਜਾਬ ਦੇ ਵੱਖ-ਵੱਖ ਇਲਾਕਿਆਂ ਦੇ ਹੜ੍ਹ ਪੀੜਤ ਵਿਦਿਆਰਥੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ 10 ਲੱਖ ਰੁਪਏ ਦੀਆਂ ਸਟੇਸ਼ਨਰੀ ਕਿੱਟਾਂ ਪ੍ਰਦਾਨ ਕੀਤੀਆਂ ਜਾਣਗੀਆਂ।ਹੁਸ਼ਿਆਰਪੁਰ ਵਿਖੇ ਬੱਚੇ ਦੇ ਕਾਤਲ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਜ਼ੋਰਦਾਰ ਮੰਗ ਕਰਨ ਦੇ ਇਲਾਵਾ ਪੰਜਾਬ ਸਰਕਾਰ ਤੋਂ ਪ੍ਰਵਾਸੀ ਮਜ਼ਦੂਰਾਂ ਵਿਰੁੱਧ ਫਿਰਕੂ ਹਿੰਸਕ ਹਮਲਿਆਂ ਨੂੰ ਸਖ਼ਤੀ ਨਾਲ ਰੋਕਣ ਤੇ ਭਾਈਚਾਰਕ ਸਾਂਝ ਮਜ਼ਬੂਤ ਕਰਨ ਦੀ ਵੀ ਮੰਗ ਕੀਤੀ ਗਈ।

# ਨਾਬਾਲਗ ਨਾਲ ਜਬਰ ਜ਼ਨਾਹ ਮਾਮਲੇ 'ਚ 20 ਸਾਲ ਦੀ ਕੈਦ ਸੁਣਾਈ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**
ਨਾਬਾਲਗ ਲੜਕੀ ਨਾਲ ਜਬਰ ਜਨਾਹ ਕੀਤੇ ਜਾਣ ਦੇ ਇੱਕ ਮਾਮਲੇ 'ਚ ਬਡਾਲੀ ਆਲਾ ਸਿੰਘ ਪੁਲਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਨੂੰ ਇੱਕ ਅਦਾਲਤ ਵੱਲੋਂ 20 ਸਾਲ ਕੈਦ ਦੀ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ 13/6/24 ਨੂੰ ਥਾਣਾ ਬਡਾਲੀ ਆਲਾ ਸਿੰਘ ਵਿਖੇ ਅ/ਧ 376,366,363 ਆਈ.ਪੀ.ਸੀ. ਤੇ ਪੋਸਕੋ ਐਕਟ ਦੀ ਧਾਰਾ 6 ਤਹਿਤ ਦਰਜ ਕੀਤੇ ਗਏ। ਇੱਕ ਮੁਕੱਦਮੇ ਵਿੱਚ ਜੈ ਪ੍ਰਕਾਸ਼ (32) ਵਾਸੀ ਜ਼ਿਲ੍ਹਾ ਰੋਹਤਾਸ (ਬਿਹਾਰ) ਨੂੰ ਪੁਲਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

ਮਾਮਲੇ ਸਬੰਧੀ ਪੀੜਤ ਲੜਕੀ ਦੇ ਮਾਤਾ-ਪਿਤਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਾਏ ਸਨ ਕਿ ਉਨ੍ਹਾਂ ਦੀ ਕਰੀਬ 16 ਸਾਲ ਉਮਰ ਦੀ ਲੜਕੀ ਨੂੰ ਫ਼ਿਲਮਾਂ 'ਚ ਕੰਮ ਦਵਾਉਣ ਦਾ ਝਾਂਸਾ ਦੇ ਕੇ ਜੈ ਪ੍ਰਕਾਸ਼ ਬਿਹਾਰ ਲੈ ਗਿਆ, ਜਿੱਥੇ ਉਕਤ ਵਿਅਕਤੀ ਵੱਲੋਂ ਉਨ੍ਹਾਂ ਦੀ ਨਾਬਾਲਗ ਲੜਕੀ ਦੀ ਮਰਜ਼ੀ ਤੋਂ ਬਗੈਰ ਉਸ ਨਾਲ ਜਬਰੀ ਸਰੀਰਕ ਸਬੰਧ ਬਣਾਏ ਗਏ।ਮੁਕੱਦਮੇ ਦੀ ਸੁਣਵਾਈ ਦੌਰਾਨ ਪ੍ਰਾਸੀਕਿਊਸ਼ਨ ਤੇ ਬਚਾਅ ਪੱਖ ਵੱਲੋਂ ਪੇਸ਼ ਕੀਤੇ ਗਏ ਸਬੂਤਾਂ, ਗਵਾਹੀਆਂ ਤੇ ਦਲੀਲਾਂ ਨੂੰ ਵਿਚਾਰਨ ਤੋਂ ਬਾਅਦ ਐਡੀਸ਼ਨਲ ਸੈਸ਼ਨਜ਼ ਜੱਜ ਫ਼ਤਹਿਗੜ੍ਹ ਸਾਹਿਬ ਦੀ ਅਦਾਲਤ ਨੇ ਜੈ ਪ੍ਰਕਾਸ਼ ਨੂੰ ਮਾਮਲੇ 'ਚ ਪੋਸਕੋ ਐਕਟ ਦੀ ਧਾਰਾ 6 ਤਹਿਤ ਦੋਸ਼ੀ ਮੰਨਦੇ ਹੋਏ 20 ਸਾਲ ਕੈਦ ਬਾਮੁਸ਼ੱਕਤ ਤੇ 1,00,000/- ਰੁਪਏ ਜੁਰਮਾਨਾ, ਅ/ਧ 366 ਆਈ.ਪੀ.ਸੀ. ਤਹਿਤ ਦੋਸ਼ੀ ਮੰਨਦੇ ਹੋਏ 7 ਸਾਲ ਕੈਦ ਬਾਮੁਸ਼ੱਕਤ ਤੇ 30,000/- ਰੁਪਏ ਜੁਰਮਾਨਾ ਤੇ 363 ਆਈ.ਪੀ.ਸੀ. ਤਹਿਤ ਦੋਸ਼ੀ ਮੰਨਦੇ ਹੋਏ 4 ਸਾਲ ਕੈਦ ਬਾਮੁਸ਼ੱਕਤ ਤੇ 20,000/- ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

# 2 ਸਮੱਗਲਰ ਕਾਬੂ ਕਰਕੇ ਮੋਟਰਸਾਇਲ ਸਮੇਤ 100 ਗ੍ਰਾਮ ਹੈਰੋਇਨ ਬਰਾਮਦ

**ਮੋਗਾ (ਇਕਬਾਲ ਸਿੰਘ ਖਹਿਰਾ)**-ਡੀ.ਜੀ.ਪੀ ਪੰਜਾਬ ਵੱਲੋਂ ਨਸ਼ਾ ਤਸਕਰਾਂ ਦੇ ਖਿਲਾਫ਼ ਵਿੱਢੀ ਮੁਹਿੰਮ ਤਹਿਤ ਸ਼੍ਰੀ ਅਜੈ ਗਾਂਧੀ ਐਸ ਐਸ ਪੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬਾਲ ਕ੍ਰਿਸ਼ਨ ਸਿੰਗਲਾ ਐਸ ਪੀ ਆਈ, ਰਮਨਦੀਪ ਸਿੰਘ ਉਪ ਕਪਤਾਨ ਪੁਲਸ ਸਬ ਧਰਮਕੋਟ ਦੀ ਰਹਿਨੁਮਾਈ ਹੇਠ ਮਿਤੀ 21.09.2025 ਨੂੰ ਧਰਮਕੋਟ ਪੁਲਸ ਵੱਲੋਂ ਵਿਅਕਤੀ ਚੰਦ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਅੰਮੀਵਾਲਾ ਜ਼ਿਲ੍ਹਾ ਮੋਗਾ ਤੇ ਕੁਲਦੀਪ ਕੌਰ ਉਰਫ ਮੋਟੋ ਪਤਨੀ ਸੁੱਖਾ ਸਿੰਘ ਵਾਸੀ ਮੂਲੇਵਾਲ ਅਰਾਈਆਂ ਥਾਣਾ ਸ਼ਾਹਕੋਟ ਜ਼ਿਲ੍ਹਾ ਜਲੰਧਰ ਨੂੰ ਕਾਬੂ ਕਰਕੇ ਇਨ੍ਹਾਂ ਪਾਸੋਂ100 ਗਰਾਮ ਹੈਰੋਇਨ ਸਮੇਤ ਇੱਕ ਮੋਟਰਸਾਇਕਲ ਨੰਬਰੀ ਪੀ.ਬੀ. 29 ਐਲ 8582 ਮਾਰਕਾ ਹੀਰੋ ਬਰਾਮਦ ਕੀਤਾ।ਡੀ.ਐਸ.ਪੀ ਧਰਮਕੋਟ ਰਮਨਦੀਪ ਸਿੰਘ ਤੇ ਐਸ.ਐਚ.ਓ ਗੁਰਮੇਲ ਸਿੰਘ ਨੇ ਦੱਸਿਆ ਕਿ 21.09. 2025 ਨੂੰ ਏ ਐਸ ਆਈ ਗੁਰਬਿੰਦਰ ਸਿੰਘ ਇੰਚਾਰਜ ਚੌਕੀ ਕਿਸ਼ਨਪੁਰਾ ਕਲਾਂ ਸਮੇਤ ਪੁਲਸ ਪਾਰਟੀ ਦੇ ਗਸ਼ਤ ਅਤੇ ਤਲਾਸ਼ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਰਵਾਨਾ ਸੀ ਤਾਂ ਮੁਖਬਰ ਨੇ ਇਤਲਾਹ ਦਿੱਤੀ ਕਿ ਚੰਦ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਅੰਮੀਵਾਲਾ ਜ਼ਿਲਾ ਮੋਗਾ ਅਤੇ ਕੁਲਦੀਪ ਕੌਰ ਉਰਫ ਮੋਟੋ ਪਤਨੀ ਸੁੱਖਾ ਸਿੰਘ ਵਾਸੀ ਮੂਲੇਵਾਲ ਅਰਾਈਆ ਥਾਣਾ ਸ਼ਾਹਕੋਟ ਜ਼ਿਲਾ ਜਲੰਧਰ, ਜੋ ਨਸ਼ੇੜੀਆਂ ਨੂੰ ਹੈਰੋਇਨ ਵੇਚਣ ਦੇ ਆਦੀ ਹਨ, ਅੱਜ ਆਪਣੇ ਮੋਟਰਸਾਇਕਲ ਨੰਬਰੀ ਪੀ.ਬੀ 29 ਐਲ 8582 ਪਰ ਸਵਾਰ ਹੋ ਕੇ ਸਿੱਧਵਾਂ ਬੇਟ ਸਾਇਡ ਤੋਂ ਨਹਿਰ ਦੀ ਪਟੜੀ ਪਟੜੀ ਆ ਰਹੇ ਹਨ।ਜੇਕਰ ਪੁਲ ਨਹਿਰ ਕਿਸ਼ਨਪੁਰਾ ਖੁਰਦ ਨਾਕਾਬੰਦੀ ਕਰਕੇ ਇਨ੍ਹਾਂ ਦੀ ਚੈਕਿੰਗ ਕੀਤੀ ਜਾਵੇ ਤਾਂ ਇਹ ਹੈਰੋਇਨ ਸਮੇਤ ਕਾਬੂ ਆ ਸਕਦਾ ਹਨ। ਪੁਲਸ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਇਨ੍ਹਾਂ ਦੇ ਖਿਲਾਫ਼ ਮੁਕੱਦਮਾ ਨੰਬਰ 250 ਮਿਤੀ 21.09.2025 ਅ/ਧ 21.61.85 ਐਨ.ਡੀ.ਪੀ.ਐਸ. ਐਕਟ ਥਾਣਾ ਧਰਮਕੋਟ ਦਰਜ ਕੀਤਾ ਗਿਆ ਤੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ।ਪੁਲਸ ਪਾਰਟੀ ਵੱਲੋਂ ਪੁਲ ਨਹਿਰ ਕਿਸ਼ਨਪੁਰਾ ਖੁਰਦ ਨਾਕਾਬੰਦੀ ਕਰਕੇ ਮੋਟਰਸਾਇਕਲਾਂ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕਿੰਗ ਕੀਤੀ ਅਤੇ ਮੋਟਰਸਾਇਕਲ ਸਵਾਰ ਚੰਦ ਸਿੰਘ ਤੇ ਕੁਲਦੀਪ ਕੌਰ ਉਰਫ ਮੋਟੋ ਨੂੰ ਕਾਬੂ ਕਰਕੇ ਇਨ੍ਹਾਂ ਦੇ ਕਬਜ਼ੇ ਵਿੱਚੋਂ 100 ਗ੍ਰਾਮ ਹੈਰੋਇਨ ਬਰਾਮਦ ਕੀਤੀ।ਦੋਹਾਂ ਨੇ ਦੌਰਾਨੇ ਪੁੱਛਗਿੱਛ ਮੰਨਿਆ ਹੈ ਕਿ ਉਹ ਇਹ ਹੈਰੋਇਨ ਗੁਰਬਚਨ ਸਿੰਘ ਉਰਫ ਬਿੱਟੂ ਪੁੱਤਰ ਕਾਬਲ ਸਿੰਘ ਵਾਸੀ ਸਿੱਧਵਾਂ ਥਾਣਾ ਖਾਲੜਾ ਜ਼ਿਲ੍ਹਾ ਤਰਨਤਾਰਨ ਪਾਸੋਂ ਖਰੀਦੀ ਹੈ, ਜਿਸ 'ਤੇ ਮੁਕੱਦਮਾ ਉਕਤ ਵਿੱਚ ਵਾਧਾ ਜੁਰਮ 29.61.85 ਐਨ.ਡੀ.ਪੀ.ਐਸ. ਐਕਟ ਕਰਕੇ ਗੁਰਬਚਨ ਸਿੰਘ ਉਰਫ ਬਿੱਟੂ ਪੁੱਤਰ ਕਾਬਲ ਸਿੰਘ ਵਾਸੀ ਸਿੱਧਵਾਂ ਥਾਣਾ ਖਾਲੜਾ ਜ਼ਿਲਾ ਤਰਨਤਾਰਨ ਨੂੰ ਦੋਸ਼ੀ ਨਾਮਜ਼ਦ ਕੀਤਾ। ਗ੍ਰਿਫਤਾਰ ਨੂੰ ਪੇਸ਼ ਅਦਾਲਤ ਕਰਕੇ, ਰਿਮਾਂਡ ਹਾਸਲ ਕਰਕੇ ਹੋਰ ਪੁੱਛ-ਗਿੱਛ ਕਰਕੇ ਅਗਲੀ ਕਰਵਾਈ ਕੀਤੀ ਜਾਵੇਗੀ।



# ਸੁਨੱਖੀ ਪੰਜਾਬਣ ਮੁਕਾਬਲਾ-7 ਦਾ ਗ੍ਰੈਂਡ ਫਿਨਾਲੇ 'ਚ ਕਿਰਨਦੀਪ ਰਹੀ ਜੇਤੂ



**ਬੱਧਨੀ ਕਲਾਂ (ਲਵਲੀ ਕੁਮਾਰ)**
ਸੁਨੱਖੀ ਪੰਜਾਬਣ ਮੁਕਾਬਲਾ-7 ਦਾ ਗ੍ਰੈਂਡ ਫਿਨਾਲੇ ਪ੍ਰੋਗਰਾਮ ਸ਼੍ਰੀ ਗੁਰੂ ਗੋਬਿੰਦ ਸਿੰਘ ਕਾਲਜ ਪ੍ਰੀਤਮਪੁਰਾ (ਦਿੱਲੀ ਯੂਨੀਵਰਸਿਟੀ) ਵਿਖੇ ਕਰਾਇਆ ਗਿਆ।ਪੰਜਾਬੀ ਫ਼ਿਲਮਾਂ ਤੇ ਹੋਰ ਵੱਖ-ਵੱਖ ਖੇਤਰਾਂ ਨਾਲ ਜੁੜੇ ਮਾਹਰ ਜੱਜਾਂ, ਸ਼ਖ਼ਸੀਅਤਾਂ ਦੀ ਮੌਜੂਦਗੀ ਵਿਚ ਹੋਏ ਇਸ ਫਾਈਨਲ ਮੁਕਾਬਲੇ 'ਚ ਪੰਜਾਬਣ ਮੁਟਿਆਰਾਂ ਨੇ ਪੰਜਾਬੀ ਲੋਕ ਗੀਤ, ਭੰਗੜਾ, ਨਾਟਕ, ਕਾਮੇਡੀ, ਗਿੱਧਾ ਆਦਿ ਰਾਹੀਂ ਆਪੋ ਆਪਣੇ ਹੁਨਰ ਦੀ ਪੇਸ਼ਕਾਰੀ ਕੀਤੀ। ਉਨ੍ਹਾਂ ਪੈਂਤੀ ਅੱਖਰੀ ਲਿਖ ਕੇ ਵਿਖਾਈ ਤੇ ਸੱਭਿਆਚਾਰ ਨਾਲ ਸਬੰਧਤ ਸਵਾਲਾਂ ਦੇ ਜਵਾਬ ਵੀ ਦਿੱਤੇ।ਦਿੱਲੀ ਦੀ ਕਿਰਨਦੀਪ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਜਦਕਿ ਦੂਜਾ ਸਥਾਨ ਜਲੰਧਰ ਦੀ ਭਾਰਤੀ ਓਜਲਾ ਤੇ ਦਿੱਲੀ ਤੋਂ ਦੁਰਗਾ ਮਲਹੋਤਰਾ ਤੀਜਾ ਅਸਥਾਨ ਤੇ ਪਟਿਆਲੇ ਦੀ ਖੁਸ਼ੀ ਤੇ ਦਿੱਲੀ ਦੀ ਸਮੀਖਿਆ ਰਹੀਆਂ।

ਜੇਤੂ ਮੁਟਿਆਰਾਂ ਸਮੇਤ ਮੁਕਾਬਲੇ ਵਿਚ ਹਿੱਸਾ ਲੈਣ ਵਾਲੀਆਂ ਤੀਹ ਮੁਟਿਆਰਾਂ ਚੋਂ ਹਰੇਕ ਨੂੰ ਸੁਨੱਖੀ ਪੰਜਾਬਣ ਵੱਲੋਂ ਨਕਦ ਰਾਸ਼ੀ ਸਮੇਤ 11 ਹਜ਼ਾਰ ਰੁਪਏ ਕਰੀਬ ਦੇ ਸਨਮਾਨ ਦਿੱਤੇ ਗਏ।ਪਹਿਲੀ ਜੇਤੂ ਕਿਰਨ ਦੀਪ ਨੂੰ ਸੁਨੱਖੀ ਪੰਜਾਬਣ ਵੱਲੋਂ 5 ਫੁੱਟ ਉੱਚੀ ਟਰਾਫੀ, ਉਤਰਾਖੰਡ ਵੈਂਚਰਜ਼ ਵੱਲੋਂ ਜਿਮ ਕੋਰਬੇਟ ਦੀ ਯਾਤਰਾ, ਗੋਲਡ ਪਲੇਟਿਡ ਸੱਗੀ ਫੁੱਲ ਤੇ ਨਕਦ ਇਨਾਮ ਦਿੱਤਾ ਗਿਆ।ਦੂਜੀ ਜੇਤੂ ਨੂੰ ਉਤਰਾਖੰਡ ਵੈਂਚਰਜ਼ ਵੱਲੋਂ ਅੰਮ੍ਰਿਤਸਰ ਦੀ ਯਾਤਰਾ, ਗੋਲਡ ਪਲੇਟਿਡ ਸੱਗੀ ਫੁੱਲ ਦਿੱਤੀ ਗਈ ਅਤੇ ਪੰਜਾਬੀ ਸ਼ਾਰਟ ਫ਼ਿਲਮਾਂ 'ਚ ਕੰਮ ਕਰਨ ਦਾ ਮੌਕਾ ਤੇ ਤੀਜੇ ਥਾਂ 'ਤੇ ਆਈ ਮੁਟਿਆਰ ਨੂੰ ਗੋਲਡ ਪਲੇਟਿਡ ਸੱਗੀ ਫੁੱਲ ਦਿੱਤਾ ਗਿਆ ਤੇ ਪੰਜਾਬੀ ਸ਼ਾਰਟ ਫ਼ਿਲਮਾਂ 'ਚ ਕੰਮ ਕਰਨ ਦਾ ਮੌਕਾ ਦਿੱਤਾ ਜਾਵੇਗਾ।ਪ੍ਰੋਗਰਾਮ ਦੀ ਸ਼ੁਰੂਆਤ ਰੂਹਾਨੀ ਸੰਗੀਤ ਗਰੁੱਪ ਵੱਲੋਂ ਪੁਰਾਤਨ ਸਾਜ਼ਾਂ ਨਾਲ ਕੀਰਤਨ ਰਾਹੀਂ ਕੀਤੀ ਗਈ।ਗੁਰੂ ਗੋਬਿੰਦ ਸਿੰਘ ਕਾਲਜ ਦੀ ਭੰਗੜਾ ਟੀਮ ਵੱਲੋਂ ਭੰਗੜੇ ਦੀ ਖ਼ੂਬਸੂਰਤ ਪੇਸ਼ਕਾਰੀ ਕੀਤੀ ਗਈ ।ਢੋਲੀ ਨੇ ਧੰਨ-ਧੰਨ ਕਰਾ ਦਿੱਤੀ। ਸਿਮਨੀਤ ਕੌਰ ਅਤੇ ਅਰਲੀਨ ਕੌਰ ਇੱਕ ਪ੍ਰੋਗਰਾਮ ਪੇਸ਼ ਕੀਤਾ ਗਿਆ।ਤਵਨੂਰ ਸਿੰਘ ਦੀ ਗਾਇਕੀ ਨੇ ਵਾਹ-ਵਾਹ ਕਰਾਈ।ਮਾਂ ਬੋਲੀ ਪੰਜਾਬੀ, ਸੱਭਿਆਚਾਰ ਤੇ ਵਿਰਸੇ ਨੂੰ ਸੰਭਾਲਣ ਲਈ ਯਤਨਸ਼ੀਲ ਸੁਨੱਖੀ ਪੰਜਾਬਣ ਦੇ ਗ੍ਰੈਂਡ ਫਿਨਾਲੇ ਪ੍ਰੋਗਰਾਮ ਵਿਚ ਪ੍ਰਸਿੱਧ ਪੰਜਾਬੀ ਫਿਲਮ ਅਦਾਕਾਰ ਤੇ ਵਿਰਾਸਤ ਫਿਲਮਜ਼ ਦੇ ਜਰਨੈਲ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਗੈਸਟ ਆਫ਼ ਆਨਰ ਵਜੋਂ ਉਦਯੋਗਪਤੀ ਸੁਨੀਤਾ ਸਿੰਘ, ਪ੍ਰਸਿੱਧ ਪਾਮੋਨੋਲੋਜਿਸਟ ਡਾ. ਹਰੀਸ਼ ਭਾਟੀਆ, ਮੋਟੀਵੇਸ਼ਨਲ ਸਪੀਕਰ ਸੰਦੀਪ ਕੌਰ ਤੇ ਰੋਜ਼ਾ ਹਰਬਲ ਕੇਅਰ ਦੇ ਸੀਈਓ ਰਾਓ ਚਰਨ ਸਿੰਘ ਤੇ ਪੱਤਰਕਾਰ ਰਾਜਵਿੰਦਰ ਰੌਂਤਾ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਪ੍ਰੋਗਰਾਮ ਵਿਚ ਜੱਜਾਂ ਦੀ ਭੂਮਿਕਾ ਵਿਚ ਅਦਾਕਾਰਾ ਨਵਪ੍ਰੀਤ ਗਿੱਲ, ਇਨਫਲੂਐਂਸਰ ਜੀਤ ਮਥਾਰੂ, ਇਨਫਲੂਐਂਸਰ ਪੁਨੀਤ ਕੋਛਰ, ਭੰਗੜਾ ਕਵੀਨ ਐਸ਼ਲੀ ਕੌਰ, ਅਦਾਕਾਰਾ ਮੀਸ਼ਾ ਸਰੋਵਾਲ, ਉਦਯੋਗਪਤੀ ਅਮਨ ਕੂਨਰ ਅਤੇ ਰੋਜ਼ਾ ਹਰਬਲ ਕੇਅਰ ਦੇ ਡਾਇਰੈਕਟਰ ਦੀਪਿੰਦਰ ਸਿੰਘ ਨਰੰਗ ਨੇ ਸ਼ਾਮਲ ਸਨ।ਇਸ ਸੁਨੱਖੀ ਪੰਜਾਬਣ ਗ੍ਰੈਂਡ ਫਿਨਲੇ ਮੁਕਾਬਲੇ ਦੇ ਸੰਚਾਲਕ ਡਾ. ਅਵਨੀਤ ਕੌਰ ਭਾਟੀਆ ਨੇ ਕਿਹਾ ਕਿ ਸੁਨੱਖੀ ਪੰਜਾਬਣ ਮੁਕਾਬਲਾ ਸਿਰਫ਼ ਇੱਕ ਸੁੰਦਰਤਾ ਦਾ ਮੁਕਾਬਲਾ ਨਹੀਂ, ਸਗੋਂ ਇੱਥੇ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਪੰਜਾਬਣ ਮੁਟਿਆਰਾਂ ਨਾ ਸਿਰਫ਼ ਆਪਣੀ ਸੱਭਿਆਚਾਰਕ ਪਛਾਣ ਨੂੰ ਮਾਣ ਨਾਲ ਪੇਸ਼ ਕਰ ਸਕਣ, ਬਲਕਿ ਆਤਮ-ਵਿਸ਼ਵਾਸ, ਗਿਆਨ ਅਤੇ ਕੁਸ਼ਲਤਾ ਨਾਲ ਭਵਿੱਖ ਦੇ ਰਾਹ ਬਣਾਉਣ ਵਿੱਚ ਅੱਗੇ ਵਧਣ।ਸੁਨੱਖੀ ਪੰਜਾਬਣ ਮੁਕਾਬਲੇ ਵਿੱਚ ਦਿੱਲੀ ਤੋਂ ਇਲਾਵਾ ਪੰਜਾਬ ਦੇ ਜਲੰਧਰ, ਪਠਾਨਕੋਟ, ਨਾਭਾ, ਬਰਨਾਲਾ, ਫ਼ਰੀਦਕੋਟ, ਅੰਮ੍ਰਿਤਸਰ ਤੇ ਗਵਾਲੀਅਰ ਕਾਨਪੁਰ, ਉਤਰਾਖੰਡ ਤੋਂ ਵੀ ਮੁਟਿਆਰਾਂ ਨੇ ਇਸ ਮੁਕਾਬਲੇ ਵਿੱਚ ਹਿੱਸਾ ਲਿਆ।

# ਪ੍ਰੈੱਸ ਕਲੱਬ ਦੀ ਮੀਟਿੰਗ ਦੌਰਾਨ ਅਹਿਮ ਮੁੱਦੇ ਵਿਚਾਰੇ, ਡੀ ਸੀ ਨੂੰ ਦਿੱਤਾ ਮੰਗ ਪੱਤਰ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਪ੍ਰੈੱਸ ਕਲੱਬ ਦੀ ਵਿਸ਼ੇਸ਼ ਮੀਟਿੰਗ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਫਿਰੋਜ਼ਪੁਰ ਛਾਉਣੀ ਵਿਖੇ ਕਲੱਬ ਦੇ ਪ੍ਰਧਾਨ ਜਸਵੰਤ ਸਿੰਘ ਥਿੰਦ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਫੀਲਡ 'ਚ ਕੰਮ ਕਰਦੇ ਪੱਤਰਕਾਰਾਂ ਨੂੰ ਦਰਪੇਸ਼ ਮੁਸ਼ਕਲਾਂ ਸਬੰਧੀ ਵਿਚਾਰ ਚਰਚਾ ਕਰਦਿਆਂ ਬੁਲਾਰਿਆਂ ਵੱਲੋਂ ਇਨ੍ਹਾਂ ਨੂੰ ਹੱਲ ਕਰਾਉਣ ਸਬੰਧੀ ਵਿਚਾਰ ਸਾਂਝੇ ਕੀਤੇ। ਪੱਤਰਕਾਰਾਂ ਦੇ ਇੱਕ ਵਫ਼ਦ ਨੇ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਨਾਲ ਮੁਲਾਕਾਤ ਕੀਤੀ ਤੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਗਿਆ।ਪੱਤਰਕਾਰਾਂ ਨੇ ਮੰਗ ਕੀਤੀ ਕਿ ਸੂਬੇ ਦੇ ਸਮੂਹ ਟੋਲ ਪਲਾਜ਼ਿਆਂ 'ਤੇ ਪੱਤਰਕਾਰਾਂ ਦਾ ਲਾਂਘਾ ਪਰਚੀ ਮੁਕਤ ਕੀਤਾ ਜਾਵੇ।ਬੱਸਾਂ ਤੇ ਰੇਲ ਗੱਡੀਆਂ ਵਿੱਚ ਮੁਫ਼ਤ ਸਫ਼ਰ ਦੀ ਸਹੂਲਤ, ਪੱਤਰਕਾਰਾਂ ਦੇ ਪਰਵਾਰਕ ਮੈਂਬਰਾਂ ਦੀ ਬੰਦ ਕੀਤੀ ਸਿਹਤ ਬੀਮਾ ਯੋਜਨਾ ਮੁੜ ਬਹਾਲ ਤੇ ਪੱਤਰਕਾਰਾਂ ਨੂੰ ਯੋਗ ਮਾਣ ਭੱਤਾ ਸ਼ੁਰੂ ਕੀਤਾ ਜਾਵੇ।ਇਸ ਤੋਂ ਇਲਾਵਾ ਪ੍ਰੈੱਸ ਕਲੱਬ ਨੂੰ ਆਪਣੀਆਂ ਗਤੀਵਿਧੀਆਂ ਸਰਗਰਮੀ ਨਾਲ ਜਾਰੀ ਰੱਖਣ ਵਾਸਤੇ ਜ਼ਿਲ੍ਹਾ ਹੈੱਡ ਕੁਆਰਟਰ 'ਤੇ ਦਫ਼ਤਰ ਕਈ ਕੋਈ ਢੁੱਕਵੀਂ ਜਗ੍ਹਾ ਅਲਾਟ ਕੀਤੀ ਜਾਵੇ। ਡੀ.ਸੀ. ਨੇ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਮੰਗਾਂ 'ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇਗਾ। ਇਸ ਮੌਕੇ ਬਲਦੇਵ ਸ਼ਰਮਾ ਕਾਰਜਕਾਰਨੀ ਮੈਂਬਰ ਪੰਜਾਬ ਐਂਡ ਚੰਡੀਗੜ੍ਹ ਜਰਨਿਲਸਟ ਯੂਨੀਅਨ, ਜਸਬੀਰ ਸਿੰਘ ਕੰਬੋਜ ਚੇਅਰਮੈਨ ਪ੍ਰੈੱਸ ਕਲੱਬ ਫਿਰੋਜ਼ਪੁਰ ਦਿਹਾਤੀ, ਜਗਦੀਸ਼ ਪਾਲ ਵਾਈਸ ਪ੍ਰਧਾਨ ਪ੍ਰੈੱਸ ਕਲੱਬ ਦਿਹਾਤੀ, ਰਜਿੰਦਰ ਹਾਂਡਾ ਮਮਦੋਟ, ਬਗੀਚਾ ਸਿੰਘ ਕੰਬੋਜ, ਬਲਵੀਰ ਸਿੰਘ ਲਹਿਰਾ ਜਨਰਲ ਸਕੱਤਰ, ਰਵਿੰਦਰ ਸਿੰਘ ਬਜਾਜ ਸਕੱਤਰ, ਗੁਰਪ੍ਰੀਤ ਸਿੰਘ ਸੰਧੂ ਸਕੱਤਰ, ਰਵਿੰਦਰ ਸਿੰਘ ਕਾਲਾ ਮੀਤ ਪ੍ਰਧਾਨ, ਸੰਦੀਪ ਕੁਮਾਰ ਸੋਨੀ, ਹਰਪ੍ਰੀਤ ਸਿੰਘ ਹੈਪੀ, ਸੁਬੇਗ ਸਿੰਘ, ਰੂਪ ਲਾਲ ਭੱਟੀ, ਅਸ਼ੋਕ ਭਾਰਦਵਾਜ਼ ਪ੍ਰਧਾਨ ਫ਼ਿਰੋਜ਼ਪੁਰ, ਸੁਭਾਸ਼ ਆਨੰਦ, ਪਰੇਸ ਕੁਮਾਰ (ਡਿੰਪੀ,), ਗੁਰਪ੍ਰੀਤ ਸਿੰਘ ਗੋਰਾ ਵੀ ਹਾਜ਼ਰ ਸਨ।

# ਸੋਸ਼ਲ ਮੀਡੀਆ ਪਲੇਟਫਾਰਮ 'ਤੇ ਪੰਜਾਬੀ ਨੂੰ ਵਿਸ਼ਵ ਪੱਧਰ 'ਤੇ ਪ੍ਰਫੁੱਲਤ ਕੀਤਾ ਜਾਵੇ

**ਜਗਰਾਉਂ (ਅਮਿਤ ਖੰਨਾ)**
ਆਪਣਾ ਪੰਜਾਬ ਫਾਉਂਡੇਸ਼ਨ ਅਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਅਤੇ ਐਸੋਸੀਏਸ਼ਨ ਦੇ ਸੱਦੇ 'ਤੇ ਮਹੰਤ ਲਛਮਣ ਦਾਸ ਸੀਨੀ: ਸੈਕੰ: ਸਕੂਲ, ਤਲਵੰਡੀ ਕਲਾਂ ਵਿਖੇ ਵਿਸ਼ਵ ਪੰਜਾਬੀ ਦਿਵਸ ਧੂਮਧਾਮ ਨਾਲ ਮਨਾਇਆ ਗਿਆ। ਡਾ. ਜਗਜੀਤ ਸਿੰਘ ਧੂਰੀ ਦੇ ਉਚੇਚੇ ਯਤਨਾਂ ਸਦਕਾ ਵਿਸ਼ਵ ਪੰਜਾਬੀ ਦਿਵਸ ਦਾ ਸੁਨੇਹਾ ਪੂਰੇ ਵਿਸ਼ਵ ਵਿੱਚ ਬੈਠੇ ਪੰਜਾਬੀਆਂ ਨੇ ਪੂਰੀ ਸੁਹਿਰਦਤਾ ਨਾਲ ਲਿਆ। ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਵਿਸ਼ਵ ਪੰਜਾਬੀ ਦਿਵਸ ਮੌਕੇ ਸਕੂਲ ਦੇ ਸਾਰੇ ਵਿਦਿਆਰਥੀ ਪੰਜਾਬੀ ਪਹਿਰਾਵੇ ਵਿੱਚ ਸਕੂਲ ਪਹੁੰਚੇ ਅਤੇ ਸੁਲੇਖ ਮੁਕਾਬਲਿਆਂ ਵਿੱਚ ਭਾਗ ਲਿਆ।ਇਸ ਮੌਕੇ ਸੀਨੀਅਰ ਸੈਕੰਡਰੀ ਸੈਕਸ਼ਨ ਦੇ ਵਿਦਿਆਰਥੀਆਂ ਦਾ ਇੱਕ ਵਿਸ਼ੇਸ਼ ਸਮਾਗਮ ਸਾਨੂੰ ਮਾਣ ਪੰਜਾਬੀ ਹੋਣ ਦਾ ਕਰਵਾਇਆ ਗਿਆ। ਇਸ ਦੌਰਾਨ ਸਕੂਲ ਦੇ ਕਲਾਕਾਰ ਵਿਦਿਆਰਥੀ ਈਸ਼ਵਰਪਾਲ ਸਿੰਘ ਨੇ ਸੁਰਗਾਂ ਵਿੱਚ ਪੰਜਾਬ ਨਹੀਂ ਹੋਣਾ ਗੀਤ ਗਾ ਕੇ ਰੰਗ ਬੰਨ੍ਹਿਆ। +2 ਦੀਆਂ ਵਿਦਿਆਰਥਣਾ ਸੁਖਮਨਦੀਪ ਕੌਰ, ਕਰੁਣਾ ਸਹਿਜਪਾਲ, ਸਿਮਰਨਜੋਤ ਕੌਰ ਅਤੇ ਲਵਲੀਨ ਕੌਰ ਨੇ ਜੁਗ-ਜੁਗ ਜਿਉਣ ਸਰੋਤੇ ਮਾਂ-ਬੋਲੀ ਪੰਜਾਬੀ ਦੇ ਗਾ ਕੇ ਸਭ ਦਾ ਮਨ ਜਿੱਤਿਆ।ਮੈਡਮ ਰਮਨਪ੍ਰੀਤ ਕੌਰ ਪੰਜਾਬੀ ਅਧਿਆਪਕਾ ਅਤੇ ਲੇਖਿਕਾ ਨੇ ਵਿਦਿਆਰਥੀਆਂ ਦੇ ਰੂ-ਬ-ਰੂ ਹੁੰਦਿਆਂ ਕਿਹਾ ਕਿ ਮਨੁੱਖ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਜ਼ਿਆਦਾਤਰ ਆਪਣੀ ਮਾਤ ਭਾਸ਼ਾ ਵਿੱਚ ਹੀ ਕਰ ਸਕਦਾ ਹੈ ਅਤੇ ਪੰਜਾਬੀ ਕੋਲ ਹਰ ਸ਼ਬਦ ਦੇ ਪ੍ਰਗਟਾਵੇ ਲਈ ਉੱਚਿਤ ਲਿੱਪੀ ਮੌਜੂਦ ਹੈ। ਹਰਮਨਦੀਪ ਕੌਰ ਪੰਜਾਬੀ ਅਧਿਆਪਕਾ ਨੇ ਕਿਹਾ ਕਿ ਅੱਜ ਦੁਨੀਆ ਦੇ ਚੋਟੀ ਦੇ ਹਵਾਈ ਅੱਡਿਆਂ ਉੱਪਰ ਸੂਚਕ ਬੋਰਡ ਪੰਜਾਬੀ ਵਿੱਚ ਲਗਾਏ ਗਏ ਹਨ। ਜੋ ਪੰਜਾਬੀਆਂ ਦਾ ਦੁਨੀਆ ਵਿੱਚ ਇੱਕ ਵਿਸ਼ੇਸ਼ ਅਤੇ ਵਿਲੱਖਣ ਸਥਾਨ ਹੋਣ ਦਾ ਪ੍ਰਤੀਕ ਹਨ। ਪ੍ਰਿੰਸੀਪਲ ਬਲਦੇਵ ਬਾਵਾ ਨੇ ਵਿਸ਼ਵ ਪੰਜਾਬੀ ਦਿਵਸ ਮੌਕੇ ਵਧਾਈ ਦਿੰਦਿਆਂ ਕਿਹਾ ਕਿ ਬਾਬਾ ਫ਼ਰੀਦ ਜੀ ਦੇ ਸਲੋਕ ਜਿੱਥੇ ਜੀਵਨ ਨੂੰ ਸੇਧ ਦਿੰਦੇ ਹਨ, ਉੱਥੇ ਬਾਬਾ ਫ਼ਰੀਦ ਜੀ ਨੇ ਭਾਸ਼ਾ ਪੱਖੋਂ ਬਹੁਤ ਅਮੀਰ ਤੇ ਪ੍ਰਗਟਾਵੇ ਵਾਲੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਉਹਨਾਂ ਕਿਹਾ ਕਿ ਅਜੋਕੀ ਨਵੀਂ ਟੈਕਨਾਲੋਜੀ ਅਤੇ ਨਵੇਂ ਦੌਰ ਵਿੱਚ ਸਾਨੂੰ ਸੋਸ਼ਲ ਮੀਡੀਆ ਪਲੇਟਫਾਰਮ ਉੱਪਰ ਪੰਜਾਬੀ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਚਾਹੀਦੀ ਹੈ। ਇਸ ਮੌਕੇ ਸਕੂਲ ਦੀਆਂ ਪੰਜਾਬੀ ਅਧਿਆਪਕਾਵਾਂ ਰਮਨਪ੍ਰੀਤ ਕੌਰ ਅਤੇ ਹਰਮਨਦੀਪ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਮੈਡਮ ਜਸਮਿੰਦਰ ਕੌਰ, ਗੁਰਚਰਨ ਸਿੰਘ, ਗੁਰਿੰਦਰਪਾਲ ਸਿੰਘ, ਮੈਡਮ ਅੰਮ੍ਰਿਤਪਾਲ ਕੌਰ, ਮੈਡਮ ਸੁਖਦੀਪ ਕੌਰ ਹਾਜ਼ਰ ਸਨ।



## ਜ਼ਿਲ੍ਹਾ ਸਕੂਲ ਖੇਡਾਂ 'ਚ ਰਾਈਫ਼ਲ ਸ਼ੂਟਿੰਗ ਦੇ ਮੁਕਾਬਲੇ ਕਰਵਾਏ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਜ਼ਿਲ੍ਹਾ ਖੇਡ ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਸੰਜੀਵ ਸ਼ਰਮਾ, ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਅਤੇ ਡਾ. ਰਵਿੰਦਰ ਪਾਲ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਦਿਸ਼ਾ ਨਿਰਦੇਸ਼ ਅਤੇ ਪ੍ਰਬੰਧਕ ਸਕੱਤਰ ਡਾ: ਦਲਜੀਤ ਸਿੰਘ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਤੇ ਸਕੱਤਰ ਜ਼ਿਲ੍ਹਾ ਟੂਰਨਾਮੈਂਟ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ 69ਵੀਆਂ ਜ਼ਿਲ੍ਹਾ ਸਕੂਲ ਖੇਡਾਂ ਕਰਵਾਈਆਂ ਜਾ ਰਹੀਆਂ ਹਨ। ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਰਾਈਫ਼ਲ ਸ਼ੂਟਿੰਗ ਦੇ ਮੁਕਾਬਲੇ ਸੰਧੂ ਸ਼ੂਟਿੰਗ ਅਕੈਡਮੀ ਵਿਖੇ ਕਰਵਾਏ ਗਏ। ਉਨ੍ਹਾਂ ਉਚੇਚੇ ਤੌਰ 'ਤੇ ਸੰਧੂ ਸ਼ੂਟਿੰਗ ਅਕੈਡਮੀ ਵਿਖੇ ਪਹੁੰਚ ਕੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ।ਇਸ ਮੌਕੇ ਖੇਡ ਕਨਵੀਨਰ ਰਾਜ ਕੁਮਾਰ ਪ੍ਰਿੰਸੀਪਲ ਨੌਗਾਵਾਂ, ਭੁਪਿੰਦਰ ਸਿੰਘ ਸੰਧੂ, ਜਸਵਿੰਦਰ ਸਿੰਘ ਚੱਪੜ ਜ਼ੋਨਲ ਸਕੱਤਰ ਘਨੌਰ, ਬਲਵਿੰਦਰ ਸਿੰਘ ਜੱਸਲ ਜ਼ੋਨਲ ਸਕੱਤਰ ਪਟਿਆਲਾ 2, ਤਰਸੇਮ ਸਿੰਘ ਜ਼ੋਨਲ ਸਕੱਤਰ ਭੁਨਰਹੇੜੀ, ਵਿਜੇ ਕੁਮਾਰ, ਜੇਤ ਸ਼ਾਹੂਦੀਪ ਸਿੰਘ ਗਰੇਵਾਲ, ਅਨੂਰ ਕੁਮਾਰ, ਮੋਹਿਤ ਕੁਮਾਰ,ਬਲਕਾਰ ਸਿੰਘ, ਰਾਜਨ ਕੁਮਾਰ, ਚਮਕੌਰ ਸਿੰਘ, ਰੁਪਿੰਦਰ ਕੌਰ, ਨਿਧੀ ਸ਼ਰਮਾ, ਬੁੱਧ ਰਾਮ, ਸੁੱਚਾ ਸਿੰਘ, ਰਾਜਿੰਦਰ ਸਿੰਘ ਚਾਨੀ, ਗੁਰਪ੍ਰੀਤ ਸਿੰਘ ਝੰਡਾ ਤੇ ਜਸਵਿੰਦਰ ਸਿੰਘ ਰੰਜੂ ਮਾਜਰਾ ਹਾਜ਼ਰ ਸਨ।

## ਲੋਕ ਅਫ਼ਵਾਹਾਂ ਤੋਂ ਬਚਣ, ਲੱਛਣ ਸਾਹਮਣੇ ਆਉਣ 'ਤੇ ਸਰਕਾਰੀ ਸਿਹਤ ਸੰਸਥਾਵਾਂ ਨਾਲ ਸੰਪਰਕ ਕੀਤਾ ਜਾਵੇ : ਜ਼ਿਲ੍ਹਾ ਐਪੀਡੀਮੌਲੋਜਿਸਟ



ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)-ਭਾਰੀ ਮੀਂਹ ਉਪਰੰਤ ਸ਼ਹਿਰ ਸੁਨਾਮ ਦੇ ਕਈ ਇਲਾਕਿਆਂ ਵਿੱਚ ਬੁਖ਼ਾਰ ਅਤੇ ਹੋਰ ਮੌਸਮੀ ਬਿਮਾਰੀਆਂ ਦੇ ਫੈਲਣ ਤੋਂ ਬਚਾਅ ਲਈ ਕੈਬਨਿਟ ਮੰਤਰੀ ਅਮਨ ਅਰੋੜਾ ਦੀਆਂ ਹਦਾਇਤਾਂ 'ਤੇ ਸੁਨਾਮ ਵਿਖੇ ਵਿਸ਼ੇਸ਼ ਸਿਹਤ ਜਾਂਚ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਸ਼ਹਿਰ ਦੇ ਹਰ ਵਾਰਡ ਅਤੇ ਘਰ-ਘਰ ਜਾ ਕੇ ਸਿਹਤ ਜਾਂਚ ਕੀਤੀ ਜਾ ਰਹੀ ਹੈ। ਸੁਨਾਮ ਸ਼ਹਿਰ ਦੇ ਸਲੇਮ ਖੇਤਰ (ਡਿਸਪੈਂਸਰੀ ਦਸਮੇਸ਼ ਨਗਰ) ਵਿਖੇ ਸਿਹਤ ਵਿਭਾਗ ਦੀ ਇਕ ਵਿਸ਼ੇਸ਼ ਟੀਮ ਵੱਲੋਂ ਦੌਰਾ ਕੀਤਾ ਗਿਆ ਅਤੇ ਲੋਕਾਂ ਦੀ ਸਿਹਤ ਜਾਂਚ ਕੀਤੀ ਗਈ। ਇਸ ਟੀਮ ਵਿੱਚ ਡਾ. ਉਪਾਸਨਾ, ਜ਼ਿਲ੍ਹਾ ਐਪੀਡੀਮੌਲੋਜਿਸਟ ਸੰਗਰੂਰ, ਡਾ. ਅਮਿਤ ਸਿੰਗਲਾ, ਕਾਰਜਕਾਰੀ ਐੱਸ.ਐਮ.ਓ. ਸਮੇਤ ਸਿਹਤ ਵਿਭਾਗ ਦੇ ਵੱਖ ਵੱਖ ਅਧਿਕਾਰੀ ਤੇ ਮੈਡੀਕਲ ਟੀਮਾਂ ਸ਼ਾਮਲ ਸਨ। ਡਾ. ਉਪਾਸਨਾ ਜ਼ਿਲ੍ਹਾ ਐਪੀਡੀਮੌਲੋਜਿਸਟ ਸੰਗਰੂਰ ਨੇ ਦੱਸਿਆ ਕਿ ਸੁਨਾਮ ਦੇ ਕਈ ਇਲਾਕਿਆਂ ਵਿੱਚ ਬੁਖ਼ਾਰ ਅਤੇ ਹੋਰ ਮੌਸਮੀ ਬਿਮਾਰੀਆਂ ਦੀਆਂ ਖ਼ਬਰਾਂ ਮਿਲਣ ਉੱਤੇ ਸਿਹਤ ਵਿਭਾਗ ਵੱਲੋਂ ਤਿੰਨ ਮੈਡੀਸਿਨ ਡਾਕਟਰ ਅਤੇ ਇਕ ਬੱਚਿਆਂ ਦੇ ਮਾਹਿਰ ਡਾਕਟਰ ਅਗਲੇ 6 ਦਿਨ ਪ੍ਰਭਾਵਿਤ ਇਲਾਕਿਆਂ ਵਿੱਚ ਹਾਜ਼ਰ ਰਹਿਣਗੇ। ਅਗਲੇ 6 ਦਿਨ ਤਿੰਨ ਐੱਮ ਡੀ ਮੈਡੀਸਿਨ ਅਤੇ ਤਿੰਨ ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾਕਟਰ ਰੋਜ਼ਾਨਾ ਓ ਪੀ ਡੀ ਕਰਨਗੇ। ਟੀਮਾਂ ਦੀ ਰੋਟੇਸ਼ਨ ਵਾਰ ਡਿਊਟੀ ਲਗਾਈ ਗਈ ਹੈ। ਉਹਨਾਂ ਕਿਹਾ ਕਿ ਇਹ ਟੀਮਾਂ ਸ਼ੱਕੀ ਮਰੀਜ਼ਾਂ ਦੀ ਜਾਂਚ ਕਰਨਗੀਆਂ ਪੁਸ਼ਟੀ ਹੋਣ ਉੱਤੇ ਮਰੀਜ਼ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਜਾਣਾ ਪਵੇਗਾ।ਪੰਜਾਬ ਸਰਕਾਰ ਵੱਲੋਂ ਸਰਕਾਰੀ ਹਸਪਤਾਲਾਂ ਵਿੱਚ ਇਲਾਜ ਦੇ ਸਾਰੇ ਪ੍ਰਬੰਧ ਕੀਤੇ ਹੋਏ ਹਨ। ਉਹਨਾਂ ਆਮ ਲੋਕਾਂ ਨੂੰ ਵੀ ਹਦਾਇਤ ਕੀਤੀ ਕਿ ਡੇਂਗੂ ਅਤੇ ਹੋਰ ਵੈਕਟਰ-ਬੋਰਨ ਬਿਮਾਰੀਆਂ ਨਾਲ ਪੀੜਤ ਮਰੀਜ਼ਾਂ ਵਿੱਚ ਤੇਜ਼ ਬੁਖ਼ਾਰ, ਸਰੀਰ ਵਿੱਚ ਦਰਦ, ਜੋੜਾਂ ਵਿੱਚ ਦਰਦ, ਪੇਟ ਵਿੱਚ ਗੜਬੜ ਅਤੇ ਕਈ ਵਾਰ ਕੁੱਝ ਦੀ ਕਮੀ ਆਦਿ ਦੇ ਲੱਛਣ ਦੇਖਣ ਨੂੰ ਮਿਲਦੇ ਹਨ। ਜੇਕਰ ਕਿਸੇ ਮਰੀਜ਼ ਵਿੱਚ ਉਪਰੋਕਤ ਲੱਛਣ ਪਰਿਵਾਰਕ ਮੈਂਬਰਾਂ ਦੁਆਰਾ ਵੇਖੇ ਜਾਣ, ਤਾਂ ਉਸ ਨੂੰ ਤੁਰੰਤ ਸਿਵਲ ਹਸਪਤਾਲ ਸੁਨਾਮ /ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਕੋਲ ਲਿਜਾਇਆ ਜਾਏ।ਸਿਵਲ ਹਸਪਤਾਲ ਸੁਨਾਮ ਵਿੱਚ ਮਰੀਜ਼ਾਂ ਲਈ ਮੁਫ਼ਤ ਲੈਬ ਟੈਸਟ (ਕਮਰਾ ਨੰਬਰ 22) ਕੀਤੇ ਜਾ ਰਹੇ ਹਨ ਅਤੇ ਹੋਰ ਜ਼ਰੂਰੀ ਟੈਸਟ ਕ੍ਰਿਸ਼ਨਾ ਡਾਇਗਨੋਸਟਿਕ ਸੈਂਟਰ ਕਮਰਾ ਨੰਬਰ 27, ਪੁਰਾਣੇ ਓਪੀਡੀ ਕੰਪਲੈਕਸ ਦੇ ਬਾਹਰ ਸਿਵਲ ਹਸਪਤਾਲ ਵਿੱਚ ਉਪਲਬਧ ਹਨ।ਇਲਾਜ ਦਾ ਮੁੱਖ ਤਰੀਕਾ ਠੰਡੇ ਪਾਣੀ ਦੀ ਪੱਟੀ ਅਤੇ ਉਚਿਤ ਦਵਾਈ ਹੈ।ਸਾਰੀਆਂ ਜ਼ਰੂਰੀ ਦਵਾਈਆਂ ਸਿਵਲ ਹਸਪਤਾਲ ਵਿੱਚ ਮੁਫ਼ਤ ਉਪਲਬਧ ਹਨ। ਉਹਨਾਂ ਦੱਸਿਆ ਕਿ ਆਪਣੇ ਆਲੇ ਦੁਆਲੇ ਵਿੱਚ ਪਾਣੀ ਖੜ੍ਹਾ ਹੋਣ ਤੋਂ ਬਚਾਓ, ਪੂਰੀ ਬਾਹਾਂ ਵਾਲੇ ਕੱਪੜੇ ਅਤੇ ਜੁੱਤੀ-ਚੱਪਲ ਪਹਿਨੋ, ਮੱਛਰ ਭਗਾਉਣ ਵਾਲੇ ਉਪਕਰਣ/ਕਰੀਮ ਵਰਤੋਂ, ਬੱਚਿਆਂ, ਬਜ਼ੁਰਗਾਂ ਅਤੇ ਗਰਭਵਤੀ ਔਰਤਾਂ ਦੀ ਖਾਸ ਦੇਖਭਾਲ ਕਰੋ, ਸਫ਼ਾਈ, ਸਿਹਤਮੰਦ ਖੁਰਾਕ ਅਤੇ ਲੋੜੀਂਦੀ ਮਾਤਰਾ ਵਿੱਚ ਪਾਣੀ ਪੀਣਾ ਯਕੀਨੀ ਬਣਾਓ।

## ਕਿਸਾਨਾਂ ਨੂੰ ਪਰਾਲੀ ਸਾੜਨ ਦੇ ਨੁਕਸਾਨਾਂ ਬਾਰੇ ਜਾਗਰੂਕ ਕੀਤਾ




**ਫਿਰਜ਼ਾ (ਜਸਵੀਰ ਲਾਡੀ)**-ਪਿੰਡ ਛਾਜਲੀ ਵਿਖੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਸੰਗਰੂਰ ਵੱਲੋਂ ਕੋ-ਆਪ੍ਰੇਟਿਵ ਵਿਖੇ ਕਿਸਾਨ ਜਾਗਰੂਕਤਾ ਮੀਟਿੰਗ ਕੀਤੀ ਗਈ, ਜਿਸ ਵਿੱਚ ਏ.ਡੀ.ਸੀ. ਸ੍ਰੀ ਅਮਿਤ ਬੈਂਬੀ ਵੱਲੋਂ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਨੁਕਸਾਨਾਂ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਕਿਸਾਨਾਂ ਨੂੰ ਕਿਹਾ ਕਿ ਸਰਕਾਰ ਵੱਲੋਂ ਪਰਾਲੀ ਦੀਆਂ ਗੱਠਾਂ ਬਣਾਉਣ ਲਈ ਕਿਸਾਨਾਂ ਨੂੰ ਸਬਸਿਡੀ ਤੇ ਬੇਲਰ ਦਿੱਤੇ ਜਾਂਦੇ ਹਨ। ਉਨ੍ਹਾਂ ਦੀ ਵਰਤੋਂ ਕਰਕੇ ਕਿਸਾਨ ਵੱਧ ਤੋਂ ਵੱਧ ਫਾਇਦਾ ਲੈਣ।ਵਿਭਾਗ ਵੱਲੋਂ ਸਬਸਿਡੀ ਤੇ ਦਿੱਤੀ ਮਸ਼ੀਨਰੀ ਨਾਲ ਪਰਾਲੀ ਦਾ ਨਿਪਟਾਰਾ ਕਰਨ।ਕਿਸਾਨਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪਿਛਲੇ ਸਾਲ ਛਾਜਲੀ ਵਿੱਚ 44 ਕੇਸ ਅੱਗ ਲਾਉਣ ਦੇ ਸਾਹਮਣੇ ਆਏ ਸਨ, ਇਸ ਵਾਰ ਕੋਈ ਕਿਸਾਨ ਖੇਤਾਂ ਵਿੱਚ ਪਰਾਲੀ ਨੂੰ ਅੱਗ ਨਹੀਂ ਲਾਵੇਗਾ। ਛਾਜਲੀ ਪਿੰਡ ਨੂੰ ਪ੍ਰਦੂਸ਼ਣ ਮੁਕਤ ਕਰਨਾ ਹੈ।ਕਿਸਾਨਾਂ ਨੇ ਸਮੱਸਿਆਵਾਂ ਦੱਸਦੇ ਹੋਏ ਕਿਹਾ ਕਿ ਅਸੀ ਬੇਲਰ ਨਾਲ ਪਰਾਲੀ ਦਾ ਨਿਪਟਾਰਾ ਤਾਂ ਕਰਦੇ ਹਾਂ, ਪਰ ਬੇਲਰ ਦਾ ਖਰਚਾ ਜ਼ਿਆਦਾ ਹੈ। ਜਿਸ ਵੀ ਪਰਾਲੀ ਦੀਆਂ ਗੱਠਾਂ ਲੈਣ ਵਾਲੀ ਫਾਰਮ ਨਾਲ ਗੱਲ ਕਰਦੇ ਹਾਂ, ਉਹ ਸਾਡੇ ਖਰਚੇ ਮੁਤਾਬਕ ਰੇਟ ਨਹੀਂ ਦਿੰਦੇ। ਪੱਲਿਓਂ ਖਰਚ ਕਰਕੇ ਘਾਟਾ ਕੌਣ ਝੱਲੇਗਾ।ਕਿਸਾਨਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਰਕਾਰ ਬੇਲਰ ਨਾਲ ਬਣਾਈਆਂ ਪਰਾਲੀ ਦੀਆਂ ਗੱਠਾਂ ਦਾ ਕੋਈ ਰੇਟ ਤਹਿ ਕਰੇ, ਜਿਸ ਨਾਲ ਕਿਸਾਨ ਪਰਾਲੀ ਦਾ ਸਹੀ ਢੰਗ ਨਾਲ ਨਿਪਟਾਰਾ ਕਰ ਸਕਣ।ਏ.ਡੀ.ਸੀ. ਸ੍ਰੀ ਬੈਂਬੀ ਨੇ ਕਿਸਾਨਾਂ ਨੂੰ ਕਿਹਾ ਕਿ ਜੇ ਤੁਸੀਂ ਆਪਣੀ ਜ਼ਮੀਨ ਵਿੱਚ ਨਹੀਂ ਲਾ ਸਕਦੇ ਤਾਂ ਪੰਚਾਇਤੀ ਜ਼ਮੀਨ 33 ਸਾਲ ਲਈ ਠੇਕੇ 'ਤੇ ਲੈ ਕੇ ਉਸ ਵਿੱਚ ਆਪਣਾ ਪਾਇਲਟ ਯੂਨਿਟ ਲਾ ਕੇ ਚੰਗਾ ਮੁਨਾਫ਼ਾ ਕਮਾ ਸਕਦੇ ਹੋ, ਕਿਉਂਕਿ ਹੋਰ ਸੂਬਿਆਂ ਤੋਂ ਆਕੇ ਵਪਾਰੀ ਪੰਜਾਬ ਵਿੱਚ ਪਾਈਲਟ ਯੂਨਿਟ ਲਾ ਰਹੇ ਹਨ। ਉਧਰ ਆਮ ਕਿਸਾਨਾਂ ਨੇ ਮੰਗ ਕੀਤੀ ਹੈ ਕਿ ਜੋ ਪਿੰਡ ਵਿੱਚ ਸਬਸਿਡੀ ਤੇ ਸਰਕਾਰ ਨੇ ਖੇਤੀਬਾੜੀ ਲਈ ਮਸ਼ੀਨਰੀ ਦਿੱਤੀ ਹੈ, ਉਹ ਪਿੰਡ ਚੱਲਣੀ ਚਾਹੀਦੀ ਹੈ ਤਾਂ ਜੁ ਕਿਸਾਨ ਸਹੀ ਤਰੀਕੇ ਨਾਲ ਪਰਾਲੀ ਦਾ ਨਿਪਟਾਰਾ ਕਰ ਸਕਣ।ਸੁਸਾਇਟੀ ਦੇ ਪ੍ਰਧਾਨ ਮੁਖਤਿਆਰ ਸਿੰਘ ਸਿੱਧੂ ਨੇ ਕਿਹਾ ਕਿ ਅਸੀਂ ਸੁਸਾਇਟੀ ਤੇ ਪੰਚਾਇਤ ਵੱਲੋਂ ਮਤਾ ਪਾ ਕੇ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਵਾਂਗੇ।

## ਗੁਲਾਹੜ 'ਚ ਬਾਬਾ ਜੀਵਨ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪਿੰਡ ਗੁਲਾਹੜ ਵਿਖੇ ਸਿੱਖ ਪੰਥ ਦੇ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦੇ ਜਨਮ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਦਾ ਆਯੋਜਨ ਕਰਵਾਇਆ ਗਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਸੰਗਤਾਂ ਵਿੱਚ ਹਾਜਰ ਹੋਏ ਹਲਕਾ ਸ਼ੁਤਰਾਣਾ ਦੇ ਸਰਗਰਮ ਲੋਕ ਆਗੂ ਡਾ ਜਤਿੰਦਰ ਸਿੰਘ ਮੱਟੂ ਨੇ ਕਿਹਾ ਕਿ ਬਾਬਾ ਜੀਵਨ ਸਿੰਘ ਨੇ ਬਹੁਤ ਸੂਰਬੀਰਤਾ ਦਿਖਾਉਂਦਿਆਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਾਂਦਨੀ ਚੌਂਕ ਦਿੱਲੀ ਵਿਖੇ ਸ਼ਹੀਦੀ ਤੋਂ ਬਾਅਦ ਉਨਾਂ ਦਾ ਪਾਵਨ ਸ਼ੀਸ਼ ਸ੍ਰੀ ਆਨੰਦਪੁਰ ਸਾਹਿਬ ਲਿਆਂਦਾ।ਜਿਸ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਬਾਬਾ ਜੀਵਨ ਸਿੰਘ ਜੀ ਨੂੰ ਗਲ ਨਾਲ ਲਾ ਕੇ ਰੰਘਰੇਟਾ ਗੁਰੂ ਕਾ ਬੇਟਾ ਦਾ ਖਿਤਾਬ ਦਿੱਤਾ। ਇਸ ਮੌਕੇ ਸ਼ਹੀਦ ਬਾਬਾ ਜੀਵਨ ਸਿੰਘ ਜੀ ਵਿਦਿਅਕ ਭਲਾਈ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਜਸਪਾਲ ਸਿੰਘ ਨੇ ਵੀ ਬਾਬਾ ਜੀਵਨ ਸਿੰਘ ਦੇ ਇਤਿਹਾਸ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ।ਪ੍ਰਬੰਧਕਾਂ ਅਤੇ ਪਿੰਡ ਵਾਸੀਆਂ ਵਲੋਂ ਡਾ ਜਤਿੰਦਰ ਸਿੰਘ ਮੱਟੂ ਦੀਆਂ ਹਲਕੇ ਅੰਦਰ ਲੋਕਾਂ ਲਈ ਦਿੱਤੀਆਂ ਜਾ ਰਹੀਆਂ ਸੇਵਾਵਾਂ ਲਈ ਸਨਮਾਨ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਹਿਬ ਸਿੰਘ, ਦਲੇਰ ਸਿੰਘ, ਵਿਦਿਅਕ ਤੇ ਭਲਾਈ ਟਰੱਸਟ ਦੇ ਬਲਾਕ ਪ੍ਰਧਾਨ ਸੁਖਪਾਲ ਸਿੰਘ ਗੁਲਾਹੜ, ਸਰਪੰਚ ਸਤਵੰਤ ਸਿੰਘ, ਰਛਪਾਲ ਸਿੰਘ, ਸੁਖਦੇਵ ਸਿੰਘ, ਸਾਬਕਾ ਸਰਪੰਚ ਬੂਟਾ ਸਿੰਘ, ਸਤਨਾਮ ਸਿੰਘ, ਬਖਸ਼ੀਸ਼ ਸਿੰਘ, ਗਿਆਨੀ ਰਛਪਾਲ ਸਿੰਘ, ਗੁਰਸੇਵਕ ਸਿੰਘ, ਸਕੱਤਰ ਸਿੰਘ ਅਤੇ ਸ਼ਰਨਜੀਤ ਸਿੰਘ ਆਦਿ ਹਾਜਰ ਸਨ।

## ਪ੍ਰੋ. ਜਸਵਿੰਦਰ ਸਿੰਘ ਕੰਪਿਊਟਰ ਇੰਜੀਨੀਅਰਿੰਗ ਦੇ ਨਵੇਂ ਮੁਖੀ ਨਿਯੁਕਤ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਵਿਖੇ ਪਿਛਲੇ ਦਿਨੀਂ ਪ੍ਰੋ. ਜਸਵਿੰਦਰ ਸਿੰਘ ਨੇ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਵਜੋਂ ਅਹੁਦਾ ਸੰਭਾਲ਼ ਲਿਆ ਹੈ। ਉਨ੍ਹਾਂ ਵੱਲੋਂ ਅਹੁਦਾ ਸੰਭਾਲੇ ਜਾਣ ਮੌਕੇ ਕੀਤੇ ਸੰਖੇਪ ਸਮਾਗਮ ਦੌਰਾਨ ਸਾਬਕਾ ਮੁਖੀ ਪ੍ਰੋ. ਹਿਮਾਂਸ਼ੂ ਅਗਰਵਾਲ, ਪ੍ਰੋਫੈਸਰ ਲਖਵਿੰਦਰ ਕੌਰ, ਪ੍ਰੋਫੈਸਰ ਰਮਨ ਮੈਣੀ ਅਤੇ ਡਾ. ਗੁਰਜੀਤ ਸਿੰਘ ਭੱਠਲ ਆਦਿ ਮੌਜੂਦ ਰਹੇ। ਪ੍ਰੋ. ਜਸਵਿੰਦਰ ਸਿੰਘ ਯੂਨੀਵਰਸਿਟੀ ਦੇ ਪਲੇਸਮੈਂਟ ਸੈੱਲ ਦੇ ਡਾਇਰੈਕਟਰ ਵਜੋਂ ਵੀ ਸੇਵਾ ਨਿਭਾ ਰਹੇ ਹਨ। ਡਾ. ਜਸਵਿੰਦਰ ਸਿੰਘ ਕੋਲ 23 ਸਾਲਾਂ ਦਾ ਅਧਿਆਪਨ ਅਤੇ ਖੋਜ ਦਾ ਤਜਰਬਾ ਹੈ। ਉਹ ਵੱਖ-ਵੱਖ ਯੂਨੀਵਰਸਿਟੀਆਂ ਦੇ ਬੋਰਡ ਆਫ਼ ਸਟੱਡੀਜ਼ ਦੇ ਮੈਂਬਰ ਰਹੇ ਹਨ। ਉਨ੍ਹਾਂ ਨੇ ਕਈ ਚੋਣ ਕਮੇਟੀਆਂ ਅਤੇ ਕਾਲਜ ਨਿਰੀਖਣ ਕਮੇਟੀਆਂ ਵਿੱਚ ਸਰਗਰਮੀ ਨਾਲ ਯੋਗਦਾਨ ਪਾਇਆ ਹੈ, ਅੰਤਰਰਾਸ਼ਟਰੀ ਕਾਨਫਰੰਸਾਂ ਦਾ ਆਯੋਜਨ ਕੀਤਾ ਹੈ, ਅਤੇ ਵਿਸ਼ਵ ਪੱਧਰ 'ਤੇ ਕਈ ਨਾਮਵਰ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਹਨ।

## ਸਨਮਤੀ ਵਿਮਲ ਜੈਨ ਸਕੂਲ ਵਿਖੇ ਪੰਜਾਬੀ ਦਿਵਸ ਮਨਾਇਆ



**ਜਗਰਾਉਂ (ਅਮਿਤ ਖੰਨਾ)**-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਵਿਖੇ ਫੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਅਤੇ ਆਪਣਾ ਪੰਜਾਬ ਫਾਊਂਡੇਸ਼ਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਾਬਾ ਫਰੀਦ ਦੇ ਜਨਮ ਦਿਵਸ ਨੂੰ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਇਆ ਗਿਆ।ਇਸ ਦੌਰਾਨ ਵਿਦਿਆਰਥੀਆਂ ਤੋਂ ਅਲੱਗ-ਅਲੱਗ ਗਤੀਵਿਧੀਆਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਗੀਤ, ਪੋਸਟਰ ਮੇਕਿੰਗ ਅਤੇ ਕੈਲਗ੍ਰਾਫੀ ਐਲੀਮੈਂਟਰੀ, ਭਾਸ਼ਣ ਅਤੇ ਕਵਿਤਾ ਗਾਇਣ ਕਰਵਾਇਆ ਗਿਆ। ਜਿਸ ਵਿੱਚ ਵਿਦਿਆਰਥੀਆਂ ਨੇ ਪੰਜਾਬੀ ਭਾਸ਼ਾ ਦੀ ਮਹੱਤਤਾ 'ਤੇ ਆਪਣੇ ਵਿਚਾਰ ਪੇਸ਼ ਕੀਤੇ। ਪੋਸਟਰ ਅਤੇ ਕੈਲੀਗ੍ਰਾਫੀ ਰਾਹੀਂ ਪੰਜਾਬੀ ਲਿੱਪੀ ਵਿੱਚ ਸੁੰਦਰ ਲਿਖਤਾਂ ਅਤੇ ਚਿੱਤਰਾਂ ਰਾਹੀਂ ਸੁਨੇਹੇ ਦਰਸਾਏ। ਇਸ ਦੌਰਾਨ ਪੰਜਾਬੀ ਭਾਸ਼ਾ ਨੂੰ ਪੇਸ਼ ਕਰਦੇ ਮੁਹਾਵਰਿਆਂ ਅਤੇ ਕਹਾਵਤਾਂ ਬਾਰੇ ਵਿਦਿਆਰਥੀਆਂ ਵਿੱਚ ਵਿਸ਼ੇਸ਼ ਮੁਕਾਬਲਾ ਕਰਵਾਇਆ ਗਿਆ।ਸਕੂਲ ਦੀਆਂ ਦੀਵਾਰਾਂ ਨੂੰ ਵਿਦਿਆਰਥੀਆਂ ਦੇ ਲੇਖਾਂ ਅਤੇ ਚਿੱਤਰਾਂ ਨਾਲ ਵਿਸ਼ਵ ਪੰਜਾਬੀ ਦਿਵਸ ਦੀ ਥੀਮ 'ਤੇ ਸਜਾਇਆ ਗਿਆ। ਵਿਦਿਆਰਥੀ ਪੂਰੇ ਪੰਜਾਬੀ ਪਹਿਰਾਵੇ ਵਿੱਚ ਸਕੂਲ ਪਹੁੰਚੇ।ਇਸ ਮੌਕੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਨੇ ਵਿਸ਼ਵ ਪੰਜਾਬੀ ਦਿਵਸ ਤੇ ਬੋਲਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਸਾਡੀ ਪਹਿਚਾਣ ਹੈ। ਪੰਜਾਬੀ ਨੂੰ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਅਪਣਾਉਣ ਅਤੇ ਨਵੀਂ ਪੀੜ੍ਹੀ ਨੂੰ ਪੰਜਾਬੀ ਸਿੱਖਣ ਲਈ ਪ੍ਰੇਰਿਤ ਕਰਨ, ਉਨ੍ਹਾਂ ਕਿਹਾ ਕਿ ਬਾਬਾ ਫਰੀਦ ਜੀ ਦਾ ਜਨਮ ਦਿਵਸ ਪੂਰੀ ਦੁਨੀਆਂ ਵਿੱਚ ਪੰਜਾਬੀਅਤ ਦੀਆਂ ਜੜ੍ਹਾਂ ਮਜ਼ਬੂਤ ਕਰਨ ਦਾ ਪ੍ਰਤੀਕ ਵੀ ਮੰਨਿਆ ਜਾਵੇਗਾ।ਇਸ ਮੌਕੇ ਸਮੂਹ ਮੈਨੇਜਮੈਂਟ ਮੈਂਬਰਜ਼ ਅਤੇ ਪੰਜਾਬੀ ਅਧਿਆਪਕਾ ਜਤਿੰਦਰ ਕੌਰ, ਮਲਕੀਤ ਕੌਰ, ਕੁਲਦੀਪ ਕੌਰ, ਹਰਮੀਤ ਕੌਰ, ਕੁਲਵਿੰਦਰ ਕੌਰ ਆਦਿ ਹਾਜ਼ਰ ਸਨ।

## ਸਾਬਕਾ ਮੰਤਰੀ ਹਰਮੇਲ ਸਿੰਘ ਟੌਹੜਾ ਨੂੰ ਅੰਤਿਮ ਸੰਸਕਾਰ ਮੌਕੇ ਸੇਜਲ ਅੱਖਾਂ ਨਾਲ ਵਿਦਾਇਗੀ



**ਟੌਹੜਾ (ਪਟਿਆਲਾ) (ਰਜਿੰਦਰ ਸਿੰਘ ਥਿੰਦ)**-ਸਾਬਕਾ ਮੰਤਰੀ ਸਵਰਗੀ ਸ. ਹਰਮੇਲ ਸਿੰਘ ਟੌਹੜਾ (77), ਜਿਨ੍ਹਾਂ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ ਸੀ, ਨੂੰ ਅੱਜ ਅੰਤਿਮ ਸਸਕਾਰ ਮੌਕੇ ਸੇਜਲ ਅੱਖਾਂ ਵੱਲੋਂ ਅੰਤਿਮ ਵਿਦਾਈ ਦਿੱਤੀ ਗਈ। ਉਨ੍ਹਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਪਿੰਡ ਟੌਹੜਾ ਦੇ ਸਮਸ਼ਾਨਘਾਟ ਵਿਖੇ ਪੂਰੀਆਂ ਧਾਰਮਿਕ ਰਹੁ ਰੀਤਾਂ ਮੁਤਾਬਕ ਅਤੇ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰਾਂ ਹਰਿੰਦਰਪਾਲ ਸਿੰਘ ਟੌਹੜਾ ਅਤੇ ਕੰਵਰਵੀਰ ਸਿੰਘ ਟੌਹੜਾ ਨੇ ਦਿਖਾਈ।ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਤਰਫ਼ੋਂ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫ਼ੋਂ ਐਸ.ਡੀ.ਐਮ. ਨਾਭਾ ਡਾ. ਇਸਮਤ ਵਿਜੇ ਸਿੰਘ ਨੇ ਮ੍ਰਿਤਕ ਦੇਹ 'ਤੇ ਰੀਥਾਂ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਪਟਿਆਲਾ ਪੁਲਿਸ ਦੀ ਟੁਕੜੀ ਨੇ ਮਾਤਮੀ ਧੁਨ ਵਜਾਈ ਅਤੇ ਜਵਾਨਾਂ ਨੇ ਹਥਿਆਰ ਉਲਟੇ ਕਰਕੇ ਗਾਰਡ ਆਫ਼ ਆਨਰ ਦਿੰਦਿਆਂ ਫ਼ਾਇਰ ਕਰਕੇ ਸਲਾਮੀ ਦਿੱਤੀ।ਪਰਿਵਾਰਕ ਸੂਤਰਾਂ ਮੁਤਾਬਕ ਸਵਰਗੀ ਸ. ਟੌਹੜਾ ਦੇ ਫੁੱਲ ਚੁਗਣ ਅਤੇ ਅੰਗੀਠਾ ਸੰਭਾਲਣ ਦੀ ਰਸਮ ਮਿਤੀ 24 ਸਤੰਬਰ ਨੂੰ ਸਵੇਰੇ 9 ਵਜੇ ਪਿੰਡ ਦੇ ਸਮਸ਼ਾਨਘਾਟ ਵਿਖੇ ਨਿਭਾਈ ਜਾਵੇਗੀ ਜਦ ਕਿ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ 28 ਸਤੰਬਰ ਦਿਨ ਐਤਵਾਰ ਨੂੰ ਸਵੇਰੇ 11.30 ਵਜੇ ਤੋਂ ਦੁਪਹਿਰ 1 ਵਜੇ ਤੱਕ ਪਿੰਡ ਟੌਹੜਾ ਦੀ ਅਨਾਜ ਮੰਡੀ ਵਿਖੇ ਹੋਵੇਗੀ। ਸਵਰਗੀ ਹਰਮੇਲ ਸਿੰਘ ਟੌਹੜਾ ਦੇ ਅੰਤਿਮ ਸਸਕਾਰ ਮੌਕੇ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਦੇ ਗ੍ਰੰਥੀ ਗਿਆਨੀ ਹਰਵਿੰਦਰ ਸਿੰਘ ਨੇ ਜਪੁਜੀ ਸਾਹਿਬ ਦਾ ਪਾਠ ਤੇ ਅਰਦਾਸ ਕੀਤੀ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਮੇਤ ਵੱਡੀ ਗਿਣਤੀ ਰਾਜਸੀ ਤੇ ਸਕੇ ਸਬੰਧੀਆਂ ਸਮੇਤ ਹੋਰਨਾਂ ਅਹਿਮ ਸ਼ਖ਼ਸੀਅਤਾਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

## ਨੈਸ਼ਨਲ ਕਾਲਜ ਦਾ ਨਤੀਜਾ ਸ਼ਾਨਦਾਰ ਰਿਹਾ



ਭੀਖੀ (ਗੁਰਿੰਦਰ ਸਿੰਘ ਔਲਖ) ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐਲਾਨੇ ਬੀ ਏ ਭਾਗ ਸਮੈਸਟਰ ਪਹਿਲਾ ਦਾ ਨਤੀਜਾ ਸ਼ਾਨਦਾਰ ਰਿਹਾ।ਕਾਲਜ ਪ੍ਰਿੰਸੀਪਲ ਡਾ. ਐਮ ਕੇ ਮਿਸ਼ਰਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਮਨਪ੍ਰੀਤ ਕੌਰ ਨੇ 8.47 ਗ੍ਰੇਡ ਨਾਲ ਪਹਿਲਾ, ਦਿਲਜੀਤ ਸਿੰਘ ਨੇ 8.43 ਗ੍ਰੇਡ ਨਾਲ ਦੂਜਾ, ਜਸਪ੍ਰੀਤ ਕੌਰ ਅਤੇ ਪੂਜਾ ਕੌਰ ਨੇ 8.27 ਗ੍ਰੇਡ ਨਾਲ ਤੀਜਾ ਸਥਾਨ ਹਾਸਿਲ ਕੀਤਾ।ਕਾਲਜ ਪ੍ਰਿੰਸੀਪਲ ਡਾ. ਐਮ .ਕੇ ਮਿਸ਼ਰਾ ਨੇ ਕਿਹਾ ਕਿ ਹਰ ਵਾਰ ਦੀ ਤਰ੍ਹਾਂ ਯੂਨੀਵਰਸਿਟੀ ਦੇ ਨਤੀਜਿਆਂ ਵਿਚ ਕਾਲਜ ਦਾ ਨਾਮ ਇਲਾਕੇ ਦੀਆਂ ਨਾਮਵਰ ਸੰਸਥਾਵਾਂ ਵਿੱਚ ਆਉਂਦਾ ਹੈ।ਕਾਲਜ ਦੇ ਸਾਰੇ ਕੋਰਸਾਂ ਦੇ ਨਤੀਜੇ ਕਾਲਜ ਸਟਾਫ਼ ਅਤੇ ਵਿਦਿਆਰਥੀਆਂ ਦੀ ਮਿਹਨਤ ਦਾ ਨਤੀਜਾ ਹਨ।ਕਾਲਜ ਦਾ ਨਤੀਜਾ ਹਰ ਸਾਲ ਸੌ ਫ਼ੀਸਦੀ ਆਉਂਦਾ ਹੈ।ਕਾਲਜ ਪ੍ਰਧਾਨ ਹਰਬੰਸ ਦਾਸ ਬਾਵਾ ਨੇ ਪਾਸ ਹੋਏ ਸਾਰੇ ਵਿਦਿਆਰਥੀਆਂ ਨੂੰ ਇਹਨਾਂ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੰਦੇ ਹੋਏ ਉੱਜਵਲ ਭਵਿੱਖ ਲਈ ਕਾਮਨਾ ਕੀਤੀ।ਇਸ ਮੌਕੇ ਪ੍ਰੋ ਗੁਰਤੇਜ ਸਿੰਘ ਤੇਜੀ, ਕਲਾਸ ਇੰਚਾਰਜ ਪ੍ਰੋ ਜਸਵਿੰਦਰ ਸਿੰਘ ,ਪ੍ਰੋ ਅਵਤਾਰ ਸਿੰਘ,ਪ੍ਰੋ ਹਰਬੰਸ ਸਿੰਘ,ਪ੍ਰੋ ਅਮਨਦੀਪ ਕੌਰ, ਪ੍ਰੋ ਜਸਪ੍ਰੀਤ ਕੌਰ, ਪ੍ਰੋ ਕਰਮਜੀਤ ਕੌਰ ਅਤੇ ਸਮੂਹ ਸਟਾਫ਼ ਹਾਜ਼ਰ ਸੀ।

## ਵਿਦੇਸ਼ ਭੇਜਣ ਦੇ ਨਾਂਅ 'ਤੇ ਠੱਗੀ ਮਾਰਨ ਦੇ ਦੋਸ਼ 'ਚ ਮੁਕੱਦਮਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਵਿਦੇਸ਼ ਭੇਜਣ ਦੇ ਨਾਂਅ 'ਤੇ 5 ਲੱਖ 13 ਹਜ਼ਾਰ 650 ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ 2 ਵਿਅਕਤੀਆਂ ਦੇ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਲਕੀਤ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਸੁਰਜੀਤ ਸਿੰਘ ਪੁੱਤਰ ਜੈ ਕਿਸ਼ਨ ਵਾਸੀ ਮਾਹਮੂ ਜੋਈਆ ਦੁਆਰਾ ਦਰਖਾਸਤ ਨੰਬਰ 176-ਸੀ.ਪੀ.ਐਫ਼-ਸਪੈਸ਼ਲ ਜੋ ਗਗਨਦੀਪ ਸ਼ਰਮਾ ਪੁੱਤਰ ਸ਼ਾਮ ਲਾਲ ਵਾਸੀ ਕਮਿਆਨਾ ਰੋਡ ਫਰੀਦਕੋਟ ਤੇ ਜੋਧਪਾਲ ਸਿੰਗਲਾ ਪੁੱਤਰ ਸੁਭਾਸ਼ ਚੰਦਰ ਵਾਸੀ ਧੂੰਦਾ ਤਹਿਸੀਲ ਭਦੌੜ ਜ਼ਿਲ੍ਹਾ ਬਰਨਾਲਾ ਹਾਲ ਨੇੜੇ ਮੱਛੀ ਮਾਰਕਿਟ ਰੀਦਕੋਟ ਦੇ ਵਿਰੁੱਧ ਦਿੱਤੀ ਸੀ ਕਿ ਉਸ ਨਾਲ ਵਿਦੇਸ਼ ਭਜਣ ਦੇ ਨਾਂਅ 'ਤੇ 5 ਲੱਖ 13 ਹਜਾਰ 650 ਰੁਪਏ ਦੀ ਠੱਗੀ ਮਾਰੀ ਗਈ ਹੈ।

ਇਸ ਦਰਖਾਸਤ ਦੀ ਮਨਜ਼ੂਰੀ ਐਸ.ਐਸ.ਪੀ. ਤੋਂ ਥਾਣੇ 'ਚ ਆਉਣ ਉਪਰੰਤ ਸ਼ਿਕਾਇਤਕਰਤਾ ਸੁਰਜੀਤ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਗਗਨਦੀਪ ਸ਼ਰਮਾ ਅਤੇ ਜੋਧਪਾਲ ਸਿੰਗਲਾ ਦੇ ਖਿਲਾਫ ਥਾਣਾ ਅਮੀਰ ਖਾਸ ਵਿਖੇ ਮੁਕੱਦਮਾ ਨੰਬਰ 87 ਮਿਤੀ 23-09-2025 ਨੂੰ ਧਾਰਾ 318(4), 61(2) ਬੀ.ਐਨ.ਐਸ. ਤਹਿਤ ਦਰਜ ਕੀਤਾ ਗਿਆ ਹੈ।

## ਧੂਰੀ ਵਾਸੀਆਂ ਵੱਲੋਂ ਰੇਲਵੇ ਓਵਰ ਬਰਿੱਜ ਦੀ ਉਸਾਰੀ ਜਲਦੀ ਸ਼ੁਰੂ ਕਰਵਾਉਣ ਦੀ ਮੰਗ




**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**

ਧੂਰੀ ਦੇ ਵੱਖ-ਵੱਖ ਸਮਾਜਕ ਜਥੇਬੰਦੀਆਂ ਅਤੇ ਵਾਸੀਆਂ ਵੱਲੋਂ ਲੰਬੇ ਸਮੇਂ ਤੋਂ ਰੇਲਵੇ ਫਾਟਕਾਂ ਉਪਰ ਓਵਰ ਬਰਿੱਜ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ। ਧੂਰੀ ਸ਼ਹਿਰ ਰਾਹੀਂ ਲੁਧਿਆਣਾ-ਜਾਖਲ ਰੇਲ ਲਾਈਨ ਲੰਘਦੀ ਹੈ, ਜਿਸ ਕਾਰਨ ਸ਼ਹਿਰ ਵਿੱਚ ਕਈ ਥਾਵਾਂ ਉੱਤੇ ਟ੍ਰੇਨਾਂ ਦੇ ਆਉਣ-ਜਾਣ ਸਮੇਂ ਫਾਟਕ ਬੰਦ ਰਹਿੰਦੇ ਹਨ। ਇਸ ਕਾਰਨ ਨਾ ਸਿਰਫ਼ ਆਮ ਲੋਕਾਂ ਨੂੰ ਸਫ਼ਰ ਵਿੱਚ ਰੁਕਾਵਟ ਪੈਦੀ ਹੈ, ਬਲਕਿ ਸਕੂਲਾਂ ਦੇ ਬੱਚੇ, ਮਰੀਜ਼, ਐਮਰਜੈਂਸੀ ਵਾਹਨ ਅਤੇ ਕਾਰੋਬਾਰੀ ਵਰਗ ਘੰਟਿਆਂ ਤੱਕ ਪਰੇਸ਼ਾਨੀ ਸਹਿੰਦੇ ਹਨ। ਇਸ ਸਮੱਸਿਆ ਦਾ ਇਕੋ ਹੱਲ ਰੇਲਵੇ ਓਵਰ ਬਰਿੱਜ ਦੀ ਉਸਾਰੀ ਹੀ ਹੈ, ਪਰ ਅਜੇ ਤੱਕ ਇਹ ਕੰਮ ਕਾਗਜ਼ਾਂ ਤੋਂ ਅੱਗੇ ਨਹੀਂ ਵਧ ਸਕਿਆ।ਧੂਰੀ ਵਿਕਾਸ ਮੰਚ ਦੇ ਮੈਂਬਰਾਂ ਨੇ ਕਿਹਾ ਕਿ ਲੰਬੇ ਸਮੇਂ ਤੋਂ ਪੁਲ ਦੀ ਮੰਗ ਕਰਦੇ ਲੋਕ ਹੁਣ ਚਾਹੁੰਦੇ ਹਨ ਕਿ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਆਪਸੀ ਰਾਜਨੀਤਿਕ ਖਿੱਚੋਤਾਣ ਤੋਂ ਉੱਪਰ ਉੱਠ ਕੇ ਇਸ ਮਹੱਤਵਪੂਰਨ ਪ੍ਰੋਜੈਕਟ ਨੂੰ ਤੁਰੰਤ ਹਰੀ ਝੰਡੀ ਦੇਣ। ਪਿਛਲੇ ਕੁਝ ਮਹੀਨਿਆਂ ਤੋਂ ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਜਦ ਤੱਕ ਦੋਰਾਹਾ ਅਤੇ ਕੁਝ ਹੋਰ ਥਾਵਾਂ ਦੇ ਪੁਲਾਂ ਨੂੰ ਮਨਜ਼ੂਰੀ ਨਹੀਂ ਮਿਲਦੀ, ਉਸ ਤੋਂ ਪਹਿਲਾਂ ਧੂਰੀ ਪੁਲ ਲਈ ਸਹਿਮਤੀ ਨਹੀਂ ਦਿੱਤੀ ਜਾਵੇਗੀ। ਇਸ ਰਵੱਈਏ ਕਾਰਨ ਧੂਰੀ ਵਾਸੀਆਂ ਵਿੱਚ ਨਾਰਾਜ਼ਗੀ ਹੈ। ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਵੀ ਬਿੱਟੂ ਦੀ ਇਸ ਜ਼ਿਦ ਦੇ ਵਿਰੋਧ ਵਿੱਚ ਉਸ ਦਾ ਪੁਤਲਾ ਸਾੜ ਕੇ ਰੋਸ ਪ੍ਰਗਟਾਇਆ ਸੀ।ਧੂਰੀ ਵਿਕਾਸ ਮੰਚ ਦੇ ਨੇਤਾਵਾਂ ਨੇ ਮੰਗ ਕੀਤੀ ਕਿ ਸੰਸਦ ਮੈਂਬਰ ਰਵਨੀਤ ਬਿੱਟੂ ਆਪਣੀ ਜ਼ਿਦ ਛੱਡ ਕੇ ਧੂਰੀ ਪੁਲ ਲਈ ਤੁਰੰਤ ਮਨਜ਼ੂਰੀ ਦਿਵਾਉਣ ਵਿੱਚ ਯੋਗਦਾਨ ਪਾਉਣ।ਉਨ੍ਹਾਂ ਕਿਹਾ ਕਿ ਇਹ ਮਸਲਾ ਸਿਰਫ਼ ਆਵਾਜਾਈ ਦਾ ਨਹੀਂ, ਸਗੋਂ ਲੋਕਾਂ ਦੀ ਜਾਨ ਬਚਾਉਣ ਨਾਲ ਜੁੜਿਆ ਹੋਇਆ ਹੈ। ਕਈ ਵਾਰ ਐਮਰਜੈਂਸੀ ਹਾਲਾਤ ਵਿੱਚ ਐਂਬੂਲੈਂਸਾਂ ਫਾਟਕਾਂ 'ਤੇ ਫਸ ਜਾਂਦੀਆਂ ਹਨ, ਜਿਸ ਨਾਲ ਮਰੀਜ਼ਾਂ ਦੀ ਜਾਨ ਨੂੰ ਵੀ ਖਤਰਾ ਪੈ ਸਕਦਾ ਹੈ।

## ਕਾਮਰੇਡ ਕਾਕਾ ਸਿੰਘ ਨੂੰ ਸੈਂਕੜੇ ਲੋਕਾਂ ਵੱਲੋਂ ਨਾਅਰਿਆਂ ਦੀ ਗੂੰਜ ਨਾਲ ਦਿੱਤੀ ਅੰਤਮ ਵਿਦਾਇਗੀ



**ਮਾਨਸਾ (ਆਤਮਾ ਸਿੰਘ ਕੁਮਾਰ)**-ਸੀ ਪੀ ਆਈ ਦੇ ਸੀਨੀਅਰ ਆਗੂ, ਸੱਚੇ ਸੁੱਚੇ ਸਿਪਾਹੀ ਤੇ ਜ਼ਿਲ੍ਹਾ ਏਟਕ ਦੇ ਸਾਬਕਾ ਪ੍ਰਧਾਨ ਕਾਮਰੇਡ ਕਾਕਾ ਸਿੰਘ ਨੂੰ ਸੈਂਕੜੇ ਪਾਰਟੀ ਆਗੂਆਂ ਵਰਕਰਾਂ,ਵੱਖ ਵੱਖ ਸਿਆਸੀ ਸ਼ਖ਼ਸੀਅਤਾਂ ਤੇ ਹਮਦਰਦਾਂ ਵੱਲੋਂ ਨਾਅਰਿਆਂ ਦੀ ਗੂੰਜ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ। ਪ੍ਰੈਸ ਬਿਆਨ ਰਾਹੀਂ ਸੀ ਪੀ ਆਈ ਦੇ ਸ਼ਹਿਰੀ ਸਕੱਤਰ ਕਾਮਰੇਡ ਰਤਨ ਭੋਲਾ ਤੇ ਸਬ ਡਵੀਜ਼ਨ ਸਕੱਤਰ ਕਾਮਰੇਡ ਰੂਪ ਸਿੰਘ ਢਿੱਲੋਂ ਨੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸਾਥੀ ਕਾਕਾ ਸਿੰਘ ਪਿਛਲੇ ਸਮੇਂ ਤੋਂ ਬੀਮਾਰ ਹੋਣ ਦੇ ਬਾਵਜੂਦ ਵੀ ਪਰਿਵਾਰ ਤੇ ਪਾਰਟੀ ਹਿੱਤਾਂ ਦੀ ਰਾਖੀ ਲਈ ਯਤਨਸ਼ੀਲ ਰਹੇ। ਉਹਨਾਂ ਕਿਹਾ ਕਿ ਕਾਕਾ ਦੇ ਜਾਣ ਨਾਲ ਪਰਿਵਾਰ, ਪਾਰਟੀ ਤੇ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬੂਟਾ ਸਿੰਘ ਬਰਨਾਲਾ ਏਟਕ, ਸਾਬਕਾ ਮੀਤ ਪ੍ਰਧਾਨ ਗੁਰਚਰਨ ਸਿੰਘ, ਬਲਵੰਤ ਸਿੰਘ ਦਲੇਲ ਸਿੰਘ ਵਾਲਾ, ਮਨਜੀਤ ਸਿੰਘ ਕਾਲਾ, ਦਰਸ਼ਨ ਸਿੰਘ ਮਾਨਸ਼ਾਹੀਆ, ਰਘਵੀਰ ਸਿੰਘ ਬਸਪਾ ਆਗੂ, ਰਾਜ ਕੁਮਾਰ ਸ਼ਰਮਾ ਸਮੁੱਚੇ ਐਫ ਸੀ ਆਈ ਦੇ ਲੀਡਰ ਤੇ ਵਰਕਰਾਂ ਤੋਂ ਇਲਾਵਾ ਵੱਖ ਵੱਖ ਸ਼ਖ਼ਸੀਅਤਾਂ, ਰਿਸ਼ਤੇਦਾਰ ਅਤੇ ਦੋਸਤ ਮਿੱਤਰ ਵੀ ਸਸਕਾਰ ਸਮੇਂ ਹਾਜ਼ਰ ਸਨ।

## ਬਾਬਾ ਫਰੀਦ ਦੇ ਜਨਮ ਦਿਹਾੜੇ ਨੂੰ ਸਮਰਪਤ ਵਿਸ਼ਵ ਪੰਜਾਬੀ ਦਿਵਸ ਮਨਾਇਆ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਬੀਰ ਕਲਾਂ ਵਿਖੇ ਵਿਸ਼ਵ ਪੰਜਾਬੀ ਦਿਵਸ ਜੋ ਕਿ ਪੰਜਾਬੀ ਦੇ ਸਿਰਮੌਰ ਕਵੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਸ਼ਾਮਲ ਕਰਕੇ ਸਤਿਕਾਰੇ ਜਾਂਦੇ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਤ ਕਰਕੇ ਮਨਾਇਆ ਗਿਆ ਇਸ ਮੌਕੇ ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬੰਸਲ ਅਤੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਨੇ ਸਭ ਨੂੰ ਮੁਬਾਰਕਬਾਦ ਦਿੱਤੀ। ਇਸ ਸਬੰਧੀ ਕਾਲਜ ਵਿੱਚ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਡਾਕਟਰ ਰਮਨਦੀਪ ਕੌਰ ਅਤੇ ਪ੍ਰੋਫੈਸਰ ਅਮਨਦੀਪ ਕੌਰ ਨੇ ਸਟੇਜ ਸਕੱਤਰ ਦੀ ਭੂਮਿਕਾ ਬਖੂਬੀ ਨਿਭਾਈ। ਇਸ ਮੌਕੇ ਪ੍ਰੋਫੈਸਰ ਗੁਰਸੇਵਕ ਸਿੰਘ ਨੇ ਤੇ ਪ੍ਰੋਫੈਸਰ ਜਗਤਾਰ ਸਿੰਘ ਅਤੇ ਡਾਕਟਰ ਰਮਨਦੀਪ ਕੌਰ ਨੇ ਬਾਬਾ ਫਰੀਦ ਜੀ ਦੇ ਜੀਵਨ ਉਹਨਾਂ ਦੇ ਸਲੋਕਾਂ ਸ਼ਬਦਾਂ ਅਤੇ ਪੰਜਾਬੀ ਸਾਹਿਤ ਨੰ ਦੇਣ ਬਾਰੇ ਚਾਨਣਾ ਪਾਇਆ। ਇਸ ਮੌਕੇ ਕੁਇਜ ਚਾਰਟ ਮੁਕਾਬਲੇ ਕਰਵਾਏ ਗਏ। ਪ੍ਰਿੰਸੀਪਲ ਡਾਕਟਰ ਵੀ ਕੇ ਰਾਏ, ਪ੍ਰੋਫੈਸਰ ਅੰਤਰਪਾਲ ਕੌਰ, ਪਰਮਿੰਦਰ ਸਿੰਘ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ।

## ਪੱਛੜੀਆਂ ਸ਼੍ਰੇਣੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਅੱਜ

**ਮੋਗਾ (ਇਕਬਾਲ ਸਿੰਘ ਖਹਿਰਾ)** ਮਲਕੀਤ ਸਿੰਘ ਥਿੰਦ ਚੇਅਰਮੈਨ ਪੱਛੜੀਆਂ ਸ਼੍ਰੇਣੀਆਂ ਭਲਾਈ ਕਮਿਸ਼ਨ 25 ਸਤੰਬਰ ਨੂੰ ਸਵੇਰੇ 11 ਵਜੇ ਲੋਕ ਨਿਰਮਾਣ ਰੈਸਟ ਹਾਊਸ ਵਿਖੇ ਪੁੱਜਣਗੇ।ਥਿੰਦ ਪਹਿਲਾਂ ਪੱਛੜੀਆਂ ਦੀਆਂ ਵੱਖ-ਵੱਖ ਜਥੇਬੰਦੀਆਂ ਤੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰਕੇ ਵੱਖ-ਵੱਖ ਸਕੀਮਾਂ ਸਬੰਧੀ ਸੁਝਾ ਪ੍ਰਾਪਤ ਕਰਨਗੇ।ਮਲਕੀਤ ਸਿੰਘ ਥਿੰਦ ਮਗਰੋਂ ਡਿਪਟੀ ਕਮਿਸ਼ਨਰ, ਐਸ ਐਸ ਪੀ ਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਸਬੰਧੀ ਮੁਲਾਂਕਣ ਕਰਨਗੇ। ਮੀਟਿੰਗ ਵਿੱਚ ਸਾਲ 2024-25 ਦੌਰਾਨ ਲਾਭਪਾਤਰੀਆਂ ਨੂੰ ਦਿੱਤੀਆਂ ਗਈਆਂ ਸਹੂਲਤਾਂ ਦੀ ਰਿਪੋਰਟ ਤੇ ਵਿਚਾਰ ਚਰਚਾ ਹੋਵੇਗੀ।

## ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ 'ਤੇ ਸੈਮੀਨਾਰ ਅੱਜ

**ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)**-ਸ਼ਹੀਦ ਭਗਤ ਸਿੰਘ ਦੇ 119ਵੇਂ ਜਨਮ ਦਿਨ ਦੇ ਸਬੰਧ ਵਿਚ ਸਰਵ ਕਰਮਚਾਰੀ ਸੰਘ ਕਾਲਾਂਵਾਲੀ ਅਤੇ ਰਿਟਾਇਰ ਕਰਮਚਾਰੀ ਸੰਘ ਸਮੇਤ ਹੋਰ ਭਰਾਤਰੀ ਜਥੇਬੰਦੀਆਂ ਵਲੋਂ ਕਾਲਾਂਵਾਲੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਕੀਤੀ ਗਈ ਵਿਸ਼ੇਸ਼ ਮੀਟਿੰਗ ਮੁਤਾਬਕ ਸ਼ਹੀਦ ਭਗਤ ਸਿੰਘ ਦੇ ਸੰਘਰਸ਼ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਸੈਮੀਨਾਰਾਂ, ਨਾਟਕਾਂ ਅਤੇ ਨੁੱਕੜ ਸਭਾਵਾਂ ਰਾਹੀਂ ਉਪਰਾਲਿਆਂ ਨੂੰ ਮੁੱਖ ਰਖਦੇ ਹੋਏ ਸਰਕਾਰੀ ਸੀਨੀਅਰ ਸਕੂਲ ਵਿਖੇ ਸ਼ਾਮ 3 ਵਜੇ ਕਾਲਾਂਵਾਲੀ ਬਲਾਕ ਦੀਆਂ ਜਥੇਬੰਦੀਆਂ ਵੱਲੋਂ ਸਾਂਝਾ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਰਿਟਾਇਰ ਕਰਮਚਾਰੀ ਸੰਘ ਦੇ ਬਲਾਕ ਪ੍ਰਧਾਨ ਮਾ: ਹਰਭਗਵਾਨ ਸ਼ਰਮਾ, ਮਾ: ਮਹਿੰਦਰ ਪਾਲ ਪੱਖੋ ਅਤੇ ਹੈਡਮਾਸਟਰ ਗੁਰਤੇਜ ਸਿੰਘ ਨੇ ਦੱਸਿਆ ਕਿ ਅੱਜ ਦੇ ਸਮਾਗਮ ਦੇ ਮੁੱਖ ਬੁਲਾਰੇ ਮਾ: ਬੂਟਾ ਸਿੰਘ, ਕਾ: ਰਾਜਕੁਮਾਰ ਸ਼ੇਖੁਪੁਰੀਆ, ਕਰਮਚਾਰੀ ਆਗੂ ਸੋਹਣ ਸਿੰਘ ਰੰਧਵਾ ਅਤੇ ਪ੍ਰਿੰਸੀਪਲ ਜਗਦੇਵ ਸਿੰਘ ਗਿੱਲ ਹੋਣਗੇ।


**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਜਾਇਦਾਦ ਵਿਕਰੀ ਸੂਚਨਾ**

ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਰਫੇਸੀ ਐਕਟ ਦੇ ਸੈਕਸ਼ਨ 13(4) ਅਧੀਨ ਹੇਠਾਂ ਵਰਨਣ ਜਾਇਦਾਦ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ।
ਜਨਤਾ ਨੂੰ ਵੱਡੇ ਪੱਧਰ 'ਤੇ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਐਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਰਕਮ ਦੀ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਖਰਚਿਆਂ ਦੀ ਵਸੂਲੀ ਲਈ ਹੇਠਾਂ ਦਰਸਾਏ ਕੇਸ ਵਿੱਚ ਵਿਕਰੀ ਬੈਂਕ ਦੁਆਰਾ ਮਿਤੀ 29.10.2025 ਨੂੰ ਕਰਵਾਈ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | • ਮੈਸਰਜ਼ ਪ੍ਰਾਸ਼ਰ ਬ੍ਰਦਰਜ਼ ਦਾਣਾ ਮੰਡੀ ਵਿਖੇ ਸਥਿਤ ਕਰਤਾਰਪੁਰ ਜ਼ਿਲ੍ਹਾ ਜਲੰਧਰ ਰਾਹੀਂ ਇਸ ਦੇ ਮਾਲਕ ਸ੍ਰੀ ਅਜੇ ਪ੍ਰਾਸ਼ਰ<br>• ਸ੍ਰੀ ਅਜੇ ਪ੍ਰਾਸ਼ਰ ਪੁੱਤਰ ਸ੍ਰੀ ਕ੍ਰਿਸ਼ਨ ਲਾਲ ਪ੍ਰਾਸ਼ਰ, ਵਾਸੀ ਮਕਾਨ ਨੰ. 3982, ਮੁਹੱਲਾ ਇਮਲੀ ਵਾਲਾ, ਕਰਤਾਰਪੁਰ, ਤਹਿ. ਤੇ ਜ਼ਿਲ੍ਹਾ ਜਲੰਧਰ (ਕਰਜ਼ਦਾਰ)<br>• ਸ੍ਰੀ ਰੰਜਨਾ ਪ੍ਰਾਸ਼ਰ ਪਤਨੀ ਸ੍ਰੀ ਕ੍ਰਿਸ਼ਨ ਲਾਲ ਪ੍ਰਾਸ਼ਰ, ਵਾਸੀ ਵਾਸੀ ਮਕਾਨ ਨੰ. 3982, ਮੁਹੱਲਾ ਇਮਲੀ ਵਾਲਾ, ਕਰਤਾਰਪੁਰ, ਤਹਿ. ਤੇ ਜ਼ਿਲ੍ਹਾ ਜਲੰਧਰ<br>• ਸ੍ਰੀਮਤੀ ਪੂਜਾ ਮਲਿਕ ਪਤਨੀ ਸ੍ਰੀ ਹਰੀਸ਼ ਮਲਿਕ, ਵਾਸੀ ਮਕਾਨ ਨੰ. 4383, ਵਾਰਡ ਨੰ. 9, ਬਾਰਾਦਰੀ ਬਜ਼ਾਰ, ਕਰਤਾਰਪੁਰ, ਜਲੰਧਰ (ਗਰੰਟਰ) |
| ਬਕਾਇਆ ਰਕਮ<br>CC/033300000004<br>WCTL-ECLGS-1/033612000034<br>WCTL-ECLGS2/033612000077 | Rs. 56,93,594/-<br>Rs. 1,81,770/-<br>Rs. 5,25,318/-<br>(ਅਤੇ 01.09.2025 ਤੋਂ ਭਵਿੱਖੀ ਵਿਆਜ) |
| ਜਾਇਦਾਦ ਦਾ ਵੇਰਵਾ | ਅਚੱਲ ਜਾਇਦਾਦ : ਤਬਾਦਲਾ ਬੈਨਾਮਾ ਦਸਤਾਵੇਜ਼ ਨੰ. 719 ਮਿਤੀ 08.02.2016 ਅਨੁਸਾਰ ਸ੍ਰੀਮਤੀ ਰੰਜਨਾ ਪ੍ਰਾਸ਼ਰ ਪਤਨੀ ਸ੍ਰੀ ਕ੍ਰਿਸ਼ਨ ਲਾਲ ਪ੍ਰਾਸ਼ਰ ਦੀ ਮਲਕੀਅਤ ਜਾਇਦਾਦ ਰਕਬਾ 2 ਮਰਲੇ ਪੁਰਾਣੀ ਦਾਣਾ ਮੰਡੀ ਕਰਤਾਰਪੁਰ, ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁੱਝ। |
| ਰਾਖਵੀਂ ਰਕਮ | Rs. 40,00,000/- (ਰੁਪਏ ਚਾਲੀ ਲੱਖ ਕੇਵਲ) |
| ਈ ਐੱਮ ਡੀ (ਬਿਆਨਾ ਰਾਸ਼ੀ) | ਸਫ਼ਲ ਬੋਲੀਕਾਰ ਦੁਆਰਾ ਰਾਖਵੀਂ ਕੀਮਤ ਦੀ ਕੁੱਲ ਈ ਐੱਮ ਡੀ (ਬਿਆਨਾ ਰਾਸ਼ੀ) 25 ਫੀਸਦੀ ਜਲੰਧਰ ਵਿੱਚ ਅਦਾਇਗੀਯੋਗ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਪੱਖ ਵਿੱਚ ਡਿਮਾਂਡ ਡਰਾਫਟ ਦੇ ਰਾਹੀਂ ਮਿਤੀ 29.10.2025 ਨੂੰ ਜਮ੍ਹਾਂ ਕਰਵਾਈ ਜਾਵੇਗੀ। ਟੈਂਡਰ ਫਾਰਮ ਅਤੇ ਈ ਐੱਮ ਡੀ ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮ. ਮੁੱਖ ਮਫ਼ਤਰ ਮਿਡਾਸ ਕਾਰਪੋਰੇਟ ਪਾਰਕ ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ। |

ਬੈਂਕ ਨੂੰ ਮਾਲੂਮ ਝੰਜਟ : ਕੋਈ ਨਹੀਂ। ਜਾਇਦਾਦ "ਜਿਵੇਂ ਹੈ ਜਿੱਥੇ ਹੈ" "ਜੋ ਹੈ ਜਿਵੇਂ ਹੈ" ਅਤੇ "ਉਥੇ ਜੋ ਵੀ ਹੈ" ਦੇ ਅਧਾਰ 'ਤੇ ਵੇਚੀ ਜਾਵੇਗੀ। ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਪੱਖ ਵਿੱਚ ਡਿਮਾਂਡ ਡਰਾਫਟ ਰਾਹੀਂ, ਜਲੰਧਰ ਵਿੱਚ ਅਦਾਇਗੀਯੋਗ, ਈ ਐਮ ਡੀ (ਬਿਆਨਾ ਰਾਸ਼ੀ) ਅਰਥਾਤ 25% ਸਮੇਤ ਟੈਂਡਰ ਪ੍ਰਾਪਤ ਕਰਨ ਦੀ ਅੰਤਿਮ ਮਿਤੀ/ਸਮਾਂ 29.10.2025 ਨੂੰ ਸਵੇਰੇ 11.00 ਵਜੇ ਤੱਕ ਹੈ। ਟੈਂਡਰ ਦਰਸਾਈ ਮਿਤੀ ਨੂੰ ਸਵੇਰੇ 11.00 ਵਜੇ ਤੋਂ ਬਾਅਦ ਸਾਰੇ ਪੇਸ਼ਕਾਰਾਂ/ਉਨ੍ਹਾਂ ਦੇ ਪ੍ਰਤੀਨਿਧੀਆਂ ਦੀ ਹਾਜ਼ਰੀ ਵਿੱਚ ਮੁੱਖ ਦਫ਼ਤਰ : ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਵਿਖੇ ਖੋਲ੍ਹੇ ਜਾਣਗੇ। ਟੈਂਡਰ ਫਾਰਮ ਸਹਿਤ ਵਿਕਰੀ ਦੇ ਵਿਸਥਾਰਤ ਨਿਯਮਾਂ ਅਤੇ ਜਾਇਦਾਦ ਦੀ ਪੜਤਾਲ ਲਈ ਬਰਾਂਚ ਦਫ਼ਤਰ, ਕਰਤਾਰਪੁਰ ਨਾਲ ਸੰਪਰਕ ਕੀਤਾ ਜਾਵੇ। ਵਿਕਰੀ ਸਕਿਓਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ਼ ਫਾਈਨਾਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰੈਸਟ ਐਕਟ 2002 ਅਧੀਨ ਨਿਰਧਾਰਤ ਨਿਯਮਾਂ/ਸ਼ਰਤਾਂ ਦਾ ਵਿਸ਼ਾ ਹੋਵੇਗੀ। ਅਧਿਕਾਰਤ ਅਫਸਰ ਨੂੰ ਬਿਨਾ ਕੋਈ ਕਾਰਨ ਦੱਸਿਆ ਵਿਕਰੀ ਦੀ ਪੁਸ਼ਟੀ ਕਰਨ ਤੋਂ ਪਹਿਲਾਂ ਕਿਸੇ ਵੀ ਸਮੇਂ ਵਿਕਰੀ ਮੁਲਤਵੀ ਕਰਨ/ਨਿਯਮਾਂ ਅਤੇ ਸ਼ਰਤਾ ਵਿੱਚ ਬਦਲਾਅ ਕਰਨ ਦਾ ਹੱਕ ਪ੍ਰਾਪਤ ਹੈ।

ਮਿਤੀ : 24.09.2025 | ਅਧਿਕਾਰਤ ਅਫਸਰ



**pnb punjab national bank** ...Together for the better

ARMB - JALANDHAR
Company Bagh, Civil Lines, Jalandhar (144001)
Phone : 0181-4697613, email : cs8249@pnb.co.in

**ਅਚੱਲ ਜਾਇਦਾਦਾਂ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

**ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ**

ਆਮ ਜਨਤਾ ਅਤੇ ਖਾਸ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੇਠਾਂ ਦਰਸਾਈਆਂ ਅਚੱਲ ਜਾਇਦਾਦਾਂ ਜਿਨ੍ਹਾਂ ਦਾ ਬੈਂਕ ਦੇ ਅਧਿਕਾਰਤ ਅਫਸਰ/ਸਕਿਉਰਡ ਕ੍ਰੈਡਿਟਰ ਵੱਲੋਂ ਰਚਨਾਤਕਮਕ/ਭੌਤਿਕ/ਸੰਕੇਤਕ ਕਬਜ਼ਾ ਪ੍ਰਾਪਤ ਕੀਤਾ ਜਾ ਚੁੱਕਾ ਹੈ, ਸੰਬੰਧਤ ਕਰਜ਼ਦਾਰਾਂ ਅਤੇ ਗਰੰਟਰਾਂ ਕੋਲੋਂ ਬੈਂਕ/ਸਕਿਉਰਡ ਕ੍ਰੈਡਿਟਰ ਦੀ ਬਕਾਇਆ ਰਕਮ ਵਸੂਲਣ ਲਈ, ਹੇਠਾਂ ਦਰਸਾਈ ਸਾਰਣੀ 'ਚ ਦਰਸਾਈ ਮਿਤੀ 'ਤੇ "ਜਿਵੇਂ ਹੈ ਜਿਥੇ ਹੈ", "ਜੋ ਹੈ ਜਿਵੇਂ ਹੈ" ਅਤੇ "ਉਥੇ ਜੋ ਵੀ ਹੈ" ਦੇ ਅਧਾਰ 'ਤੇ ਵਿਕਰੀ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਡਿਪਾਜ਼ਟ ਸੰਬੰਧਤ ਜਾਇਦਾਦਾਂ ਵਿਰੁੱਧ ਹੇਠਾਂ ਦਰਸਾਈ ਸਾਰਣੀ ਅਨੁਸਾਰ ਹੋਵੇਗੀ।

| ਲੌਟ ਨੰਬਰ | ਬਰਾਂਚ ਦਾ ਨਾਂਅ / ਨਿਲਾਮੀ ਦਾ ਹਵਾਲਾ ਨੰਬਰ / ਖਾਤੇ ਦਾ ਨਾਂਅ / ਕਰਜ਼ਦਾਰ/ਗਰੰਟਰ ਦੇ ਖਾਤੇ ਦਾ ਨਾਂਅ ਅਤੇ ਪਤਾ | ਰਹਿਣ ਕੀਤੀਆਂ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂਅ (ਜਾਇਦਾਦਾਂ ਦਾ ਰਹਿਣਕਾਰ) | (ਏ) ਸਰਫੇਸੀ ਐਕਟ 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ ਦੀ ਮਿਤੀ (ਬੀ) ਬਕਾਇਆ ਰਕਮ (ਸੀ) ਸਰਫੇਸੀ ਐਕਟ 2002 ਦੇ ਸੈਕਸ਼ਨ 13(4) ਅਧੀਨ ਕਬਜ਼ੇ ਦੀ ਮਿਤੀ (ਡੀ) ਕਬਜ਼ੇ ਦੀ ਕਿਸਮ ਸੰਕੇਤਕ/ਭੌਤਿਕ/ਰਚਨਾਤਮਕ | (ਏ) ਰਾਖਵੀਂ ਕੀਮਤ (ਰੁ: ਲੱਖਾਂ 'ਚ) (ਬੀ) ਈ ਐੱਮ ਡੀ (ਸੀ) ਬੋਲੀ ਵਾਧਾ ਰਕਮ | ਈ-ਨਿਲਾਮੀ ਦੀ ਮਿਤੀ/ਸਮਾਂ | ਸਕਿਉਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਜੋਖਮਾਂ ਦੇ ਵੇਰਵੇ |
|---|---|---|---|---|---|---|
| 1. | PNB-227200- FOCAL POINT, JALANDHAR<br>PUNB227200pnk1, PUNB227200pnk2<br>ਮੈਸਰਜ਼ ਪੀ ਐੱਨ ਕੇ ਇੰਡਸਟਰੀਜ਼ (ਇਸ ਦੇ ਮਾਲਕ ਲੇਟ ਸ੍ਰੀ ਪ੍ਰਵੀਨ ਕੁਮਾਰ)<br>ਲੇਟ ਸ੍ਰੀ ਪ੍ਰਵੀਨ ਕੁਮਾਰ ਪੁੱਤਰ ਸ੍ਰੀ ਅਮੀ ਚੰਦ (ਪਰੋਪ./ਮਾਰਟਗੇਜ਼ਰ) ਰਾਹੀਂ ਉਸ ਦੇ ਕਾਨੂੰਨੀ ਵਾਰਿਸਾਂ<br>1. ਸ੍ਰੀ ਭਾਨੂੰ ਪੁੱਤਰ ਲੇਟ ਸ੍ਰੀ ਪ੍ਰਵੇਸ਼ ਕੁਮਾਰ<br>2. ਸ੍ਰੀ ਪਰਮ ਸ਼ਰਮਾ ਪੁੱਤਰ ਲੇਟ ਸ੍ਰੀ ਪ੍ਰਵੇਸ਼ ਕੁਮਾਰ<br>3. ਸ੍ਰੀਮਤੀ ਮੰਜੂ ਸ਼ਰਮਾ ਪਤਨੀ ਲੇਟ ਪ੍ਰਵੇਸ਼ ਕੁਮਾਰ<br>ਪਹਿਲਾ ਪਤਾ : 331/2, ਹਰਗੋਬਿੰਦ ਨਗਰ, ਜਲੰਧਰ ਪੰਜਾਬ-144012 ਦੂਸਰਾ ਪਤਾ ਮਕਾਨ ਨੰਬਰ ਸੀ-91, ਰਾਓਵਾਲੀ, ਪੰਜਾਬ ਬਾਗ ਨੂਰਪੁਰ ਜਲੰਧਰ-144012<br>ਸ੍ਰੀ ਪਵਨ ਕੁਮਾਰ ਪੁੱਤਰ ਸ੍ਰੀ ਅਮੀ ਚੰਦ, ਪਤਾ :ਵਾਸੀ 331/2, ਹਰਗੋਬਿੰਦ ਨਗਰ, ਜਲੰਧਰ ਪੰਜਾਬ-144012 | 1. ਅਚੱਲ ਜਾਇਦਾਦ ਦਾ ਉੱਚਿਤ ਗਿਰਵੀਨਾਮਾ ਰਕਬਾ 3 ਮਰਲਾ 146 ਵਰਗ ਫੁੱਟ, ਖਸਰਾ ਨੰਬਰ 13339, 13341, 13347, 13343, 13344, 19986/13345, 13348, 13349, 13342, 13337, 13338, 13340 ਮੁਹੱਲਾ ਹਰਗੋਬਿੰਦ ਨਗਰ, ਪਿੰਡ ਅਬਾਦੀ ਰੇਰੂ ਤਹਿਸੀਲ ਤੇ ਜ਼ਿਲ੍ਹਾ ਜਲੰਧਰ, ਟਾਈਟਲ ਡੀਡ ਨੰਬਰ 915 ਮਿਤੀ 27/04/1992 ਮਾਲਕੀ : ਸ੍ਰੀ ਪਵਨ ਕੁਮਾਰ ਅਤੇ ਲੇਟ ਸ੍ਰੀ ਪ੍ਰਵੇਸ਼ ਕੁਮਾਰ<br>2. ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ ਕੁਲ ਰਕਬਾ 4164 ਵਰਗ ਫੁੱਟ, ਮੁਹੱਲਾ ਹਰਗੋਬਿੰਦ ਨਗਰ , ਪਿੰਡ ਅਬਾਦੀ ਰੇਰੂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ। ਖੇਵਟ/ਖਤੌਨੀ ਨੰ. 6719/8080, 6720/8081, 6721/8082, 7801/9304, ਖਸਰਾ ਨੰ. 13337, 13338, 19986/13345, 13346, 13339, 13347, 13341, 13343, 13344, 13348 ਹੱਦਬਸਤ ਨੰਬਰ 307/5, ਜਮ੍ਹਾਂਬੰਦੀ 2004-2005 ਟਾਈਟਲ ਡੀਡ ਨੰਬਰ 7625 ਮਿਤੀ 1/1/2010 ਅਨੁਸਾਰ ਰਕਬਾ 08 ਮਰਲਾ 181 ਵਰਗ ਫੁੱਟ (30 ਫੁੱਟ × 61-3 ਇੰਚ) (1 ਮਰਲਾ=207 ਵਰਗ ਫੁੱਟ) ਅਤੇ ਖੇਵਟ/ਖਤੌਨੀ ਨੰਬਰ 6111/7629 ਖਸਰਾ ਨੰਬਰ 19986/13345(6-15), 13346(3-0), 13339 (0-13), 13347 (8-10), ਹੱਦਬਸਤ ਨੰਬਰ 307/5 ਜਮ੍ਹਾਂਬੰਦੀ 1999-2000, ਟਾਈਟਲ ਡੀਡ ਨੰਬਰ 5884 ਮਿਤੀ 07.10.2005 ਅਨੁਸਾਰ ਰਕਬਾ 11 ਮਰਲੇ 50 ਵਰਗ ਫੁੱਟ ( 38 × 61-3 ਇੰਚ)। ਮਾਲਕੀ ਸ੍ਰੀ ਪਵਨ ਕੁਮਾਰ ਅਤੇ ਲੇਟ ਸ੍ਰੀ ਪ੍ਰਵੇਸ਼ ਕੁਮਾਰ | ਏ) 01.07.2024<br>ਬੀ) ਰੁਪਏ 70,28,251.34+ ਭਵਿੱਖੀ ਵਿਆਜ 01.07.2024 ਤੋਂ ਲਾਗਤ ਅਤੇ ਖਰਚਿਆਂ ਸਮੇਤ ਕੁਲ ਅਦਾਇਗੀ ਤਕ<br>ਸੀ) 11.09.2024<br>ਡੀ) ਸੰਕੇਤਕ ਕਬਜ਼ਾ<br><br>ਏ) 01.07.2024<br>ਬੀ) ਰੁਪਏ 70,28,251.34+ ਭਵਿੱਖੀ ਵਿਆਜ 01.07.2024 ਤੋਂ ਲਾਗਤ ਅਤੇ ਖਰਚਿਆਂ ਸਮੇਤ ਕੁਲ ਅਦਾਇਗੀ ਤਕ<br>ਸੀ) 16.04.2025<br>ਡੀ) ਫਿਜ਼ੀਕਲ ਕਬਜ਼ਾ | Rs. 16,32,000/-<br>Rs. 1,63,200/-<br>Rs. 50,000/-<br><br>Rs. 58,37,000/-<br>Rs. 5,83,700/-<br>Rs. 1,00,000/- | 17.10.2025 at 11:00 am to 4:00 pm<br><br>17.10.2025 at 11:00 am to 4:00 pm | ਨਿੱਲ ਜਾਣਕਾਰੀ ਨਹੀਂ<br><br>ਨਿੱਲ ਜਾਣਕਾਰੀ ਨਹੀਂ |
| 2. | BANGA DANA MANDI (349900)<br>PUNBPARDEEP3499<br>ਸ੍ਰੀ ਪ੍ਰਦੀਪ ਸ਼ਾਹ (ਮੌਤ ਤੋਂ ਬਾਅਦ) ਪੁੱਤਰ ਸ੍ਰੀ ਸਰਲ ਸ਼ਾਹ ਅਤੇ ਮੈਸਰਜ਼ ਪ੍ਰਦੀਪ ਸਕਰੈਪ ਸਟੋਰ, ਪ੍ਰੋਪਰਾਈਟਰ ਪ੍ਰਦੀਪ ਸ਼ਾਹ (ਮੌਤ ਹੋ ਚੁੱਕੀ) ਰਾਹੀਂ ਇਸ ਦੇ ਸਾਰੇ ਕਾਨੂੰਨੀ ਵਾਰਿਸਾਂ ਸ੍ਰੀਮਤੀ ਲਲਿਤਾ ਦੇਵੀ (ਪਤਨੀ), ਮਿਸਟਰ ਰਾਜ ਕੁਮਾਰ (ਪੁੱਤਰ),ਮਿਸਟਰ ਰਕੇਸ਼ ਕੁਮਾਰ (ਪੁੱਤਰ) ਮਿਸ ਸ਼ਾਰਦਾ (ਧੀ), ਮਿਸ ਸਰੀਤਾ (ਧੀ) ਅਤੇ ਸ੍ਰੀਮਤੀ ਲਲਿਤਾ ਦੇਵੀ ਪਤਨੀ ਮਿਸਟਰ ਪ੍ਰਦੀਪ ਸ਼ਾਹ , ਪਤਾ - ਵਾਸੀ 9-276-2, ਆਦਰਸ਼ ਨਗਰ ਬੰਗਾ, ਨਵਾਂਸ਼ਹਿਰ, ਪੰਜਾਬ-144505, ਐੱਫ ਸੀ ਆਈ ਸਟੋਰ, ਚਰਨ ਕਮਲ ਰੋਡ ਬੰਗਾ ਐੱਸ ਬੀ ਐੱਸ ਨਗਰ ਦੇ ਪਿਛਲੇ ਪਾਸੇ। | ਰਿਹਾਇਸ਼ੀ ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ ਰਕਬਾ 7 ਐੱਮ-5 1/2, ਸਰਸਾਈ 137/24948, ਹਿੱਸਾ ਕੁਲ ਜ਼ਮੀਨ 69 ਕੇ-6 ਐੱਮ ਖਸਰਾ ਨੰਬਰ 17//9/1 (5-3), 10/3(7-4), 18//5/3 (1-2), 6(8-0), 7(8-0), 8 (8-0), 12/1(3-5), 13/2 (1-12), 13/3 (5-0) 14 (8-0), 15 (8-0), 17/2 (6-0) ਟੀ ਡੀ ਨੰਬਰ 2373 ਮਿਤੀ 4/3/2014 ਅਨੁਸਾਰ ਜਿੰਦੋਵਾਲ, ਤਹਿਸੀਲ ਬੰਗਾ, ਜ਼ਿਲ੍ਹਾ ਐੱਸ ਬੀ ਐੱਸ ਨਗਰ ਨਵਾਂਸ਼ਹਿਰ ਜੋ ਕਿ ਸ੍ਰੀ ਪ੍ਰਦੀਪ ਸ਼ਾਹ ਪੁੱਤਰ ਸ੍ਰੀ ਸਰਲ ਸ਼ਾਹ ਅਤੇ ਸ੍ਰੀਮਤੀ ਲਲਿਤਾ ਦੇਵੀ ਪਤਨੀ ਸ੍ਰੀ ਪ੍ਰਦੀਪ ਸ਼ਾਹ ਦੇ ਨਾਂਅ ਹੈ ਐਕਸਟੈਨਸ਼ਨ ਈ ਐੱਮ ਇਨ ਏ/ਸੀ ਮੈਸਰਜ਼ ਦੀਪ ਸਕਰੈਪ ਸਟੋਰ | ਏ) 13.04.2023<br>ਬੀ) ਰੁਪਏ 38,96,948.32+ ਭਵਿੱਖੀ ਵਿਆਜ 13.04.2023 ਤੋਂ ਸਮੇਤ ਲਾਗਤ ਤੇ ਖਰਚੇ ਮੁਕੰਮਲ ਅਦਾਇਗੀ ਤੱਕ<br>ਸੀ) 08.02.2024<br>ਡੀ) ਫਿਜ਼ੀਕਲ ਕਬਜ਼ਾ | Rs. 33,24,000/-<br>Rs. 3,33,000/-<br>Rs. 50,000/- | 17.10.2025 at 11:00 am to 4:00 pm | ਰੁਪਏ 6.50 ਲੱਖ ਪੀ ਐੱਸ ਪੀ ਸੀ ਐੱਲ ਚਾਰਜ ਵਾਸਤੇ |
| 3. | PNB- 035800-NAKODAR MAIN<br>PUNB035800POONAM<br>ਸ੍ਰੀਮਤੀ ਪੂਨਮ ਜੋਸ਼ੀ ਪਤਨੀ ਸ੍ਰੀ ਜਗਦੀਸ਼ ਜੋਸ਼ੀ ਡੀ ਏ ਵੀ ਕਾਲਜ ਨੇੜੇ ਆਰੀਆ ਸਕੂਲ ਦੇ ਪਿਛਲੇ ਪਾਸੇ ਜਲੰਧਰ-144040 (ਕਰਜ਼ਦਾਰ)<br>ਸ੍ਰੀ ਰੋਹਿਤ ਕੁਮਾਰ ਡੀ ਏ ਵੀ ਕਾਲਜ ਨੇੜੇ ਆਰੀਆ ਸਕੂਲ ਦੇ ਪਿਛਲੇ ਪਾਸੇ ਜਲੰਧਰ-144040 (ਸਹਿ-ਕਰਜ਼ਦਾਰ) | ਜਾਇਦਾਦ ਦਾ ਉਚਿਤ ਗਿਰਵੀਨਾਮਾ ਰਕਬਾ 5 ਮਰਲਾ 5/895 ਹਿੱਸਾ ਜ਼ਮੀਨ ਰਕਬਾ 44 ਕੇ-15 ਐੱਮ ਖਸਰਾ/ਖਤੌਨੀ ਨੰਬਰ 50/51, 145/177, 145/1/177/1 ਖਸਰਾ ਨੰਬਰ 15//21/2 (1-11), 22/5/2 (0-16), 16//25/2 (0-7), 21/5/2 (0-15), 22//1 (7-16), 2/1/2 (6-2), 8/2 (2-2), 9/1 (0-5), 9/2 (4-9), 10/2 (3-1), 10/3 (2-16), 20/1/1 (4-4), 21//6/1 (1-1), 15/1 (0-7), 22//19/2/1 (1-13), 11/1 (7-10) ਪਿੰਡ ਸ਼ਾਰਕਪੁਰ ਐੱਚ.ਬੀ. ਨੰਬਰ 24, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ,ਮਾਲਕ ਤੇ ਕਾਬਜ਼ਕਾਰ ਸ੍ਰੀਮਤੀ ਪੂਨਮ ਰਾਣੀ ਪੁੱਤਰੀ ਜਗਦੀਸ਼ ਜੋਸ਼ੀ | ਏ) 17.05.2022<br>ਬੀ) ਰੁ. 18,64,945.70+ ਭਵਿੱਖੀ ਵਿਆਜ 01.04.2022 ਤੋਂ ਲਾਗਤ ਤੇ ਖਰਚਿਆਂ ਸਮੇਤ ਕੁਲ ਅਦਾਇਗੀ ਤੱਕ<br>ਸੀ) 05.01.2023<br>ਡੀ) ਫਿਜ਼ੀਕਲ ਕਬਜ਼ਾ | Rs. 9,00,000/-<br>Rs. 90,000/-<br>Rs. 50,000/- | 17.10.2025 at 11:00 am to 4:00 pm | ਨਿੱਲ ਜਾਣਕਾਰੀ ਨਹੀਂ |
| 4. | PNB- 299900-JALANDHAR,IBB<br>PUNB299900REXON1<br>ਮੈਸਰਜ਼ ਰੈਕਸਨ ਲੈਬਾਰਟਰੀਜ਼ ਲਿਮਟਿਡ ਪਤਾ-ਡੀ-5 ਸਪੋਰਟਸ ਐਂਡ ਸਰਜੀਕਲ ਕੰਪਕੈਲਸ, ਕਪੂਰਥਲਾ ਰੋਡ, ਜਲੰਧਰ-144021 ਸ੍ਰੀ ਰਾਕੇਸ਼ ਸ਼ਰਮਾ ਪੁੱਤਰ ਸ੍ਰੀ ਵਜ਼ੀਰ ਚੰਦ,ਸ੍ਰੀ ਪੰਕਜ ਸ਼ਰਮਾ ਪੁੱਤਰ ਸ੍ਰੀ ਰਾਕੇਸ਼ ਸ਼ਰਮਾ, ਸ੍ਰੀ ਕਰਨ ਸ਼ਰਮਾ ਪੁੱਤਰ ਸ੍ਰੀ ਵਿਜੇ ਭਾਰਤ (ਡਾਇਰੈਕਟਰ/ਗਰੰਟਰ) ਪਤਾ ਮਕਾਨ ਨੰਬਰ 96, ਸ਼ਹੀਦ ਊਧਮ ਸਿੰਘ ਨਗਰ, ਜਲੰਧਰ<br>ਸ੍ਰੀਮਤੀ ਅਰੁਣਾ ਸ਼ਰਮਾ ਪਤਨੀ ਸ੍ਰੀ ਰਾਕੇਸ਼ (ਗਰੰਟਰ)<br>ਸ੍ਰੀ ਅਦਿਤਿਯਾ ਸ਼ਰਮਾ (ਗਰੰਟਰ)<br>ਮੈਸਰਜ਼ ਆਰ.ਕੇ.ਫ਼ਾਰਮਾਸਿਊਟੀਕਲਜ਼ (ਗਰੰਟਰ)<br>ਮੈਸਰਜ਼ ਪ੍ਰਿਆ ਰਬੜ ਐਂਡ ਪਲਾਸਟਿਕ ਇੰਡਸਟਰੀਜ਼ (ਗਰੰਟਰ) | 1. ਲੀਜ਼ ਜਾਇਦਾਦ ਦਾ ਉਚਿਤ ਗਿਰਵੀਨਾਮਾ ਸਮੁੱਚਾ ਫੈਕਟਰੀ ਜ਼ਮੀਨ ਤੇ ਬਿਲਡਿੰਗ ਦਾ ਹਿੱਸਾ ਪਲਾਟ ਡੀ-3,4 ਅਤੇ 5 ਸਪੋਰਟਸ ਐਂਡ ਸਰਜੀਕਲ ਕੰਪਲੈਕਸ , ਕਪੂਰਥਲਾ ਰੋਡ ਜਲੰਧਰ ਰਕਬਾ 1247.42 ਵਰਗ ਗਜ਼ (49.90 ਮਰਲਾ) ਜੋ ਕਿ ਮੈਸਰਜ਼ ਪ੍ਰਿਆ ਡਰੱਗਜ਼ ਲਿਮਟਿਡ (ਰੈਕਸਨ ਲਿਬਾਰਟਰੀਜ਼ ਲਿਮਟਿਡ) ਦੇ ਨਾਂਅ ਹੈ ਲੀਜ਼ ਡੀਡ ਨੰਬਰ 6750 ਮਿਤੀ 25.09.1995 ਜੋ ਕਿ ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਦੁਆਰਾ ਕੀਤੀ ਗਈ। | ਏ) 15.03.2023<br>ਬੀ) ਰੁ.10.73,13,685.27+ ਭਵਿੱਖੀ ਵਿਆਜ 28.02.2023 ਤੋਂ ਲਾਗਤ ਅਤੇ ਖਰਚਿਆਂ ਸਮੇਤ ਪੂਰੀ ਅਦਾਇਗੀ ਤੱਕ<br>ਸੀ) 23.05.2023<br>ਡੀ) ਸੰਕੇਤਕ ਕਬਜ਼ਾ | Rs. 2,25,06,000/-<br>Rs. 22,50,600/-<br>Rs. 2,00,000/- | 17.10.2025 at 11:00 am to 4:00 pm | ਨਿੱਲ ਜਾਣਕਾਰੀ ਨਹੀਂ |

**ਨਿਯਮ ਅਤੇ ਸ਼ਰਤਾਂ: ਵਿਕਰੀ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 'ਚ ਦਰਸਾਈਆਂ ਸ਼ਰਤਾਂ ਤੇ ਨਿਯਮਾਂ ਅਤੇ ਹੇਠਾਂ ਦਰਸਾਈਆਂ ਹੋਰ ਸ਼ਰਤਾਂ ਅਨੁਸਾਰ ਹੋਵੇਗੀ :**
1. ਜਾਇਦਾਦਾਂ ਦੀ ਵਿਕਰੀ "ਜਿਵੇਂ ਹੈ, ਜਿਥੇ ਹੈ" ਅਤੇ "ਜਿਵੇਂ ਹੈ ਜੋ ਹੈ" ਅਤੇ "ਉਥੇ ਜੋ ਵੀ ਹੈ, ਦੇ ਅਧਾਰ" 'ਤੇ ਹੋਵੇਗੀ। 2.ਉਪਰੋਕਤ ਦਰਸਾਈ ਸਾਰਣੀ 'ਚ ਸਕਿਉਰਡ ਐੱਸਟਸ ਦੇ ਦੱਸੇ ਗਏ ਵੇਰਵੇ ਅਧਿਕਾਰਤ ਅਫਸਰ ਦੀ ਬਿਹਤਰ ਜਾਣਕਾਰੀ ਅਨੁਸਾਰ ਹਨ ਪ੍ਰੰਤੂ ਇਸ ਐਲਾਨਨਾਮੇ 'ਚ ਅਧਿਕਾਰਤ ਅਫਸਰ ਕਿਸੇ ਭੁੱਲ, ਗਲਤ ਬਿਆਨੀ ਜਾਂ ਗਲਤੀ ਲਈ ਜਵਾਬਦੇਹ ਨਹੀਂ ਹੋਵੇਗਾ। 3. ਈ ਐੱਮ ਡੀ ਨਿਲਾਮੀ ਤੋਂ ਇਕ ਦਿਨ ਪਹਿਲਾਂ ਤੱਕ ਜਮ੍ਹਾਂ ਕਰਵਾਈ ਜਾ ਸਕੇਗੀ। 4. ਵਿਕਰੀ ਨਿਮਨਹਸਤਾਖਰੀ ਵੱਲੋਂ ਵੈੱਬਸਾਈਟ https://baanknet.com 'ਤੇ ਮੁਹੱਈਆ ਈ-ਨਿਲਾਮੀ ਪਲੇਟਫਾਰਮ ਰਾਹੀਂ 17-10-2025 ਨੂੰ ਸਵੇਰ ਦੇ 11.00 ਵਜੇ ਤੋਂ ਸ਼ਾਮ ਦੇ 04.00 ਵਜੇ ਤੱਕ ਕਰਵਾਈ ਜਾਵੇਗੀ। 5. ਵਿਕਰੀ ਦੀਆਂ ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ https://baanknet.com ਅਤੇ www.pnbindia.in ਦਾ ਹਵਾਲਾ ਲਿਆ ਜਾਵੇ।

ਮਿਤੀ : 20-09-2025
ਸਥਾਨ : ਜਲੰਧਰ

ਅਧਿਕਾਰਤ ਅਫਸਰ
ਪੰਜਾਬ ਨੈਸ਼ਨਲ ਬੈਂਕ, ਸਕਿਉਰਡ ਕ੍ਰੈਡਿਟਰ

**ਸਰਫੇਸੀ ਐਕਟ, 2002 ਦੇ ਰੂਲ 8(6) ਤਹਿਤ ਵਿਧਾਨਕ ਵਿਕਰੀ ਨੋਟਿਸ**

# ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਪਹਿਲੇ ਹੀ ਦਿਨ 2100 ਲਾਭਪਾਤਰੀਆਂ ਦੇ ਨਾਂਅ ਦਰਜ



ਝਬਾਲ (ਹਰਜਿੰਦਰ ਸਿੰਘ ਸੋਨੀ)-ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਅਤੇ ਡਿਪਟੀ ਮੈਡੀਕਲ ਕਮਿਸ਼ਨਰ ਜ਼ਿਲ੍ਹਾ ਤਰਨ ਤਾਰਨ ਡਾ. ਰੂਪਮ ਚੌਧਰੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾ. ਰਾਜੂ ਚੌਹਾਨ ਦੀ ਯੋਗ ਅਗਵਾਈ ਹੇਠ ਬਲਾਕ ਝਬਾਲ ਅਧੀਨ ਵੱਖ-ਵੱਖ ਪਿੰਡਾਂ ਵਿੱਚ ਵਿਸ਼ੇਸ਼ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ।ਡਾ. ਰਾਜੂ ਚੌਹਾਨ ਨੇ ਵੱਖ-ਵੱਖ ਪਿੰਡਾਂ ਵਿੱਚ ਕੈਂਪਾਂ ਬਾਰੇ ਅਨਾਊਂਸਮੈਂਟ ਕਰਵਾਉਣ ਲਈ ਵਧੀਕਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ ਪੰਜਾਬ ਸਰਕਾਰ ਵੱਲੋਂ ਲਾਭਪਾਤਰੀਆਂ ਨੂੰ ਪੰਜਾਬ ਦੇ ਸਾਰੇ ਸੂਚੀਬੱਧ ਹਸਪਤਾਲਾਂ (ਸਰਕਾਰੀ ਅਤੇ ਨਿੱਜੀ) ਵਿੱਚ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦੀ ਮੁਫ਼ਤ ਹਸਪਤਾਲ ਕਵਰੇਜ ਪ੍ਰਦਾਨ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਪਹਿਲੇ ਦਿਨ ਹੀ ਝਬਾਲ ਬਲਾਕ ਅਧੀਨ 25 ਕੈਂਪ ਲਗਾਏ ਗਏ ਜਿਨ੍ਹਾਂ ਵਿੱਚ ਲੱਗਭੱਗ 2100 ਲਾਭਪਾਤਰੀਆਂ ਦੇ ਨਾਂਅ ਦਰਜ ਕੀਤੇ ਗਏ। ਡਾ. ਚੌਹਾਨ ਨੇ ਦੱਸਿਆ ਕਿ ਬਲਾਕ ਦੇ 58 ਪਿੰਡਾਂ ਵਿੱਚ 23 ਤੋਂ 29 ਸਤੰਬਰ ਤੱਕ ਕੈਂਪ ਲਗਾਏ ਜਾਣਗੇ। ਉਨ੍ਹਾਂ ਅਪੀਲ ਕੀਤੀ ਕਿ ਵੱਧ ਤੋਂ ਵੱਧ ਲੋਕ ਇਨ੍ਹਾਂ ਕੈਂਪਾਂ ਵਿੱਚ ਅਸਾਨ ਪ੍ਰਕਿਰਿਆ ਰਾਹੀਂ ਰਜਿਸਟਰੇਸ਼ਨ ਕਰਵਾ ਕੇ ਇਸ ਯੋਜਨਾ ਦਾ ਲਾਭ ਲੈਣ।ਇਨ੍ਹਾਂ ਕੈਂਪਾਂ ਦੇ ਚਲਦਿਆਂ ਜੱਚਾ-ਬੱਚਾ ਦੀ ਸਿਹਤ ਸੁਰੱਖਿਆ ਲਈ ਬਲਾਕ ਅਧੀਨ ਟੀਕਾਕਰਣ ਮੁਹਿੰਮ ਨੂੰ ਵੀ ਜਾਰੀ ਰੱਖਿਆ ਜਾ ਰਿਹਾ ਹੈ।ਇਸ ਮੌਕੇ ਡਾ. ਚੌਹਾਨ ਨਾਲ ਸੀਐੱਚਸੀ ਝਬਾਲ ਦਾ ਸਮੂਹ ਮੈਡੀਕਲ ਅਤੇ ਪੈਰਾ ਮੈਡੀਕਲ ਸਟਾਫ ਹਾਜ਼ਰ ਸੀ।

## ਹੜ੍ਹ ਪੀੜਤਾਂ ਵਾਸਤੇ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਗਾਇਆ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਹੜ੍ਹ ਪੀੜਤਾਂ ਲਈ ਡੇਰਾ ਬਿਆਸ ਵੱਲੋਂ ਡੇਰਾ ਬਾਬਾ ਨਾਨਕ ਦੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਵਿਖੇ ਫਰੀ ਮੈਡੀਕਲ ਕੈਂਪ ਲਗਾਇਆ ਗਿਆ।ਇਸ ਕੈਂਪ ਵਿੱਚ 200 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ ਸਾਰੇ ਹੀ ਮਰੀਜ਼ਾਂ ਨੂੰ ਫਰੀ ਦਵਾਈਆਂ ਵੰਡੀਆਂ ਗਈਆਂ।ਇਹ ਕੈਂਪ ਡੇਰਾ ਬਾਬਾ ਨਾਨਕ ਦੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਗੁਰਦੁਆਰਾ ਭਗਤ ਰਵਿਦਾਸ ਤੋਂ ਇਲਾਵਾ ਧੁੱਸੀ ਬੰਨ੍ਹ ਅਤੇ ਘੋਨੇ ਬੇਟ ਆਦਿ ਪਿੰਡਾਂ ਵਿੱਚ ਲਗਾਏ ਗਏ। ਕੈਂਪਾਂ ਵਿੱਚ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦਾ ਸੁਨੇਹਾ ਸੀ ਕਿ ਮਾਨਵਤਾ ਦੀ ਸੇਵਾ ਲਈ ਡੇਰਾ ਬਿਆਸ ਹਮੇਸ਼ਾ ਤਿਆਰ ਬਰ ਤਿਆਰ ਹੈ।

## ਗੁਰੂ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ 'ਚ ਪਹਿਲਾ ਵਿਸ਼ਵ ਪੰਜਾਬੀ ਦਿਵਸ ਮਨਾਇਆ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਗੁਰੂ ਤੇਗ ਬਹਾਦਰ ਇੰਟਰਨੈਸ਼ਨਲ (ਜੀਟੀਬੀਆਈ) ਸਕੂਲ ਕਲਿਆਣਪੁਰ (ਧਾਰੀਵਾਲ) ਵਿਖੇ 'ਵਿਸ਼ਵ ਪੰਜਾਬੀ ਦਿਵਸ' ਬੜੀ ਧੂਮ-ਧਾਮ ਨਾਲ ਮਨਾਇਆ। ਇਸ ਵਿਸ਼ੇਸ਼ ਦਿਨ 'ਤੇ ਸਕੂਲ ਦੇ ਸਮੂਹ ਵਿਦਿਆਰਥੀਆਂ, ਅਧਿਆਪਕਾਂ ਅਤੇ ਪ੍ਰਬੰਧਕੀ ਸਟਾਫ ਨੇ ਇਕੱਠੇ ਹੋ ਕੇ ਪੰਜਾਬੀ ਭਾਸ਼ਾ ਦੀ ਅਮੀਰ ਵਿਰਾਸਤ ਨੂੰ ਯਾਦ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਸੁਰਜੀਤ ਸਿੰਘ ਅਤੇ ਪ੍ਰਿੰ. ਸੈਮੂਅਲ ਦਾਸ ਨੇ ਦੱਸਿਆ ਕਿ ਇਹ ਸਮਾਗਮ ਪੰਜਾਬੀ ਸੱਭਿਆਚਾਰ ਅਤੇ ਸਾਹਿਤ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਇੱਕ ਪ੍ਰਣ ਹੈ। ਪ੍ਰਿੰ. ਸੈਮੂਅਲ ਦਾਸ ਨੇ ਕਿਹਾ ਕਿ ਅੱਜ ਦੇ ਦਿਨ ਅਸੀਂ ਆਪਣੇ ਵਿਦਿਆਰਥੀਆਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਆਪਣੀ ਮਾਂ-ਬੋਲੀ ਨਾਲ ਜੁੜੇ ਰਹਿਣਾ ਕਿੰਨਾ ਜ਼ਰੂਰੀ ਹੈ, ਕਿਉਂਕਿ ਇਹ ਸਾਡੀ ਪਛਾਣ ਦਾ ਇੱਕ ਅਹਿਮ ਹਿੱਸਾ ਹੈ ਅਤੇ ਇਸ ਨੂੰ ਬਚਾਉਣਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ। ਇਸ ਮੌਕੇ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਪੰਜਾਬੀ ਕਵਿਤਾ, ਭਾਸ਼ਣ ਅਤੇ ਲੋਕ ਗੀਤ ਪੇਸ਼ ਕਰਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਸ ਸਬੰਧੀ ਕੋਆਰਡੀਨੇਟਰ ਮਨਪ੍ਰੀਤ ਕੌਰ (ਜੂਨੀਅਰ ਵਿੰਗ) ਨੇ ਦੱਸਿਆ ਕਿ ਇਹ ਦਿਵਸ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਮਨਾਇਆ ਗਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਦੇ ਮਹੱਤਵ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੀ ਮਾਂ-ਬੋਲੀ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਸ ਪ੍ਰੋਗਰਾਮ ਦੀ ਤਿਆਰੀ ਅਧਿਆਪਕ ਕੁਲਵਿੰਦਰ ਕੌਰ ਨੇ ਕਰਵਾਈ। ਅੰਤ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ।

## ਯੂਬੀਡੀ ਵੱਲੋਂ ਗੁਣਕਾਰੀ 'ਮਾਧਵਨ' ਲਾਂਚ

ਜਲੰਧਰ : ਉੱਪਲ ਬਰੂਅਰਜ਼ ਐਂਡ ਡਿਸਟਿਲਰਜ਼ (ਯੂਬੀਡੀ) ਨੇ 'ਮਾਧਵਨ' ਪੇਸ਼ ਕੀਤਾ ਹੈ ਜੋ ਕਿ ਪੰਜਾਬ ਨੂੰ ਮੇਕ ਇਨ ਇੰਡੀਆ ਦੇ ਨਕਸ਼ੇ 'ਤੇ ਲਿਆਉਣ ਲਈ ਤਿਆਰ ਕੀਤਾ ਗਿਆ ਹੈ।750 ਮਿ. ਲੀ. ਦੀ ਬੋਤਲ, ਜਿਸਦੀ ਕੀਮਤ 1,000 ਰੁਪਏ ਹੈ ਅਤੇ 42.8% ਏਬੀਵੀ ਹੈ।ਵਰਤਮਾਨ ਵਿੱਚ ਲੁਧਿਆਣਾ, ਜਲੰਧਰ, ਪਟਿਆਲਾ, ਮੋਹਾਲੀ, ਅੰਮ੍ਰਿਤਸਰ ਅਤੇ ਦਿੱਲੀ ਦੇ ਚੋਣਵੇਂ ਆਊਟਲੈੱਟਾਂ ਵਿੱਚ ਇਹ ਉਪਲਬਧ ਹੈ ਅਤੇ ਸਾਲ ਦੇ ਅੰਤ ਤੱਕ ਇਸ ਬਰਾਂਡ ਨੂੰ ਹੋਰ ਸ਼ਹਿਰਾਂ ਵਿੱਚ ਵੀ ਮੁਹੱਈਆ ਕਰਵਾਉਣ ਦੀ ਯੋਜਨਾ ਹੈ।'ਮਾਧਵਨ' ਨਾਂਅ ਸੰਸਕ੍ਰਿਤ ਤੋਂ ਲਿਆ ਗਿਆ ਹੈ, ਜਿਸਦਾ ਅਰਥ ਹੈ ਜੰਗਲ ਦਾ ਸ਼ਹਿਦ।ਸਹਿ-ਮਾਲਕ ਕਾਨ੍ਹਵ ਉੱਪਲ ਨੇ ਕਿਹਾ ਕਿ ਕੰਪਨੀ ਦਾ ਉਦੇਸ਼ ਵਿਸ਼ਵ ਪੱਧਰ 'ਤੇ ਭਾਰਤੀ ਉਤਪਾਦਾਂ ਲਈ ਇੱਕ ਪ੍ਰੀਮੀਅਮ ਪਛਾਣ ਬਣਾਉਣਾ ਹੈ।ਸੀਈਓ ਅੰਕੁਰ ਸਚਦੇਵਾ ਨੇ ਕਿਹਾ ਕਿ ਆਧੁਨਿਕ ਭਾਰਤੀ ਖਪਤਕਾਰ ਅਜਿਹੇ ਬ੍ਰਾਂਡਾਂ ਦੀ ਭਾਲ ਕਰਦੇ ਹਨ ਜੋ ਗੁਣਵੱਤਾ ਨੂੰ ਸੱਭਿਆਚਾਰਕ ਪਛਾਣ ਨਾਲ ਜੋੜਦੇ ਹਨ ਅਤੇ ਮਾਧਵਨ ਉਸ ਪਛਾਣ ਦਾ ਲਖਾਇਕ ਹੈ।

## ਬਾਬਾ ਬੰਦਾ ਸਿੰਘ ਬਹਾਦਰ ਸਕੂਲ ਧਾਰੀਵਾਲ ਵਿਖੇ ਮਨਾਇਆ ਵਿਸ਼ਵ ਪੰਜਾਬੀ ਦਿਹਾੜਾ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਵਿਸ਼ਵ ਪੰਜਾਬੀ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਡਵਿਨਿਟੀ ਦੇ ਮੈਡਮ ਕੰਵਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਬੋਲਣ, ਪੜ੍ਹਨ ਅਤੇ ਲਿਖਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਪੰਜਾਬੀ ਸਾਡੀ ਮਾਂ-ਬੋਲੀ ਹੈ ਅਤੇ ਸਾਨੂੰ ਇਸ ਨੂੰ ਬੋਲਣ ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ। ਸਕੂਲ ਵਿੱਚ ਸਾਰੇ ਵਿਦਿਆਰਥੀ ਪੰਜਾਬੀ ਪਹਿਰਾਵੇ ਵਿੱਚ ਆਏ। ਨਰਸਰੀ ਦੇ ਵਿਦਿਆਰਥੀਆਂ ਦਾ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ, ਐੱਲਕੇਜੀ ਦਾ ਗੁਰਮੁਖੀ ਲਿਪੀ ਯੂਕੇਜੀ ਦਾ ਸ਼ਬਦ ਜੋੜ, ਪਹਿਲੀ ਜਮਾਤ ਦਾ ਬੋਲ ਲਿਖਤ, ਦੂਜੀ ਜਮਾਤ ਦਾ ਅੱਖਰਕਾਰੀ ਸ਼ਬਦ, ਤੀਜੀ ਜਮਾਤ ਦਾ ਪੰਜਾਬੀ ਭਾਸ਼ਾ ਵਿੱਚ ਨਾਅਰੇ ਲਿਖਣ ਦਾ ਮੁਕਾਬਲਾ ਕਰਵਾਇਆ ਗਿਆ। ਪ੍ਰਿੰ. ਕਿਰਨ ਕੇਸਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦੇਸ਼ਾਂ ਵਿਦੇਸ਼ਾਂ ਵਿੱਚ ਪਹਿਲੀ ਵਾਰ ਵਿਸ਼ਵ ਪੰਜਾਬੀ ਦਿਵਸ ਮਨਾਉਣ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਮਾਂ-ਬੋਲੀ ਪੰਜਾਬੀ ਦੇ ਵਾਰਿਸ ਹੋਣ ਦੇ ਨਾਤੇ 23 ਸਤੰਬਰ ਨੂੰ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਪੰਜਾਬੀ ਦਿਵਸ ਮਨਾਈਏ। ਸਦੀਆਂ ਤੋਂ ਪੰਜਾਬੀਆਂ ਦੀ ਸੱਭਿਆਚਾਰਕ ਅਤੇ ਸਾਹਿਤਕ ਬੋਲੀ ਦਾ ਹੱਕ ਬਣਦਾ ਹੈ ਕਿ ਵਿਸ਼ਵ ਵਿੱਚ ਵੱਸਦੇ ਸਮੂਹ ਪੰਜਾਬੀ ਹਰ ਸਾਲ ਇੱਕ ਦਿਨ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਉਣ। ਪ੍ਰਿੰ. ਕਿਰਨ ਕੇਸਰ ਵੱਲੋਂ ਪੰਜਾਬੀ ਭਾਸ਼ਾ ਦਿਵਸ 'ਤੇ ਵਿਦਿਆਰਥੀਆਂ ਅਤੇ ਸਕੂਲ ਪ੍ਰਬੰਧਕਾਂ ਨੂੰ ਮੁਬਾਰਕਬਾਦ ਦਿੱਤੀ ਗਈ।

## ਕੇਂਦਰ ਨੇ ਜੀ ਐੱਸ ਟੀ ਦਰਾਂ 'ਚ ਕਟੌਤੀ ਕਰਕੇ ਹਰ ਵਰਗ ਨੂੰ ਦਿੱਤੀ ਵੱਡੀ ਰਾਹਤ : ਮਹਾਜਨ

ਬਟਾਲਾ, (ਤਰਲੋਕ ਬੱਗਾ)-ਜ਼ਿਲ੍ਹਾ ਭਾਜਪਾ ਦਫਤਰ ਵਿਖੇ ਪ੍ਰਧਾਨ ਹਰਸਿਮਰਨ ਸਿੰਘ ਹੀਰਾ ਵਾਲਿਆ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ ਜਿਸ ਵਿਚ ਮੁਕੇਰੀਆਂ ਤੋਂ ਭਾਜਪਾ ਦੇ ਵਿਧਾਇਕ ਜੰਗੀ ਲਾਲ ਮਹਾਜਨ ਮੁੱਖ ਤੌਰ 'ਤੇ ਪਹੁੰਚੇ।ਇਸ ਮੌਕੇ ਜੰਗੀ ਲਾਲ ਮਹਾਜਨ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਜੀਐੱਸਟੀ ਦਰਾਂ ਵਿੱਚ ਕਟੌਤੀ ਕਰਕੇ ਆਮ ਵਰਗ ਅਤੇ ਵਪਾਰੀ ਵਰਗ ਨੂੰ ਵੱਡੀ ਰਾਹਤ ਦਿੱਤੀ ਗਈ ਹੈ। ਜ਼ਿਲ੍ਹਾ ਭਾਜਪਾ ਪ੍ਰਧਾਨ ਹਰਸਿਮਰਨ ਸਿੰਘ ਹੀਰਾ ਵਾਲੀਆ ਨੇ ਕਿਹਾ ਕਿ ਮੋਦੀ ਸਰਕਾਰ ਨੇ ਹਮੇਸ਼ਾ ਲੋਕਾਂ ਦੇ ਹਿੱਤਾਂ 'ਚ ਕੰਮ ਕੀਤਾ। ਹੀਰਾ ਵਾਲੀਆ ਨੇ ਇਸ ਮੌਕੇ ਪ੍ਰਧਾਨ ਮੰਤਰੀ ਦਾ ਜੀਐੱਸਟੀ ਦੀਆਂ ਦਰਾਂ ਵਿੱਚ ਕਟੌਤੀ ਕਰਨ ਲਈ ਧੰਨਵਾਦ ਕੀਤਾ।ਇਸ ਮੌਕੇ ਜ਼ਿਲ੍ਹਾ ਜਨਰਲ ਸੈਕਟਰੀ ਰੋਸ਼ਨ ਲਾਲ, ਸ਼ਕਤੀ ਸ਼ਰਮਾ, ਭੂਸ਼ਨ ਬਜਾਜ, ਪੰਕਜ ਸ਼ਰਮਾ, ਬਲਵਿੰਦਰ ਕੁਮਾਰ ਮਹਿਤਾ, ਰੋਹਿਤ ਸ਼ੈਲੀ, ਵਿਜੇ ਭਾਟੀਆ, ਵਿੱਕੀ ਕੁਸ਼ਲ, ਗੁਰਿੰਦਰ ਸਿੰਘ, ਅਸ਼ੋਕ ਕੁਮਾਰ, ਸੂਰਜ ਸੂਰੀ, ਅੰਮ੍ਰਿਤ ਪਾਲ ਸਿੰਘ ਮਠਾਰੂ, ਬਾਲ ਕਿਸ਼ਨ, ਵਿਜੇ ਕੁਮਾਰ, ਗਣੇਸ਼ ਕੁਮਾਰ, ਰਾਜੂ, ਜਤਿੰਦਰ ਸ਼ਰਮਾ, ਧਰਮਿੰਦਰ ਕੁਮਾਰ, ਵਿਕਾਸ ਮਹਿਤਾ, ਸੰਦੀਪ ਆਜ਼ਾਦ, ਰਵਿੰਦਰ ਕੁਮਾਰ ਅਤੇ ਹੋਰ ਸੀਨੀਅਰ ਲੀਡਰ ਮੌਜੂਦ ਸਨ।

# ਕਲਾਸੀਫਾਈਡ ਇਸ਼ਤਿਹਾਰ

## Change of Name

I, Abhi Kumar S/o Rakesh Kumar R/o H.No.07/84, W.No.2, Chander Nagar, Murgi Mohalla, Batala, Gurdaspur have change my name from Abhi Kumar to Kumar is my surname and given name is Abhi.

I, Anita wife of Tarsem Vig R/o Village Adda Chabhal Tehsil & District Tarn Taran have changed my name from Anita to Anita Vig.

I, Pushwinder Singh S/o Kuljeet Singh R/o Labour Quarter No. 16, Aliwal, Tehsil Batala, Distt Gurdaspur. I have changed my Son name from Gurmehtab Singh to Gurmehtab Singh Randhawa. Please concerned note.

I, Banka Sham S/o Kedar Nath Ward 9, Garhdiwala, Tehsil Dasuya, Distt. Hoshiarpur, Punjab, I have changed name of my minor daughter from Bani to Bani Bhargava be treated in all documents. (Dogra)

We, Edify Constructions LLP, registered address, ES-66, Nakodar Road, Dhobi Mohalla, Distt. Jalandhar - 144001, Punjab have changed our name from Edify Constructions Pvt. ltd to Edify Constructions LLP. All note.

I Renu Bala alias Renu Gupta W/o Vipan Kumar alias Vipan Gupta. I Have Changed My Name Renu Bala Alias Renu Gupta To Renu Gupta. Plz Note.

I, Bimal Kumar S/o Ramesh Lal Mehta R/o 215, Gali No.5, Niwi Abadi, Amritsar have changed my name from Bimal Kumar to Bimal Kumar Mehta.

I, Narinder Kaur D/o Jasvir Singh resident of H.No. 13, Shahpur (Bechirag), Village-Aadhii, P.O- Kala Sanghian, Tehsil Nakodar, District Jalandhar-144823 have changed my name from NARINDER KAUR TO NINDER KAUR.

I, Harpreet Singh S/o Gurdev Singh, R/o Vill. Jodhe, Teh. Baba Bakala, Distt Amritsar-143204 (Punjab) have changed my name to Given name Harpreet, Surname Singh.

I, KAMALJIT SINGH S/O GURMAIL SINGH Resident at H.NO.188, Wazir Singh Enclave, Rama Mandi, Distt. Jalandhar, Punjab, 144007. Have changed the name of my minor daughter GURKIRET KAUR aged 14 Year and he shall hereafter be known as GURKIRAT KAUR.

I, Manmir Kaur D/o Sarjeet Singh Mahi R/o H. No. 26, Near Chadha Complex, Lajpat Nagar, Jalandhar have changed my name to Given Name As Manmir and Surname as Kaur. All Please Note.

I, Jagvinder Pal Kaur W/o Sarjeet Singh Mahi R/o H. No. 26, Near Chadha Complex, Lajpat Nagar, Jalandhar have changed my name to Given Name As Jagvinder Pal and Surname as Kaur. All Please Note.

I, Jasneeka Singh D/o Sarjeet Singh Mahi R/o H. No. 26, Near Chadha Complex, Lajpat Nagar, Jalandhar have changed my name to Given Name As Jasneeka and Surname as Singh. All Please Note.

I, Inderjeet Kaur D/o Mohinder Singh R/o H.No. 5, Saini Colony, Jalandhar, Punjab have changed my name from Inderjeet Kaur to Given Name as Inderjeet & Surname as Kaur. All concerned please note.

I, Ashmeet Singh S/o Sarabjit Singh R/o 309, New Jawahar Nagar, Jalandhar City-144001, Punjab have changed my name to Ashmeet Singh Arora. All concerned please note.

I, Sonia Verma wife of Satpal Verma resident of H.No. 11077, Gali No. 1, Vivek Nagar, Lamba Pind Road, Jalandhar, Punjab-144004 have changed the name of my minor son from Krishna (Age 14 Years) to Krishna Verma. All concerned please note.

I, Yadwinder Singh S/o S. Inderjit Singh R/o 210, Isherpuri Colony Near Urban Estate Phase II, 66' Road, Jalandhar, Punjab declare that I am father of Samraj Bir Pratap Singh, who was born on 14-10-2013 and is still minor. That now I want to spell out the name of my son as Samraaj Bir Prattap Singh instead of Samraj Bir Pratap Singh. Please Note.

I, Rachhpal Singh s/o Karamjit Singh r/o H.No.95, Gurjepal Nagar, Jalandhar, Punjab have changed my name to Rachpal Singh. All Please Note.

I, Jagjit Singh s/o Ram Singh r/o Vill. Mansurwal Bet, Po. Dhilwan, Kapurthala have changed my name to Jagjit Singh (Surname as Singh). All Please Note.

I, Rano Devi W/o Balwinder Singh R/o Ward No. 3, VPO. Gondpur Jaichand, Tehsil Haroli, Gondpur Jaichand, Dulehar, Una, Himachal Pradesh, 176601 have changed my name as Surinder Kaur. All Please Note.

I, Parmjit Kaur W/o Sukhwinder Singh R/o Ward No.14, Tikhowal Mohala, Mukerian, Hoshiarpur, Punjab-144211 have changed my name as Paramjit Kaur. All Please Note.

I, Kiran w/o Ram Chander r/o Near Mother Marry School, Shiv Nagar, Nagra Fatak Jalandhar have changed my name from Kiran to Nirmala. All Please Note.

I, Ranjit Kaur W/o Harjinder Singh R/o H.No.351, Po. Jandu Singha, Ghag Patti, Distt. Jalandhar have changed my name from Ranjit Kaur to Ranjeet Kaur. All Please Note.

I, Asha W/o Lachman Dass R/o H.No. 261, Deep Nagar, Jalandhar have changed my name from Asha to Asha Rani. All Please Note.

I, hitherto known as Yougesh S/o Sanjeev Kumar R/o H.No. 56, Kaki Pind, Ward No. 48,13, P.O. Dakoha, Jalandhar, Punjab 144023 have changed my name and shall hereafter be known as Yougesh Sharma.

I, Darshana Devi alias Darshan Kaur W/o Piara Singh R/o Mata Rani Road, Hadiabad, Phagwara Distt. Kapurthala have changed my name to Darshana Devi. All Please Note.

I, Manpreet Singh S/O Sukhdev Singh Residence of Village - Sarai, PO- Chor Sidhwan, Tehsil & District - Gurdaspur, State- Punjab, India Pincode - 143521. Have changed my name from Manpreet Singh to Singh Manpreet Surname as Singh and given name as Manpreet.

## Change of Name

I, Bikramjit Singh S/o Surinder Singh, R/o Vill. Bains Awan, Teh. Dasuya (Hoshiarpur) Punjab, have changed my name to Singh Bikramjit. All concerned please note.

I, Jasnahal Vir Singh S/o Swaran Singh R/o H.No. 20, Army Enclave, Phase-1, Vill. Dhina, Distt. Jalandhar, Punjab have changed my name to Given name as Jasnahal Vir & Surname as Singh. All Please Note.

I,Shubhpreet Singh S/o Nishan Singh R/O Vill Rosse, PO Pakiwan, Tehsil Kalanaur District Gurdaspur, Punjab, India Pin Code 143604, I Have changed my name from Shubhpreet Singh to Singh Shubhpreet, surname as Singh and given name as Shubhpreet.

I, JotPreet Kaur Goraya W/o Surinder Singh R/o Village Hardo Bathwala, Distt. Gurdaspur, Punjab-143521 have changed my name from JotPreet Kaur Goraya to JotPreet Kaur.

I, Surinder Goraya S/o Ajaib Singh R/o Village Hardo Bathwala, Distt. Gurdaspur, Punjab-143521 have changed my name from Surinder Goraya to Surinder Singh.

## PUBLIC NOTICE

This is to inform the public that Tagore Hospital & Heart Care Centre Pvt. Ltd. Banda Bahadur Nagar, Mahavir marg, Jalandhar 144008, will be discarding HR Record files dated before Year 2021. If anyone requires any documents or information from these records, kindly contact the HR Department or call 62839-96800 within 15 days (10th October, 2025) of this notice. After this period, the records will discarded.

I, Nirmal Chand S/o Darshan Lal R/O Will. Atta, P.O. Goraya, Teh. Phillaur, Distt. Jalandhar have declare that in My Passport my wife's name wrongly mentioned as Kashmiro, and on other documents Adhar Card, Pan Card, Samart Ration Card, my wife name is Kashmir Kaur, which is correct. All concerned please note.

I, Gurvail Singh S/o Rajdawinder Singh R/o Village Mallian Pakkian, P.O Dehriwal Daroga, Distt. Gurdaspur, Pin-143518 Punjab, India declare that my given name as Gurvail and my surname as Singh.

## ਆਮ ਸੂਚਨਾ

ਮੈਂ, ਸੁਰਜਨ ਸਿੰਘ ਪੁੱਤਰ ਨਾਜਰ ਸਿੰਘ ਵਾਸੀ ਪਿੰਡ ਦੇਵਲਾਂਵਾਲਾ, ਤਹਿਸੀਲ ਤੇ ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਗੁਰਪ੍ਰੀਤ ਸਿੰਘ ਅਤੇ ਉਸਦੀ ਪਤਨੀ ਗੁਰਪ੍ਰੀਰ ਕੌਰ ਨੂੰ ਮੇਰੇ ਕਹਿਣੇ ਵਿੱਚ ਨਾ ਹੋਣ ਕਰਕੇ ਮਿਤੀ 30-12-2013 ਨੂੰ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਗੁਰਪ੍ਰੀਤ ਸਿੰਘ ਅਤੇ ਉਸਦੀ ਪਤਨੀ ਗੁਰਪ੍ਰੀਰ ਕੌਰ ਮੇਰੇ ਕਹਿਣੇ ਵਿੱਚ ਹਨ। ਮੈਂ ਇਹਨਾਂ ਦੀ ਬੇਦਖਲੀ ਵਾਪਿਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ-ਅਚੱਲ ਜਾਇਦਾਦ ਦੇ ਵਾਰਿਸ ਹੋਣਗੇ। ਸਬੰਧਿਤ ਨੋਟ ਕਰਨ।

ਮੈਂ, ਅਮਰਜੀਤ ਸਿੰਘ ਪੁੱਤਰ ਕਰਤਾਰ ਸਿੰਘ, ਵਾਸੀ ਸੁਲਹਾਨੀ, ਤਹਿਸੀਲ ਵਾ ਜ਼ਿਲ੍ਹਾ ਫਿਰੋਜ਼ਪੁਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਧਰਮਜੀਤ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਸੁਧਰ ਗਿਆ ਹੈ ਅਤੇ ਮੇਰੇ ਕਹਿਣੇਕਾਰ ਹੈ। ਇਸ ਲਈ ਮੈਂ ਆਪਣੇ ਲੜਕੇ ਧਰਮਜੀਤ ਸਿੰਘ ਨੂੰ ਦਿੱਤਾ ਹੋਇਆ ਬੇਦਖਲੀ ਨੋਟਿਸ ਵਾਪਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ ਵਾ ਅਚੱਲ ਜਾਇਦਾਦ ਦਾ ਹੱਕਦਾਰ ਹੋਵੇਗਾ।

ਇਸ ਦਫ਼ਤਰ ਅਧੀਨ ਇੱਕ ਟਿਊਬਵੈੱਲ ਕੁਨੈਕਸ਼ਨ ਸ੍ਰੀ ਗੁਰਨਾਮ ਸਿੰਘ ਪੁੱਤਰ ਸ੍ਰੀ ਸੁਖਦੇਵ ਸਿੰਘ ਪਿੰਡ ਮਲਕੇ ਖਾਤਾ ਨੰ. ਏ ਪੀ 430176 ਐੱਫ ਚੱਲਦਾ ਹੈ।ਸ੍ਰੀ ਗੁਰਨਾਮ ਸਿੰਘ ਨੇ ਇਸ ਕੁਨੈਕਸ਼ਨ ਵਾਲੀ ਜ਼ਮੀਨ ਸ੍ਰੀ ਬਲਵੀਰ ਸਿੰਘ ਪੁੱਤਰ ਸ੍ਰੀ ਗੁਰਤੇਜ ਸਿੰਘ ਵਾਸੀ ਦਲੇਲੇਵਾਲਾ ਦੇ ਨਾਂਅ ਕਰਵਾ ਦਿੱਤੀ ਹੈ।ਇਸ ਲਈ ਹੁਣ ਇਹ ਕੁਨੈਕਸ਼ਨ ਸ੍ਰੀ ਗੁਰਨਾਮ ਸਿੰਘ ਦੇ ਇਸ ਕੁਨੈਕਸ਼ਨ ਵਾਲੀ ਜ਼ਮੀਨ ਸ੍ਰੀ ਬਲਵੀਰ ਸਿੰਘ ਪੁੱਤਰ ਸ੍ਰੀ ਗੁਰਤੇਜ ਸਿੰਘ ਵਾਸੀ ਦਲੇਲੇਵਾਲਾ ਦੇ ਨਾਂਅ ਤਬਦੀਲ ਕੀਤਾ ਜਾ ਰਿਹਾ ਹੈ।ਜੇਕਰ ਕਿਸੇ ਵਿਅਕਤੀ ਨੂੰ ਇਸ ਨਾਂਅ ਬਦਲੀ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ 30 ਦਿਨਾਂ ਦੇ ਅੰਦਰ-ਅੰਦਰ ਉਪ-ਮੰਡਲ ਅਫਸਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਿਡ, ਝੁਨੀਰ ਨੂੰ ਲਿਖਤੀ ਰੂਪ ਵਿਚ ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਵਿਚ ਕੀਤਾ ਗਿਆ ਇਤਰਾਜ਼ ਮੰਨਿਆ ਨਹੀਂ ਜਾਵੇਗਾ ਅਤੇ ਨਾਂਅ ਬਦਲੀ ਦੀ ਕਾਰਵਾਈ ਪੂਰੀ ਕਰ ਲਈ ਜਾਵੇਗੀ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: AP 30/0178Y ਉੱਤਮ ਸਿੰਘ ਪੁੱਤਰ ਬਲਵੰਤ ਸਿੰਘ ਪਿੰਡ ਰਾਮਪੁਰ ਦੇ ਨਾਅ ਹੈ। ਹੁਣ ਇਹ ਕੁਨੈਕਸ਼ਨ ਜਤਿੰਦਰ ਸਿੰਘ ਪੁੱਤਰ ਸੁਖਰਾਮ ਸਿੰਘ ਪਿੰਡ ਮੁਲਿਆਂਵਾਲ ਨੇ ਆਪਣੇ ਨਾਮ ਤਬਦੀਲ ਕਰਵਾਉਣਾ ਹੈ। ਇਤਰਾਜ਼ਕਰਤਾ 15 ਦਿਨਾਂ ਦੇ ਅੰਦਰ ਉਪ ਮੰਡਲ ਅਫ਼ਸਰ ਪਾਵਰਕਮ ਕਾਦੀਆਂ ਨਾਲ ਸੰਪਰਕ ਕਰਨ।

## ਬੇਦਖਲੀ ਨੋਟਿਸ

ਮੈਂ, ਨਿਸ਼ਾਨ ਸਿੰਘ ਪੁੱਤਰ ਰਤਨ ਸਿੰਘ, ਵਾਸੀ ਪਿੰਡ ਲਾਲੂ ਘੁੰਮਣ, ਤਹਿਸੀਲ ਵਾ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਰਸ਼ਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਮੇਸ਼ ਕੁਮਾਰ ਪੁੱਤਰ ਵਿਨੋਦ ਕੁਮਾਰ ਵਾਸੀ ਐੱਫ-20/496, ਮਜੀਠਾ ਰੋਡ, ਤੁੰਗਬਾਲਾ ਅਬਾਦੀ, ਨੇੜੇ ਮੀਰ ਸ਼ਾਹ ਨਹਿਰੂ ਕਾਲੋਨੀ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਜਤ ਸ਼ਰਮਾ ਮੇਰੇ ਨਾਲ ਲੜਾਈ-ਝਗੜਾ ਕਰਦਾ ਹੈ ਤੇ ਮੇਰੀ ਕਿਸੇ ਵੀ ਗੱਲ ਨੂੰ ਨਹੀਂ ਮੰਨਦਾ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਮਾੜੇ ਚੰਗੇ ਕੰਮ ਜਾਂ ਲੈਣ-ਦੇਣ ਦਾ ਮੈਂ ਜਾਂ ਮੇਰੇ ਪਰਵਾਰ ਦਾ ਕੋਈ ਮੈਂਬਰ ਜ਼ਿੰਮੇਵਾਰ ਨਹੀਂ ਹੋਵੇਗਾ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮੁਖਤਿਆਰ ਸਿੰਘ ਪੁੱਤਰ ਅਮਰ ਸਿੰਘ, ਵਾਸੀ ਚੋਟੀਆਂ ਵਾਲਾ ਰੋਡ ਮਹੇਸ਼ਰੀ, ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਦੀਪ ਸਿੰਘ (35 ਸਾਲ) ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਸੰਬੰਧ ਨਹੀਂ ਹੈ।

ਮੈਂ, ਗੁਰਚਰਨ ਸਿੰਘ ਪੁੱਤਰ ਮੁਖਤਿਆਰ ਸਿੰਘ, ਵਾਸੀ ਪਿੰਡ ਵਾਂਦਰ, ਤਹਿਸੀਲ ਬਾਘਾ ਪੁਰਾਣਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਸੰਬੰਧ ਨਹੀਂ ਹੈ।

ਮੈਂ, ਸੁਖਵਿੰਦਰ ਸਿੰਘ ਪੁੱਤਰ ਸ. ਧਰਮ ਸਿੰਘ ਵਾਸੀ ਮਕਾਨ ਨੰ: 124-ਏ, ਵਿਜੈ ਨਗਰ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਸੁਰਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਬਲਵੀਰ ਕੌਰ ਪਤਨੀ ਕਸ਼ਮੀਰ ਸਿੰਘ, ਵਾਸੀ ਬਾਠ ਕਲਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪਾਵਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਕਰਮਜੀਤ ਕੌਰ ਪਤਨੀ ਸ੍ਰੀ ਨੰਦ ਸਿੰਘ, ਵਾਸੀ ਪੱਤੀ ਜਲਾਲ ਬਿਲਾਸਪੁਰ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਰਮਿੰਦਰ ਸਿੰਘ ਅਤੇ ਨੂੰਹ ਸੁਖਦੀਪ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਮਦਨ ਮੋਹਨ ਪੁੱਤਰ ਸ੍ਰੀ ਗੰਗਾ ਰਾਮ ਅਤੇ ਰੇਖਾ ਪਤਨੀ ਮਦਨ ਮੋਹਨ, ਵਾਸੀ ਮਕਾਨ ਨੰ: 7/421, ਆਊਟਸਾਈਡ ਗੇਟ ਹਕੀਮਾਂ, ਫਕੀਰ ਚੰਦ ਕਾਲੋਨੀ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਭਾਰਤੀ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਕਸ਼ਮੀਰ ਸਿੰਘ ਪੁੱਤਰ ਰਤਨ ਸਿੰਘ ਵਾਸੀ ਪਿੰਡ ਚੇਤਨਪੁਰਾ, ਗੁਰੂ ਕੀ ਵਡਾਲੀ, ਛੇਹਰਟਾ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਦੀਪ ਸਿੰਘ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ, ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਹਿਮਤ ਪੁੱਤਰ ਦਾਨੀ ਵਾਸੀ ਪਿੰਡ ਤੇ ਡਾਕਖਾਨਾ ਬੁਟਰਾਂ ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰੀ ਨੂੰਹ ਸੋਨੀਆ ਪਤਨੀ ਲੇਟ ਜੋਗਿੰਦਰ ਪਾਲ ਮੇਰੇ ਕਹਿਣੇਂ ਤੋਂ ਬਾਹਰ ਹੋਣ ਕਾਰਨ ਮੈਂ ਉਹਨਾਂ ਨੂੰ ਆਪਣੀਂ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਹਨਾਂ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸਬੰਧ ਨਹੀਂ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਅਸੀਂ ਹਰਬੰਸ ਸਿੰਘ ਪੁੱਤਰ ਮੇਹਰ ਸਿੰਘ ਤੇ ਜਸਵੀਰ ਕੌਰ ਪਤਨੀ ਹਰਬੰਸ ਸਿੰਘ ਵਾਸੀਅਨ ਘੜਾਮੀ ਪੱਤੀ ਸਮਾਣਾ ਤਹਸੀਲ ਸਮਾਣਾ ਜਿਲਾ ਪਟਿਆਲਾ ਆਪਣੇ ਲੜਕੇ ਸਤਵਿੰਦਰਪਾਲ ਸਿੰਘ ਅਤੇ ਉਸ ਦੀ ਪਤਨੀ ਨਵਦੀਪ ਕੌਰ ਜੋ ਸਾਡੀ ਸੇਵਾ ਸੰਭਾਲ ਨਹੀਂ ਕਰਦੇ , ਕਹਿਣੇ ਤੋਂ ਬਾਹਰ ਅਤੇ ਬੁਰੀ ਸੰਗਤ ਦਾ ਸ਼ਿਕਾਰ ਹਨ ਇਸ ਕਰਕੇ ਉਹਨਾਂ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਬਲਜਿੰਦਰ ਸਿੰਘ ਪੁੱਤਰ ਸੁਬੇਗ ਸਿੰਘ ਵਾਸੀ ਪਿੰਡ ਦਰਾਜਕੇ, ਤਹਿਸੀਲ ਭਿੱਖੀਵਿੰਡ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਲਾਲ ਸਿੰਘ ਮੇਰੇ ਕੰਟਰੋਲ ਤੋਂ ਬਾਹਰ ਹੈ । ਮੈਂ ਉਸਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਓਹ ਆਪਣੇ ਲੈਣ ਦੇਣ ਅਤੇ ਕਾਰ ਵਿਹਾਰ ਦਾ ਖੁਦ ਜ਼ਿੰਮੇਵਾਰ ਹੈ ।

ਮੈਂ ਪਿਆਰਾ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਕਾਲੇ ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਗਜੀਤ ਸਿੰਘ ਮੇਰੇ ਕੰਟਰੋਲ ਤੋਂ ਬਾਹਰ ਹੈ । ਮੈਂ ਉਸ ਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ । ਆਪਣੇ ਹਰ ਲੈਣ ਦੇਣ ਅਤੇ ਕਾਰ ਵਿਹਾਰ ਦਾ ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਨੀਲਮ ਰਾਣੀ ਪਤਨੀ ਲੇਟ ਸੁਭਾਸ਼ ਚੰਦਰ ਵਾਸੀ ਮਕਾਨ ਨੰਬਰ 2932 ਮੇਨ ਬਜ਼ਾਰ ਗੁਰਬਖਸ਼ ਨਗਰ ਨਵਾ ਕੋਟ ਅੰਮ੍ਰਿਤਸਰ ਦੀ ਹਾਂ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਵਿਕਾਸ ਸਹਿਦੇਵ ਜੌਂ ਕਿ ਮੇਰੇ ਕਹਿਣੇ ਤੋਂ ਬਾਹਰ ਹੈ, ਮੈ ਉਸਨੂੰ ਤੇ ਉਸਦੀ ਪਤਨੀ ਨੂੰ ਆਪਣੀ ਚੱਲ ਅਚਲ ਜਾਇਦਾਦ ਤੋ ਬੇਦਖਲ ਕਰਦੀ ਹਾਂ ਇਨਾ ਦੋਨਾਂ ਨਾਲ ਲੈਣ ਦੇਣ ਕਰਨ ਵਾਲੇ ਖੁਦ ਜਿਮੇਵਾਰ ਹੋਣਗੇ।

ਮੈਂ, ਅਸ਼ੋਕ ਕੁਮਾਰ ਪੁੱਤਰ ਮਿਲਖੀ ਰਾਮ ਵਾਸੀ ਸੁਨਿਆਰ ਬਸਤੀ ਪਾਤੜਾਂ (ਪਟਿਆਲਾ) ਬਿਆਨ ਕਰਦਾ ਹਾ ਕਿ ਮੇਰਾ ਲੜਕਾ ਰਾਹੁਲ ਗਰਗ ਅਤੇ ਨੂੰਹ ਉਰਵਸੀ ਸਰਮਾਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਸੰਬੰਧ ਨਹੀਂ। ਸੰਬੰਧ ਰੱਖਣ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ, ਸ਼ੀਲੋ ਪਤਨੀ ਰਤੂ ਵਾਸੀ ਵਾਰਡ ਨੰਬਰ 13, ਸਾਂਸੀ ਮੁਹੱਲਾ ਹਾਲ ਵਾਸੀ ਗੁਰੂ ਅਰਜਨ ਦੇਵ ਨਗਰ, ਕਪੂਰਥਲਾ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਵਿੱਕੀ ਪੁੱਤਰ ਰੱਤੂ ਰਾਮ, ਸ਼ਾਦੀ ਸ਼ੁਦਾ ਹੈ ਤੇ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਘਰ ਵਿਚ ਕਲਾ ਕਲੇਸ਼ ਕਰਦਾ ਹੈ। ਜਿਸ ਕਰਕੇ ਮੈਂ ਆਪਣੇ ਉਕਤ ਲੜਕੇ ਵਿੱਕੀ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ, ਮੇਰੇ ਲੜਕੇ ਵਿੱਕੀ ਨਾਲ ਹਰ ਤਰ੍ਹਾਂ ਦਾ ਲੈਣ-ਦੇਣ ਖਤਮ ਹੋ ਗਿਆ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ।

ਮੈਂ, ਲਾਲ ਸਿੰਘ ਪੁੱਤਰ ਭੋਲਾ ਸਿੰਘ ਵਾਸੀ ਪਿੰਡ ਘੁੱਗ, ਡਾਕ. ਪੱਤੜ ਕਲਾਂ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਤੇ ਮੇਰੀ ਨੂੰਹ ਪ੍ਰੀਤੀ, ਜੋ ਕਿ ਮੇਰੇ ਕਹਿਣੇ ਤੇ ਕੰਟਰੋਲ ਤੋਂ ਬਾਹਰ ਹੈ ਤੇ ਮੇਰੀ ਤੇ ਮੇਰੇ ਪਰਵਾਰ ਦੀ ਇੱਜ਼ਤ-ਮਾਣ ਨਹੀਂ ਕਰਦੇ । ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਵੀ ਇਨ੍ਹਾਂ ਨਾਲ ਕਿਸੇ ਕਿਸਮ ਦਾ ਲੈਣ-ਦੇਣ ਜਾਂ ਸੰਬੰਧ ਰੱਖੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਇਸ ਵਿਚ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ। (12571)

ਮੈਂ, ਸੁਨੀਲ ਵੋਹਰਾ ਪੁੱਤਰ ਸ੍ਰੀ ਸੋਮ ਨਾਥ ਵੋਹਰਾ ਵਾਸੀ ਮਕਾਨ ਨੰ: 234, ਨਿਊ ਬੈਂਕ ਕਾਲੋਨੀ, ਊਨਾ ਰੋਡ, ਸਾਹਮਣੇ ਸੇਂਟ ਸੋਲਜਰ ਸਕੂਲ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਦਿਤਿਆ ਵੋਹਰਾ ਅਤੇ ਉਸ ਦੀ ਪਤਨੀ ਆਂਚਲ ਵੋਹਰਾ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਸਲਵੰਤ ਸਿੰਘ ਪੁੱਤਰ ਸਰਦੂਲ ਸਿੰਘ ਅਤੇ ਕਵਲਜੀਤ ਕੌਰ ਪਤਨੀ ਸਲਵੰਤ ਸਿੰਘ ਵਾਸੀਆਨ ਮੱਲ੍ਹੀਆਂ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143149 ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸ਼ਹਿਨਾਜ਼ਪ੍ਰੀਤ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਰੋਹਿਤਪਾਲ ਸਿੰਘ ਪੁੱਤਰ ਭੁਪਿੰਦਰ ਸਿੰਘ ਵਾਸੀ 4673, ਨਵੀਂ ਅਬਾਦੀ, ਜੰਡਿਆਲਾ ਗੁਰੂ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਭਰਾ ਰਜਿੰਦਰਪਾਲ ਸਿੰਘ ਉਰਫ ਪਿੰਗੀ, ਜੋ ਘਰ ਵਿਚ ਲੜਾਈ ਕਰਦਾ ਰਹਿੰਦਾ ਹੈ ਅਤੇ ਮਾਲੀ ਨੁਕਸਾਨ ਕਰਨ ਬਾਰੇ ਕਹਿੰਦਾ ਹੈ। ਅਸੀਂ ਸਾਰੇ ਪਰਵਾਰ ਦੀ ਸਹਿਮਤੀ ਨਾਲ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਜਗੀਰ ਸਿੰਘ ਪੁੱਤਰ ਗੁਰਦਿੱਤ ਸਿੰਘ ਵਾਸੀ ਪਿੰਡ ਜੋਧਨਗਰੀ, ਸਬ-ਤਹਿਸੀਲ ਤਰਸਿੱਕਾ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਬਿਕਰਮਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ ਇਸ ਦੀ ਕਿਸੇ ਕਥਨੀ-ਕਰਨੀ ਅਤੇ ਲੈਣ-ਦੇਣ ਦਾ ਜ਼ਿੰਮੇਵਾਰ ਨਹੀਂ ਹੋਵਾਂਗਾ।

ਅਸੀਂ ਬਿਕਰਮਜੀਤ ਸਿੰਘ ਪੁੱਤਰ ਦੀਵਾਨ ਸਿੰਘ ਅਤੇ ਸੋਨੀਆ ਪਤਨੀ ਬਿਕਰਮਜੀਤ ਸਿੰਘ ਵਾਸੀਆਨ ਮਕਾਨ ਨੰਬਰ 384, ਵਾਰਡ ਨੰ: 5, ਗੁਰੂ ਨਾਨਕ ਨਗਰ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗੁਰਮਨਜੀਤ ਸਿੰਘ ਵਾ ਨੂੰਹ ਨੇਹਾ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਸਾਹਿਬ ਸਿੰਘ ਪੁੱਤਰ ਸ੍ਰੀ ਜੋਗਿੰਦਰ ਸਿੰਘ ਵਾਸੀ ਮਕਾਨ ਨੰ: ਐਨ.ਐਚ. 56, ਨੀਲਾ ਮਹੱਲ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਮਿਤ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

## AUCTION NOTICE

GILL FINE MS E-RICKSHAW Model 2024 Chassis No. MD9VBKFP24A151002 Engine Number VE48V800WY1408151002, being open auctioned at our office M/s Jalandhar Cargo Advances Ltd, 5th Floor, 556-B, Cool Road, Jalandhar on dated 26-09-2025 at 11.00 A.M. Interested parties may remain present for the auction. Terms & conditions shall be announced at the time of auction.

For Jalandhar Cargo Advances Ltd.
Director

## AUCTION NOTICE

CITY METRO E-RICKSHAW Model 2024 Chassis No. MD9MCRBB24M281851 Engine Number 0001851, being open auctioned at our office M/s Jalandhar Cargo Advances Ltd, 5th Floor, 556-B, Cool Road, Jalandhar on dated 26-09-2025 at 11.00 A.M. Interested parties may remain present for the auction. Terms & conditions shall be announced at the time of auction.

For Jalandhar Cargo Advances Ltd.
Director

## PUBLIC NOTICE

Mr. Rai Balinder S/O Mohan Lal having Indian Passport No.Y6910857 Resident of.Vill Sheha Mazara PO. Rahon SBS Nagar .144517 Punjab India. Present Address. VIA POZZOROMOLO 10.CARBONA DI NOLA (NA) ITALY

And

Miss. Amandeep Kaur D/O Mohinder Pal Having Indian Passport No. RO746306, Resident of VPO Ladhana Jhikka,SBS Nagar-144510 Punjab.India. Present Address.Via Pozzoromolo 10. Carbona Di Nola (Na) Italy.

Above Mentioned Indian National are Presently residence in the Italy have given notice Notice of intended Marriage between each other Indian Marriage Act. The Same with the undersigned according to the procedure. The Indian Embassy Rome Itly

Adress:- VIA SICILIA 136ROME, PH+39064884642 With Thirty Days.

If some one have issue with this marriage Please contect Indian Embassy above details from the date publication of this notice.

## ਹੜ੍ਹ ਪ੍ਰਭਾਵਤ ਟੈਕਸਟਾਈਲ ਵਸਤਾਂ, ਕੱਪੜੇ ਅਤੇ ਕੱਚੇ ਮਾਲ (ਮੁਕੰਮਲ/ਅਧੂਰੇ/ਅਰਧ-ਮੁਕੰਮਲ) ਸਟਾਕ ਲਈ ਈ-ਨਿਲਾਮੀ ਨੋਟਿਸ

ਮੈਸਰਜ਼ ਐੱਸ ਆਰ ਫੈਸ਼ਨਰਜ਼ ਕੋਲ ਹੜ੍ਹ ਪ੍ਰਭਾਵਤ ਟੈਕਸਟਾਈਲ ਵਸਤਾਂ, ਕੱਪੜੇ ਅਤੇ ਕੱਚੇ ਮਾਲ (ਮੁਕੰਮਲ/ਅਧੂਰੇ/ਅਰਧ-ਮੁਕੰਮਲ) ਸਟਾਕ ਦੀ ਪ੍ਰਤੀ ਕਿਲੋਗ੍ਰਾਮ ਅਤੇ ਗਿਣਤੀ ਦੇ ਆਧਾਰ 'ਤੇ ਇੱਛੁਕ ਖਰੀਦਦਾਰਾਂ ਤੋਂ 'ਜਿਵੇਂ ਹੈ ਜਿੱਥੇ ਹੈ' ਆਧਾਰ 'ਤੇ ਈ-ਨਿਲਾਮੀ 'ਚ ਭਾਗ ਲੈਣ ਲਈ ਫਾਰਮਾਂ ਦੀ ਮੰਗ ਕੀਤੀ ਗਈ ਹੈ। ਵਸਤਾਂ ਦਾ ਨਿਰੀਖਣ 348 ਅਤੇ 348/1, ਮਹਾਰਾਜਾ ਰਣਜੀਤ ਸਿੰਘ ਪਾਰਕ, ਗਲੀ ਨੰ. 4, ਸ਼ਿੰਗਾਰ ਸਿਨੇਮਾ ਦੇ ਪਿਛਲੇ ਪਾਸੇ, ਲੁਧਿਆਣਾ-141048 ਵਿਖੇ ਕੀਤਾ ਜਾ ਸਕਦਾ ਹੈ। ਪੇਸ਼ਕਸ਼ ਵਸਤਾਂ ਦਾ ਨਿਰੀਖਣ ਸ੍ਰੀ ਕਰਨਪ੍ਰੀਤ ਸਿੰਘ-98140-03901 ਤੋਂ ਪੂਰਬ ਸਹਿਮਤੀ ਲੈ ਕੇ ਮਿਤੀ 25-09-2025 ਤੋਂ 01-10-2025 ਦਰਮਿਆਨ ਕੀਤਾ ਜਾ ਸਕਦਾ ਹੈ। 02-10-2025 ਨੂੰ ਹੋਣ ਵਾਲੀ ਉਕਤ ਈ-ਨਿਲਾਮੀ 'ਚ ਭਾਗ ਲੈਣ ਲਈ ਕ੍ਰਿਪਾ ਕਰਕੇ ਕੁਮਾਰੀ ਸਾਜਿਦਾ ਬੇਗ ਨਾਲ 81780-27913 ਸਾਲਵੇਜ ਸੈਟਲਰਜ਼ ਪ੍ਰਾਈਵੇਟ ਲਿਮਟਿਡ (ਨਿਲਾਮੀ ਕਰਤਾ) ਐੱਫ ਐੱਫ 20 ਅਤੇ 22, ਪਰਲ ਓਮੈਕਸ, ਨੇਤਾ ਜੀ ਸੁਭਾਸ਼ ਪਲੇਸ, ਪੀਤਮਪੁਰਾ, ਨਵੀਂ ਦਿੱਲੀ 110034 'ਤੇ ਸੰਪਰਕ ਕੀਤਾ ਜਾਵੇ ਜਾਂ ਵੈੱਬਸਾਈਟ : www.SalvageSettlers.com ਤੋਂ ਡਾਊਨਲੋਡ ਕੀਤਾ ਜਾਵੇ। ਈ-ਨਿਲਾਮੀ ਫਾਰਮ ਨੂੰ ਜਮ੍ਹਾਂ ਕਰਾਉਣ ਦੀ ਅੰਤਿਮ ਮਿਤੀ 02-10-2025 ਦੁਪਹਿਰ 12.00 ਵਜੇ ਤੋਂ ਪਹਿਲਾਂ ਹੈ।

## ਨਾਂਅ ਦੀ ਬਦਲੀ

ਨੇਬਸਿੰਘ ਪੁੱਤਰ ਇੰਦਰ ਸਿੰਘ ਭੂੰਦੜ ਭੈਣੀ ਏਪੀ 03-1247 ਦੇ ਨਾਮ ਮੋਟਰ ਕੁਨੈਕਸ਼ਨ ਹੈ। ਇਸ ਨੂੰ ਬਦਲ ਕੇ ਪ੍ਰਦੀਪ ਸਿੰਘ ਪੁੱਤਰ ਮਲਕੀਤ ਭੈਣੀ ਦੇ ਨਾਮ ਬਦਲੀ ਕਰਨ ਦੀ ਅਰਜੀ ਆਈ ਹੈ। ਜੇਕਰ ਕਿਸੇ ਨੂੰ ਇਤਰਾਜ ਹੈ ਤਾਂ 15 ਦਿਨਾ ਵਿੱਚ ਕਰ ਸਕਦਾ ਹੈ। ਵੱਲੋਂ:- ਐਸ.ਡੀ.ਓ ਪੰਜਾਬ ਰਾਜਪਾਵਰ ਕਾਰਪੋਰੇਸ਼ਨ ਲਿਮ: ਬੰਗਾਂ।

ਮੈਂ , ਅਨੀਤਾ ਰਾਣੀ ਪਤਨੀ ਮਨੋਹਰ ਲਾਲ ਵਾਸੀ 9, ਕਬੀਰ ਮੰਦਿਰ ਦੇ ਸਾਹਮਣੇ ਕਬੀਰ ਵਿਹਾਰ , ਬਸਤੀ ਬਾਵਾ ਖੇਲ , ਜਲੰਧਰ ਬਿਆਨ ਕਰਦੀ ਹਾਂ ਕਿ ਆਪਣੇ ਬੇਟੇ ਦਾ ਨਾਮ ਨਿਖਿਲ ਤੋਂ ਨਿਖਿਲ ਸਰੋਤਰਾ ਕਰ ਲਿਆ ਹੈ। ਨਿਖਿਲ ਅਤੇ ਨਿਖਿਲ ਸਰੋਤਰਾ ਦੋਨਾ ਨਾਮ ਇਕ ਹੀ ਵਿਅਕਤੀ ਦੇ ਹਨ ।

ਮੈਂ, ਕਵਿਤਾ ਸੇਤੀਆ ਪੁੱਤਰੀ ਸਤੀਸ਼ ਸੇਤੀਆ ਵਾਸੀ ਮਕਾਨ ਨੰ. 43/1, ਸਤ ਕਰਤਾਰ ਨਗਰ, ਜਲੰਧਰ, ਪੰਜਾਬ-144001, ਦੀ ਰਹਿਣ ਵਾਲੀ ਹਾਂ ਅਤੇ ਮੈਂ ਆਪਣਾ ਨਾਮ ਤਬਦੀਲ ਕਰ ਲਿਆ ਹੈ ਅਤੇ ਹੁਣ ਮੈਨੂੰ ਮਾਨਿਆ ਹਰੀ ਦੇ ਨਾਮ ਦੇ ਨਾਲ ਜਾਣਿਆ ਜਾਵੇ।

## ਬੇਦਖਲੀ ਨੋਟਿਸ

ਮੈਂ, ਰਮੇਸ਼ ਸਿੰਘ ਪੁੱਤਰ ਯਸ਼ਪਾਲ ਸਿੰਘ ਵਾਸੀ ਮਕਾਨ ਨੰਬਰ 317, ਵਾਰਡ ਨੰਬਰ 31, ਪੱਤੀ ਉਸੰਗ ਮੋਗਾ, ਤਹਿਸੀਲ ਮੋਗਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮਨਿੰਦਰ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਮੇਰੇ ਨਾਲ ਲੜਾਈ-ਝਗੜਾ ਕਰਦਾ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਕੁਲਦੀਪ ਸਿੰਘ ਪੁੱਤਰ ਦਰੀਆ ਰਾਮ, ਵਾਸੀ ਮਤੋਲੀ, ਤਹਿਸੀਲ ਪਾਤੜਾਂ, ਜ਼ਿਲ੍ਹਾ ਪਟਿਆਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਸ਼ੋਕ ਕੁਮਾਰ ਅਤੇ ਮੇਰੀ ਨੂੰਹ ਰਾਣੀ ਦੇਵੀ ਮੇਰੇ ਕਹਿਣੇ ਤੋਂ ਬਾਹਰ ਹਨ। ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਬਾਕੀ ਪਰਵਾਰ ਦੇ ਮੈਂਬਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ ਸੋਹਣ ਲਾਲ ਪੁੱਤਰ ਮਹੰਤ ਲਾਲ ਅਤੇ ਸੋਮਾ ਰਾਣੀ ਪਤਨੀ ਸੋਹਣ ਲਾਲ ਵਾਸੀਆਨ ਵਾਰਡ ਨੰਬਰ 08, ਮੁੱਹਲਾ ਬਾਗਵਾਲਾ, ਸ਼ਾਹਕੋਟ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਪਵਨ ਕੁਮਾਰ ਵਾ ਸਾਡੀ ਨੂੰਹ ਸੁਵੈਤਾ ਉਰਫ ਵੀਰਾ ਦੇਵੀ ਦੋਵੇਂ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਕੁਲਦੀਪ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਮਕਾਨ ਨੰ. 240, ਗਲੀ ਨੰ. 1, ਕਾਕੀ ਪਿੰਡ, ਵਾਰਡ ਨੰ. 13, ਡਾਕਖਾਨਾ ਦਕੋਹਾ, ਦਕੋਹਾ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਜੋਤ ਸਿੰਘ ਅਤੇ ਉਸਦੀ ਪਤਨੀ ਵੰਸ਼ਿਕਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਆਸ਼ਾ ਰਾਣੀ ਪਤਨੀ ਨਰਪਤ ਰਾਏ ਵਾਸੀ ਪਿੰਡ ਕਾਲੇਵਾਲ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਨੌਬਤ ਰਾਏ ਅਤੇ ਉਸਦੀ ਪਤਨੀ ਰਮਾ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ ਜਸਬੀਰ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਮਕਾਨ ਨੰ: 946 ਗਲੀ ਨੰ: 2 ਨੇੜੇ ਸੰਤਸਾਗਰ ਗੁਰਦੁਆਰਾ ਨਰੋਤਮ ਵਿਹਾਰ, ਕਪੂਰਥਲਾ ਆਪਣੇ ਲੜਕੇ ਮਲਕੀਤ ਸਿੰਘ ਉਰਫ਼ ਸੋਨੂੰ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ ਇਸ ਨਾਲ ਲੈਣ ਦੇਣ ਕਰਨ ਵਾਲਾ ਖ਼ੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਤਰਲੋਕ ਸਿੰਘ ਪੁੱਤਰ ਸ੍ਰੀ ਅਜੈਬ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਅਹਿਰਾਣਾ ਕਲਾਂ, ਤਹਿਸੀਲ ਵਾ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਵਿੰਦਰ ਸਿੰਘ ਅਤੇ ਮੇਰੀ ਨੂੰਹ ਨਵਜੋਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ (ਸ੍ਰੀ ਰਜਨੀਸ਼ ਗੋਇਲ ਨਾਇਬ ਤਹਿਸੀਲਦਾਰ-ਕਮ-ਸਬ ਰਜਿਸਟਰਾਰ, ਕਪੂਰਥਲਾ

ਵਿਸ਼ਾ : ਅਣ-ਰਜਿਸਟਰਡ ਵਸੀਅਤ ਨੂੰ ਰਜਿਸਟਰਡ ਕਰਨ ਸੰਬੰਧੀ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਕ ਗੈਰ-ਮੁਸਤਕਾ ਵਸੀਅਤ ਵੱਲੋਂ ਵਿਦਿਆ ਵੰਤੀ ਪਤਨੀ ਮੰਗਤ ਰਾਮ ਪੁੱਤਰ ਮੁਨਸ਼ੀ ਰਾਮ, ਵਾਸੀ ਪਿੰਡ ਬਲੇਰਖਾਨਪੁਰ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਨੇ ਬਾਹੱਕ ਲੜਕਾ ਰਵੀ ਕੁਮਾਰ ਦੇ ਹੱਕ ਵਿੱਚ ਕੀਤੀ ਹੈ। ਵਿਦਿਆ ਵੰਤੀ ਪਤਨੀ ਮੰਗਤ ਰਾਮ ਪੁੱਤਰ ਮੁਨਸ਼ੀ ਰਾਮ ਦੀ ਮੌਤ ਮਿਤੀ 02-11-2023 ਨੂੰ ਹੋ ਚੁੱਕੀ ਹੈ।

ਇਹ ਵਸੀਅਤ ਭਾਰਤੀ ਰਜਿਸਟਰੇਸ਼ਨ ਐਕਟ 1908 ਦੀ ਧਾਰਾ ਜ਼ੇਰੇ ਦਫਾ 40 ਅਧੀਨ ਰਜਿਸਟਰਡ ਕੀਤੀ ਜਾਣੀ ਹੈ। ਇਹ ਵਸੀਅਤ ਰਜਿਸਟਰਡ ਕਰਨ ਵਿੱਚ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਅਸਾਲਤਨ/ਵਕਾਲਤਨ ਇਸ ਅਦਾਲਤ ਵਿੱਚ ਇਸ ਇਸ਼ਤਿਹਾਰ ਦੇ ਜਾਰੀ ਹੋਣ ਤੋਂ 21 ਦਿਨਾਂ ਦੇ ਅੰਦਰ-ਅੰਦਰ ਇਤਰਾਜ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਉਜ਼ਰ ਨਹੀਂ ਸੁਣਿਆ ਜਾਵੇਗਾ ਅਤੇ ਹਸਬ ਜ਼ਾਬਤਾ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਹ ਇਸ਼ਤਿਹਾਰ ਅੱਜ ਮਿਤੀ 24.09.25 ਨੂੰ ਮੇਰੇ ਦਸਤਖਤਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਕੀਤਾ ਗਿਆ ਹੈ।

ਸਹੀ/-ਸਬ ਰਜਿਸਟਰਾਰ ਕਪੂਰਥਲਾ

BEFORE MS. AMRITA PANDA, LD. SOLE ARBITRATOR, DELHI INTERNATIONAL ARBITRATION CENTRE (DIAC), DELHI HIGH COURT CAMPUS, S-BLOCK, ZAKIR HUSSAIN MARG, NEW DELHI-110003
(Ph.: 011-23386492, Fax: 011-23386493, Website: http://dhcdiac.nic.in/)

PUBLICATION

To,

1. JERATH PATH LABS THROUGH ITS PROPRIETOR, DR. PRASHANT JERATH S/O VINOD PRAKASH JERATH AT :- 14, LINK ROAD, MODEL TOWN, ADJACENT SBI BANK, JALANDHAR, PUNJAB- 144001 ALSO AT:- BI/970, VIVEK NAGAR, OPPOSITE PUNJAB COPY CENTRE, NEAR DMC HOSPITAL, LUDHIANA- 141001 ALSO AT:- 180/4, CENTRAL TOWN, WARD NO 26,30, JALANDHAR PUNJAB- 144001 ALSO AT:- H. NO. 299/300, EDELCO GREENS, JALANDHAR CITY, JALANDHAR, PUNJAB- 144001 ALSO AT:- DUPLEX FLAT NO 601/B ON 6th FLOOR & FLAT NO 701/B ON 7th FLOOR, OBEROI SKY HEIGHT COOP. HOUSING SOCIETY, ANDHERI WEST MUMBAI, MAHARASHTRA- 400053 ALSO AT :- 244 ESTATE NRI, EXTENTION 1, ESTATE NRI RESIDENTIAL COLONY, VILLAGE MALIKO, JALANDHAR, PUNJAB- 144026 ALSO AT:- 12, PARAM MARKET, CIRCUIT HOUSE ROAD, CIVIL LINES, JALANDHAR- 144001 EMAIL:- jairathpathlab@hotmail.com ; jerathpathlabs@hotmail.com; jerathlabs2500@gmail.com ; prashantjerath@hotmail.com; MOBILE:-8968460374

2. SMT. RITA JERATH W/O SH VINOD PRAKASH JERATH AT:- 180/4, CENTRAL TOWN, WARD NO 26,30, JALANDHAR PUNJAB- 144001 ALSO AT:- H. NO. 299/300, EDELCO GREENS, JALANDHAR CITY, JALANDHAR, PUNJAB- 144001 ALSO AT:- DUPLEX FLAT NO 601/B ON 6th FLOOR & FLAT NO 701/B ON 7th FLOOR, OBEROI SKY HEIGHT COOP. HOUSING SOCIETY, ANDHERI WEST MUMBAI, MAHARASHTRA- 400053 EMAIL:-jairathpathlab@hotmail.com ; jerathpathlabs@hotmail.com; jerathlabs2500@gmail.com; ritajairath@gmail.com; MOBILE:-8968460374

In institutional arbitration between:
M/s Moneywise Financial Services Pvt. Ltd. Vs Jerath Path Labs Through Its Proprietor DR. Prashant Jerath.
Arb P No 1670/2024
Case Ref. No. DIAC/10196/01-25 (Quote this reference no. for future communications with DIAC)

Sir/Madam,

This is to inform all concerned that the undersigned has been appointed as an independent sole arbitrator vide order dated 10.01.2025 by the Hon'ble High Court of Delhi in an arbitration proceeding initiated by M/s Moneywise Financial Services Pvt Ltd. against Jerath Path Labs Through Its Proprietor DR. Prashant Jerath. Whereas the Respondents above named are not appearing in the arbitration proceedings that have been commenced and hence in the interest of justice, this notice by publication is hereby issued to the respondents to ensure their presence either in person or through duly appointed Advocate on 26.09.2025 at 05:00 PM through virtual mode. The VC link is as follows:- https://meet.google.com/pdx-fzdn-zys

Take notice that in default of their appearance on the date and time given above, the aforementioned arbitration proceedings will be proceeded with, in their absence and shall be decided in accordance with the law.

(In terms of the order dated 27.08.2025)

AMRITA PANDA (ADVOCATE)
SOLE ARBITRATOR

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਹਰਿਦਰਜੀਤ ਸਿੰਘ ਤਹਿਸੀਲਦਾਰ -ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਆਦਮਪੁਰ, ਜ਼ਿਲ੍ਹਾ ਜਲੰਧਰ।

ਕੇਸ ਅਨੁਵਾਨ: ਮਹਿੰਦਰ ਪ੍ਰਤਾਪ ਸਿੰਘ
ਬਨਾਮ ਗੁਰਦੇਵ ਸਿੰਘ

ਵਾਕਿਆ ਪਿੰਡ : ਮਹਿਦੀਪੁਰ ਅਰਾਈਆਂ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ।

ਕੇਸ ਨੰਬਰ : Oc/5/2025

ਇਹ ਇਸ਼ਤਿਹਾਰ/ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ:

ਨੋਟਿਸ ਬਨਾਮ :-

ਗੁਰਦੇਵ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਪਿੰਡ ਮਹਿਦੀਪੁਰ ਅਰਾਈਆਂ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਕਿ ਉਪਰੋਕਤ ਤਕਸੀਮ ਕੇਸ ਵਿੱਚ ਉੱਤਰਵਾਦੀਆਂ ਦੀ ਇਤਲਾਹ ਆਮ ਤਰੀਕੇ ਨਾਲ ਨਹੀਂ ਹੋ ਸਕਦੀ। ਇਸ ਗਿਰਦਾਵਰੀ ਕੇਸ 'ਤੇ ਜੇਕਰ ਕਿਸੇ ਵੀ ਧਿਰ ਨੂੰ ਕੋਈ ਇਤਰਾਜ਼ ਹੈ ਤਾਂ ਉਹ ਆਪਣੇ ਇਤਰਾਜ਼ ਮਿਤੀ 16.10.25 ਨੂੰ ਬਾਅਦ ਦੁਪਹਿਰ 2:30 ਵਜੇ ਅਦਾਲਤ ਵਿੱਚ ਹਾਜ਼ਰ ਆਵੇ, ਤੱਕ ਖੁਦ ਪੇਸ਼ ਹੋ ਕੇ /ਮੁਖਤਾਰ ਰਾਹੀਂ /ਅਸਾਲਤਨ ਜਾਂ ਵਕਾਲਤਨ ਰਾਹੀਂ ਪੇਸ਼ ਹੋ ਕੇ ਇਤਰਾਜ਼ ਦੇ ਸਕਦੇ ਹਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ।

ਅੱਜ ਮਿਤੀ 23/9/25 ਨੂੰ ਮੇਰੇ ਦਸਤਖਤਾਂ ਤੇ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/-ਤਹਿਸੀਲਦਾਰ -ਕਮ- ਸਹਾਇਕ ਕੁਲੈਕਟਰ ਦਰਜਾ ਅੱਵਲ, ਆਦਮਪੁਰ, ਜਲੰਧਰ

ਨੰਬਰ 124/ਰੀਡਰ

## NOTICE

(U/o 5 Rule 20 CPC)
In the Court of
Ms. Harmandeep Kaur
Civil Judge Junior Division-3, Ferozepur
CNR No. PBFZ02-002331-2022
Next Date :- 13-10-2025
Union Bank Of India
Vs.
Sukhjinder Singh
Publication Issued To:
Ripon Gabba
:- Nath Pal Gabba
R/O H.No.437, Kirti Nagar, Ferozepur, Teh. And Distt. Ferozepur, Punjab

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 13-10-2025 at 10:00 a.m.

For details logon to https://highcourtchd.gov.in/?mod=district_notice&district=moga-court

Civil Judge Junior Division-3
Ferozepur
Dated, this day of 20-09-2025

## ਪਬਲਿਕ ਨੋਟਿਸ

ਗਰੇਨ ਸ਼ਾਪ-63 ਏ ਏ ਮੰਡੀ ਫਾਜ਼ਿਲਕਾ ਦੇ ਪਲਾਟ ਦੀ ਮਲਕੀਅਤ ਸ੍ਰੀ ਗਿਰਧਾਰੀ ਲਾਲ ਪੁੱਤਰ ਸ੍ਰੀ ਦਰਬਾਰਾ ਚੰਦ (1/2) ਸ੍ਰੀ ਰਵਿੰਦਰ ਕੁਮਾਰ ਪੁੱਤਰ ਸ੍ਰੀ ਗਿਰਧਾਰੀ ਲਾਲ (1/2 ਹਿੱਸਾ) ਦੇ ਨਾਂਅ 'ਤੇ ਹੈ। ਇਸ ਦਫਤਰ ਵਿੱਚ ਸ੍ਰੀ ਰਾਜ ਕੁਮਾਰ ਪੁੱਤਰ ਸ੍ਰੀ ਗਿਰਧਾਰੀ ਲਾਲ ਖੁੰਗਰ, (1/2 ਹਿੱਸਾ) ਮਲਕੀਅਤ ਤਬਦੀਲ ਕਰਨ ਸੰਬੰਧੀ ਦਰਖਾਸਤ ਪ੍ਰਾਪਤ ਹੋਈ ਹੈ। ਪ੍ਰਾਪਤ ਹੋਏ ਦਸਤਾਵੇਜ਼ਾਂ ਅਨੁਸਾਰ ਸ੍ਰੀ ਗਿਰਧਾਰੀ ਲਾਲ ਖੁੰਗਰ ਦੀ ਮੌਤ ਮਿਤੀ 17-05-2010 ਨੂੰ ਹੋਣ ਉਪਰੰਤ ਤਹਿਸੀਲਦਾਰ ਫਾਜ਼ਿਲਕਾ ਦੀ ਰਿਪੋਰਟ ਮਿਤੀ 08-07-2025 ਅਤੇ ਖਾਨਗੀ ਵਸੀਅਤ ਮਿਤੀ 10-03-2010 ਅਤੇ ਸ੍ਰੀਮਤੀ ਸਰਿਤਾ ਰਾਣੀ ਪਤਨੀ-ਵਾ- ਸ੍ਰੀ ਰਜਤ ਖੁੰਗਰ ਪੁੱਤਰ -ਵਾ-ਸ੍ਰੀਮਤੀ ਪੰਕੁਰੀ ਪੁੱਤਰੀ ਸ੍ਰੀ ਰਵਿੰਦਰ ਕੁਮਾਰ ਖੁੰਗਰ (1/2 ਹਿੱਸਾ) ਮਲਕੀਅਤ ਤਬਦੀਲ ਕਰਨ ਸੰਬੰਧੀ ਦਰਖਾਸਤ ਪ੍ਰਾਪਤ ਹੋਈ ਹੈ, ਸ੍ਰੀ ਰਵਿੰਦਰ ਕੁਮਾਰ ਖੁੰਗਰ ਦੀ ਮੌਤ ਮਿਤੀ 19-03-2022 ਨੂੰ ਹੋਣ ਉਪਰੰਤ ਵਾਰਸਾਂ ਦੀ ਰਿਪੋਰਟ ਮਿਤੀ 08-07-2025 ਦੇ ਅਧਾਰ ਉੱਤੇ ਮਲਕੀਅਤ ਤਬਦੀਲ ਕਰਨ ਸਬੰਧੀ ਦਰਖਾਸਤ ਪ੍ਰਾਪਤ ਹੋਈ ਹੈ।

ਉਪਰੋਕਤ ਦਸਤਾਵੇਜ਼ਾਂ ਦੇ ਆਧਾਰ 'ਤੇ ਗਰੇਨ ਸ਼ਾਪ-63 ਏ ਏ ਮੰਡੀ ਫਾਜ਼ਿਲਕਾ ਦੀ (100% ਹਿੱਸਾ ਬਰਾਬਰ) ਮਲਕੀਅਤ ਤਬਦੀਲ ਕੀਤੀ ਜਾਣੀ ਹੈ। ਜੇਕਰ ਕਿਸੇ ਵਿਅਕਤੀ ਨੂੰ ਇਸ ਪਲਾਟ ਦੀ ਮਲਕੀਅਤ ਤਬਦੀਲ ਕਰਨ ਸੰਬੰਧੀ ਕਿਸੇ ਕਿਸਮ ਦਾ ਕੋਈ ਵੀ ਇਤਰਾਜ਼ ਹੈ ਤਾਂ ਇਸ ਨੋਟਿਸ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਨੂੰ ਹੇਠ ਲਿਖੇ ਐਡਰੈੱਸ 'ਤੇ ਜਾਂ ਈਮੇਲ dir.colon@Punjab.gov.in 'ਤੇ ਭੇਜ ਸਕਦਾ ਹੈ। ਮਿੱਥੇ ਸਮੇਂ ਤੋਂ ਬਾਅਦ ਕਿਸੇ ਵਿਅਕਤੀ ਦੇ ਕਿਸੇ ਕਿਸਮ ਦੇ ਇਤਰਾਜ਼ 'ਤੇ ਕੋਈ ਸੁਣਵਾਈ ਨਹੀਂ ਕੀਤੀ ਜਾਵੇਗੀ।

ਸਹੀ/-
ਐਡਮਨਿਸਟ੍ਰੇਟਰ, ਨਿਊ ਮੰਡੀ ਟਾਊਨਸ਼ਿਪਸ, ਪੰਜਾਬ।
ਮੰਡੀ ਭਵਨ ਸੈਕਟਰ 65 ਏ ਮੋਹਾਲੀ, ਪੰਜਾਬ।

## COURT NOTICE

(U/o 5 Rule 20 CPC)
In The Court of
Sh. Kamaldeep Singh
Additional District and Sessions Judge-7, Patiala
CNR No. PBPT01-002494-2024
Next Date : 09.10.2025
Veena Rani
Vs
Ajaib Singh
Publication Issued To:
Ajaib Singh S/o Mam Chand
2. Ashwani Kumar S/o Jeet Ram, both R/o Village Lalru, Teh. Derabassi, District SAS Nagar Mohali

In above titled case, the defendant(s)/ respondent(s) could not be served. It is ordered that defendant(s)/ respondant(s) should appear in person or through counsel on 09.10.2025 at 10:00 A.M.

For details logon to https://highcourtchd.gov.in/?mod=district_notice&district=patiala

Additional District and Sessions Judge-7, Patiala
Dated this day of 24-09-2025

## COURT NOTICE

(U/o 5 Rule 20 CPC)
In The Court of
Ms. Daljeet Kaur
Additional Civil Judge (Senior Division), Dhuri
CNR No. PBSGB0-000688-2025
Next Date:- 08-10-2025
Veerpal Kaur
Vs.
General Public
Publication Issued To:
General Public
: General Public

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 08-10-2025 at 10:00 a.m.

For details logon to https://highcourtchd.gov.in/?mod=district_notice&district=Sangrur

Additional Civil Judge (Senior Division), Dhuri
Dated, this day of 23-09-2025

## COURT NOTICE

(U/o 5 Rule 20 CPC)
In the Court of
Sh. Sumit Bhalla
Additional Principal Judge Family Court, Batala
CNR No. PBGDF2-000343-2024
Next Date :- 24-12-2025
Varinder Singh S/o Jarnail Singh R/o Village Veela Baju,Tehsil Batala, Distt. Gurdaspur
Vs.
Ramandeep Kaur W/o Varinder Singh and Daughter of Hakam Singh, House No.11. Village Kanaura, Kurali, Kharrar S.A.S. Nagar Mohali
Publication Issued to :
Ramandeep Kaur W/o Varinder Singh and Daughter of Hakam Singh, House No.11. Village Kanaura, Kurali, Kharrar S.A.S. Nagar Mohali

In above titled case, the defendant (s)/respondent (s) could not be served. It is ordered that defendant (s) respondent (s) should appear in person or through counsel on 24.12.2025 at 10:00 A.M.

For details logon to https://highcourtchd.gov.in/?mod=district notice&district=Gurdaspur

Additional Principal Judge Family Court, Batala
Dated this day of 24-09-2025

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਨੰ. 433-ਸਿਗ-ਟੀ-36-25-26
ਬੰਦ ਹੋਣ ਦੀ ਮਿਤੀ/ਸਮਾਂ: ਨੂੰ 15.10.2025 ਨੂੰ 15:00 ਵਜੇ ਮਿਤੀ 23-09-2025

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-36/25-26 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 15.10.2025 ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ।

ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

ਐਨ.ਆਈ.ਟੀ.

| | | | |
|---|---|---|---|
| ਕੰਮ ਦਾ ਨਾਮ | ਗਿਆਨੀ ਜੈਲ ਸਿੰਘ ਸੰਧਵਾ ਯਾਰਡ ਵਿਚ ਪੀਐਸਆਰ ਨਿਰਾਕਰਨ ਅਤੇ ਇਕੱਠੇ ਰਿਸੇਪਸ਼ਨ ਦੀ ਸਹੂਲਤ ਦੇ ਸਬੰਧ ਵਿਚ ਐਸ ਐਂਡ ਟੀ ਕੰਮ। | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 15/10/2025 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 23/09/2025 18:19 |
| ਅੰਦਾਜਨ ਕੀਮਤ | 10852438.44 | ਬਿਡਿੰਗ ਸ਼ੁਰੂ ਦੀ ਮਿਤੀ ਆਈਆਰਈਪੀਐਸ | 01/10/2025 |
| ਬਿਆਨਾ ਰਾਸ਼ੀ (ਰੁ) | 204300.00 | ਕੰਮ ਪੂਰਾ ਕਰਨ ਦਾ ਸਮਾਂ | 9 ਮਹੀਨੇ |
| ਨੋਟ: | ਨਿਵਿਦਾਕਰਤਾ ਰੈਗੂਲਰ ਤੌਰ ਤੇ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸ਼ੁਧੀਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ। 2943/2025 | | |

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

25 Sep Page 8.qxd 9/24/2025 11:16 PM Page 1



## ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਵਿਸ਼ਵ ਪੰਜਾਬੀ ਦਿਵਸ ਮਨਾਇਆ



**ਕਪੂਰਥਲਾ (ਹਨੀ)-** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਬਾਬਾ ਫਰੀਦ ਜੀ ਦੇ ਪਾਵਨ ਆਗਮਨ ਪੁਰਬ ਨੂੰ ਸਮਰਪਿਤ ਵਿਸ਼ਵ ਪੰਜਾਬੀ ਦਿਵਸ ਮਨਾਇਆ ਗਿਆ । ਇਸ ਮੌਕੇ ਕੇ ਜੀ ਵਿੰਗ ਦੇ ਬੱਚਿਆਂ ਦੀ ਗੁਰਮੁਖੀ ਦੇ ਸਹੀ ਉਚਾਰਨ ਦੀ ਐਕਟੀਵਿਟੀ ਕਰਵਾਈ ਗਈ ਅਤੇ ਪ੍ਰਾਇਮਰੀ ਵਿੰਗ ਦੇ ਬੱਚਿਆਂ ਨੇ ਆਪਣੀ ਮਾਂ ਬੋਲੀ ਪੰਜਾਬੀ ਪ੍ਰਤੀ ਆਪਣਾ ਪਿਆਰ ਪ੍ਰਗਟ ਕਰਦੇ ਹੋਏ ਵੱਖ ਵੱਖ ਤਰ੍ਹਾਂ ਦੇ ਪੋਸਟਰ ਤਿਆਰ ਕੀਤੇ । ਇਸ ਮੌਕੇ ਬੋਲਦਿਆਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਨੇ ਕਿਹਾ ਕਿ ਪੰਜਾਬੀ ਸਾਡੀ ਮਾਂ ਬੋਲੀ ਹੈ । ਇਸ ਬੋਲੀ ਵਿੱਚ ਆਪਣਾਪਨ ਅਤੇ ਮਿਠਾਸ ਹੈ ਅਤੇ ਇਹ ਜ਼ਰੂਰੀ ਹੈ ਕਿ ਹਰ ਇੱਕ ਬੱਚੇ ਨੂੰ ਗੁਰਮੁਖੀ ਦੇ ਸਹੀ ਉਚਾਰਨ ਦੀ ਸਿੱਖਿਆ ਦਿੱਤੀ ਜਾਵੇ ।ਸਕੂਲ ਦੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਸਟਾਫ ਮੈਂਬਰਾਂ ਅਤੇ ਬੱਚਿਆਂ ਨੂੰ ਵਿਸ਼ਵ ਪੰਜਾਬੀ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ ।

## ਪ੍ਰਵਾਸੀ-ਪੰਜਾਬੀ ਏਕਤਾ ਮੰਚ ਨੇ ਕੀਤਾ ਏਕਤਾ ਮਾਰਚ

### ਪਰਵਾਸੀਆਂ ਨੂੰ ਡਰਾਉਣ-ਧਮਕਾਉਣ ਵਾਲਿਆਂ ਵਿਰੁੱਧ ਹੋਵੇ ਕਾਰਵਾਈ



**ਬੰਗਾ (ਅਵਤਾਰ ਕਲੇਰ)-** ਪ੍ਰਵਾਸੀ-ਪੰਜਾਬੀ ਏਕਤਾ ਮੰਚ ਵਲੋਂ ਨਵਾਂਸ਼ਹਿਰ ਵਿਖੇ ਏਕਤਾ ਮਾਰਚ ਕਰਕੇ ਪੰਜਾਬੀਆਂ ਅਤੇ ਪ੍ਰਵਾਸੀਆਂ ਦੀ ਸਾਂਝ ਨੂੰ ਹੋਰ ਪੱਕਾ ਕਰਨ ਦਾ ਸੱਦਾ ਦਿੱਤਾ। ਸੰਯੁਕਤ ਕਿਸਾਨ ਮੋਰਚਾ, ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) , ਪੇਂਡੂ ਮਜ਼ਦੂਰ ਯੂਨੀਅਨ, ਪ੍ਰਵਾਸੀ ਮਜ਼ਦੂਰ ਯੂਨੀਅਨ, ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ, ਰੇਹੜੀ ਵਰਕਰ ਯੂਨੀਅਨ, ਜਮਹੂਰੀ ਰੇਹੜਾ ਵਰਕਰ ਯੂਨੀਅਨ ਅਤੇ ਭੱਠਾ ਵਰਕਰ ਯੂਨੀਅਨ ਨੇ ਇਸ ਮਾਰਚ ਵਿਚ ਭਰਵੀਂ ਸ਼ਮੂਲੀਅਤ ਕੀਤੀ।ਮਾਰਚ ਕਰਕੇ ਵਧੀਕ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦੇ ਕੇ ਹੁਸ਼ਿਆਰਪੁਰ ਵਿਚ ਬੱਚੇ ਹਰਵੀਰ ਸਿੰਘ ਦੇ ਕਾਤਲ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਦੇਣ, ਪ੍ਰਵਾਸੀਆਂ ਵਿਰੁੱਧ ਮਤੇ ਪਾਉਣ ਵਾਲੀਆਂ ਪੰਚਾਇਤਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ, ਪ੍ਰਵਾਸੀਆਂ ਦੀ ਜਾਨ ਮਾਲ ਦੀ ਸੁਰੱਖਿਆ ਕਰਨ, ਪ੍ਰਸ਼ਾਸਨ ਵਲੋਂ ਜ਼ਿਲ੍ਹੇ ਦੀਆਂ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ, ਕਿਸਾਨ-ਮਜਦੂਰ ਜਥੇਬੰਦੀਆਂ, ਪਰਵਾਸੀਆਂ ਦੀਆਂ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਛੇਤੀ ਕਰਨ ਦੀ ਮੰਗ ਕੀਤੀ।ਇਕ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਦੇ ਨਾਂਅ ਪ੍ਰਸ਼ਾਸਨ ਨੂੰ ਸੌਂਪਿਆ ਗਿਆ। ਏਕਤਾ ਮਾਰਚ ਤੋਂ ਪਹਿਲਾਂ ਸਥਾਨਕ ਬੱਸ ਅੱਡੇ ਤੇ ਵਿਸ਼ਾਲ ਰੈਲੀ ਕੀਤੀ ਗਈ ਜਿਸ ਵਿਚ 2500 ਤੋਂ ਵੀ ਵੱਧ ਲੋਕਾਂ ਨੇ ਸ਼ਮੂਲੀਅਤ ਕੀਤੀ। ਸੰਗ ਤੋਂ ਪਹਿਲਾਂ ਬੱਚੇ ਹਰਵੀਰ ਸਿੰਘ ਨੂੰ ਦੋ ਮਿੰਟ ਦਾ ਮੌਨ ਧਾਰਕੇ ਸ਼ਰਧਾਂਜਲੀ ਦਿੱਤੀ ਗਈ। ਇਸ ਰੈਲੀ ਨੂੰ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਪਰਵਾਸੀ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਕੁਮਾਰ ਨਿਰਾਲਾ, ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਸਕੱਤਰ ਜਸਬੀਰ ਦੀਪ, ਡਾਕਟਰ ਅੰਬੇਡਕਰ ਐਜੂਕੇਸ਼ਨਲ ਵੈਲਫੇਅਰ ਟਰੱਸਟ ਨਵਾਂਸ਼ਹਿਰ ਦੇ ਪ੍ਰਧਾਨ ਸਤੀਸ਼ ਕੁਮਾਰ ਲਲਮਣ, ਕੁਲ ਹਿੰਦ ਕਿਸਾਨ ਯੂਨੀਅਨ (ਰਾਜੇਵਾਲ) ਦੇ ਜ਼ਿਲ੍ਹਾ ਪ੍ਰਧਾਨ ਮਤੈਬ ਸਿੰਘ ਅਤੇ ਢਾਡੀ ਗੁਰਦੀਪ ਸਿੰਘ ਉੜਾਪੜ ਆਦਿ ਨੇ ਸੰਬੋਧਨ ਕੀਤਾ।ਰੈਲੀ ਵਿਚ ਪ੍ਰਵਾਸੀਆਂ ਨੇ ਆਪਣੇ ਅਧਾਰ ਕਾਰਡ ਹੱਥਾਂ ਵਿਚ ਉੱਚੇ ਚੁੱਕਕੇ ਦਿਖਾਉਂਦਿਆਂ ਕਿਹਾ ਕਿ ਉਹ ਆਪਣੀ ਵੈਰੀਫਿਕੇਸ਼ਨ ਕਰਾਉਣ ਲਈ ਹਮੇਸ਼ਾ ਤਿਆਰ ਹਨ।

## ਸਰਕਾਰੀ ਆਈ ਟੀ ਆਈਜ਼ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਤਿੱਖੇ ਸੰਘਰਸ਼ ਦਾ ਐਲਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਸੂਬਾ ਕਮੇਟੀ ਮੈਂਬਰਾਂ ਦੀ ਮੀਟਿੰਗ ਹੋਈ ਜਿਸ ਵਿੱਚ ਸੂਬਾ ਕਮੇਟੀ ਮੈਂਬਰ ਸਹਿਬਾਨਾਂ ਨੇ ਸਰਬਸੰਮਤੀ ਨਾਲ ਇਹ ਫੈਸਲਾ ਕੀਤਾ ਹੈ ਕਿ ਸਰਕਾਰੀ ਆਈ ਟੀ ਆਈਜ਼ ਠੇਕਾ ਮੁਲਾਜਮ ਯੂਨੀਅਨ ਪੰਜਾਬ ਦੀ ਸੂਬਾ

● 5 ਅਕਤੂਬਰ ਨੂੰ ਅਮਨ ਅਰੋੜਾ ਦੀ ਕੋਠੀ ਦਾ ਕੀਤਾ ਜਾਵੇਗਾ ਘਿਰਾਓ

ਕਮੇਟੀ/ਮੈਂਬਰ ਆਸ਼ੁਤੋਸ਼ ਕੁਮਾਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਅਸੀਂ ਪਿਛਲੇ 15-16 ਸਾਲਾਂ ਤੋਂ ਪੰਜਾਬ ਦੀਆਂ ਸਰਕਾਰੀ ਆਈ ਟੀ ਆਈਆਂ ਵਿੱਚ ਗਰੁੱਪ-ਬੀ ਕਰਾਫਟ ਇੰਸਟਰਕਟਰ ਵਜੋਂ ਬਿਨਾਂ ਕਿਸੇ ਸਰਕਾਰੀ ਸਹੂਲਤਾਂ ਤੋਂ ਠੇਕੇ ਉੱਪਰ ਸਿਰਫ਼ 15000 ਪ੍ਰਤੀ ਮਹੀਨਾ ਉੱਪਰ ਵਿਭਾਗ / ਸਰਕਾਰ ਨੂੰ ਡਿਊਟੀਆਂ ਦੇ ਰਹੇ ਹਾਂ। ਅਸੀਂ ਡੀ ਜੀ ਈ ਅਤੇ ਟੀ ਦੀਆਂ ਹਦਾਇਤਾਂ ਅਨੁਸਾਰ ਨਿਰਧਾਰਤ ਸਾਰੀਆਂ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦੇ ਹਾਂ। ਪਰ ਸਰਕਾਰ ਵੱਲੋਂ, ਪੰਜਾਬ ਭਰ ਦੇ ਕੱਚਿਆਂ ਮੁਲਾਜ਼ਮਾਂ ਨੂੰ ਪੱਕੇ ਕਰਨ ਲਈ ਇੱਕ ਮੰਤਰੀਆਂ ਦੀ ਸਬ ਕਮੇਟੀ ਬਣਾਈ ਹੋਈ ਹੈ।ਇਸ ਦੇ ਚੱਲਦਿਆਂ ਬਹੁਤ ਵਾਰ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਵਿੱਤ ਮੰਤਰੀ ਹਰਪਾਲ ਚੀਮਾਂ, ਕੈਬਨਿਟ ਮੰਤਰੀ ਅਮਨ ਅਰੋੜਾ ਤੇ ਹੋਰ ਕੈਬਨਿਟ ਮੰਤਰੀਆਂ ਨੂੰ ਮਿਲ ਚੁੱਕੇ ਹਾਂ ਪ੍ਰੰਤੂ ਇਹਨਾਂ ਵਿੱਚੋਂ ਕਿਸੇ ਨੇ ਵੀ ਸਾਡੀ ਗੱਲਬਾਤ ਉੱਪਰ ਗੌਰ ਨਹੀਂ ਕੀਤਾ। ਹੁਣ ਜੱਥੇਬੰਦੀ ਨੇ ਮਜਬੂਰ ਹੋ ਕੇ ਪੰਜਾਬ ਸਰਕਾਰ ਵਿਰੁੱਧ ਖੁੱਲ ਕੇ ਸੰਘਰਸ਼ ਕਰਨ ਦਾ ਐਲਾਨ ਕੀਤਾ ਹੈ। ਇਸੇ ਦੇ ਚੱਲਦਿਆਂ ਸੰਘਰਸ਼ ਦੀ ਸ਼ੁਰੂਆਤ ਸਬ ਕਮੇਟੀ ਮੈਂਬਰ, ਕੈਬਨਿਟ ਮੰਤਰੀ, ਅਤੇ ਪਾਰਟੀ ਪ੍ਰਧਾਨ ਅਮਨ ਅਰੋੜਾ ਦੇ ਹਲਕੇ ਸੁਨਾਮ ਤੋਂ 5 ਅਕਤੂਬਰ ਨੂੰ ਧਰਨਾ ਦੇ ਕੇ ਉਨ੍ਹਾਂ ਦੀ ਕੋਠੀ ਦਾ ਘਿਰਾਓ ਵੀ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਜੇਕਰ ਸਰਕਾਰ ਉਹਨਾਂ ਦੀਆਂ ਮੰਗਾਂ ਉੱਪਰ ਧਿਆਨ ਨਹੀਂ ਦੇਵੇਗੀ ਤਾਂ ਆਉਣ ਵਾਲੇ ਦਿਨਾਂ ਵਿੱਚ ਬਾਕੀ ਕੈਬਨਿਟ ਮੰਤਰੀਆਂ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ ਅਤੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਵੀ ਕੀਤਾ ਜਾਵੇਗਾ।



## ਕੇਂਦਰ ਤੇ ਸੂਬਾ ਸਰਕਾਰ ਮਜ਼ਦੂਰ ਵਿਰੋਧੀ : ਕਰਨ ਸਿੰਘ ਰਾਣਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-** ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਲਗਾਤਾਰ ਮਜ਼ਦੂਰ ਅਤੇ ਲੋਕ ਵਿਰੋਧੀ ਫੈਸਲੇ ਲੈ ਕੇ ਲੱਖਾਂ ਪਰਵਾਰਾਂ ਨੂੰ ਸੰਕਟ ਵੱਲ ਧਕ ਰਹੇ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਇੱਥੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ



ਹੋਏ ਕੀਤਾ। ਉਹਨਾਂ ਚਿੰਤਾ ਪ੍ਰਗਟ ਕੀਤੀ ਕਿ ਪੰਜਾਬ ਵਿੱਚ 11 ਲੱਖ ਤੋਂ ਵੱਧ ਪਰਵਾਰਾਂ ਦੇ ਰਾਸ਼ਨ ਕਾਰਡ ਕੱਟਣ ਦਾ ਹੁਕਮ ਕੇਂਦਰ ਸਰਕਾਰ ਵੱਲੋਂ ਕੀਤਾ ਗਿਆ। ਪਹਿਲਾਂ ਪੰਜਾਬ ਸਰਕਾਰ ਨੇ ਭਰੋਸਾ ਦਿੱਤਾ ਸੀ ਕਿ ਇੱਕ ਵੀ ਰਾਸ਼ਨ ਕਾਰਡ ਨਹੀਂ ਕੱਟਿਆ ਜਾਵੇਗਾ ਪਰ ਹੁਣ ਪੰਜਾਬ ਸਰਕਾਰ ਨੇ 11 ਲੱਖ ਪਰਿਵਾਰਾਂ ਦੇ ਰਾਸ਼ਨ ਦਾ ਹੱਕ ਖੋਣ ਦਾ ਫੈਸਲਾ ਕੀਤਾ ਹੈ ਜੋ ਕਿ ਬਹੁਤ ਹੀ ਮੰਦ ਭਾਗਾ ਹੈ। ਇਸ ਮੌਕੇ ਆਗੂਆਂ ਨੇ ਕਿਹਾ ਗਲਤ ਢੰਗ ਨਾਲ ਬਣੇ ਰਾਸ਼ਨ ਕਾਰਡ ਕੱਟੇ ਜਾਣ ਦਾ ਕੋਈ ਵਿਰੋਧ ਨਹੀਂ ਪਰ ਜੇ ਈ ਕਟੌਤੀ ਦਾ ਕੁਹਾੜਾ ਹੱਕਦਾਰ ਅਤੇ ਲੋੜ ਵੰਦਾਂ ਤੇ ਚੱਲੇਗਾ ਤਾਂ ਉਸ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ । ਕੇਂਦਰ ਅਤੇ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਅਤੇ ਲੋਕ ਵਿਰੋਧੀ ਫਰਮਾਨ ਮਨਜ਼ੂਰ ਨਹੀਂ। ਇਸ ਮੌਕੇ ਉਨਾਂ ਨਾਲ ਬੀਬੀ ਚਰਨਜੀਤ ਕੌਰ ਨਵਾਂ ਸ਼ਹਿਰ ਜਿਲਾ ਸਕੱਤਰ ਅਤੇ ਜੋਗਾ ਸਿੰਘ ਸੈਣੀ ਜ਼ਿਲਾ ਆਗੂ ਵੀ ਹਾਜ਼ਰ ਸਨ।

## ਆਕਲਿਆਨਾ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਅੱਜ

**ਬਲਾਚੌਰ (ਜਸਵਿੰਦਰ ਬੈਂਸ)-** ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਵਲੋਂ ਹਰ ਸਾਲ ਦੀ ਤਰਾਂ ਮਹਾਨ ਕੀਰਤਨ ਦਰਬਾਰ ਨੂੰ ਸਮਰਪਿਤ ਕਰਵਾਏ ਜਾਂਦੇ ਵਿਸ਼ੇਸ਼ ਗੁਰਮਤਿ ਸਮਾਗਮਾਂ ਦੀ ਲੜੀ ਦੇ ਪੰਦਰਵੇਂ ਸਮਾਗਮ 25 ਸਤੰਬਰ ਨੂੰ ਗੁਰਦੁਆਰਾ ਧੰਨ ਧੰਨ ਬਾਬਾ



ਦੀਪ ਸਿੰਘ ਜੀ ਸ਼ਹੀਦ ਪਿੰਡ ਆਕਲਿਆਨਾ ਵਿਖੇ ਸ਼ਾਮ 6:00 ਤੋਂ ਰਾਤ 9:00 ਵਜੇ ਤੱਕ ਕਰਵਾਏ ਜਾ ਰਹੇ ਹਨ। ਇਸ ਵਾਰ ਦੇ ਗੁਰਮਤਿ ਸਮਗਾਮ ਧੰਨ ਧੰਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 556 ਸਾਲਾ ਪ੍ਰਕਾਸ਼ ਪੁਰਬ ਤੋਂ ਇਲਾਵਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਪੁਰਬ ਨੂੰ ਵੀ ਸਮਰਪਿਤ ਹੋਣਗੇ। ਇਹ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਭਾਈ ਹਰਨੇਕ ਸਿੰਘ ਨੇ ਦੱਸਿਆ ਕਿ ਇਹ ਸਮਾਗਮ ਗੁਰਦੁਆਰਾ ਕੰਪਲੈਕਸ ਦੇ ਅੰਦਰ ਖੁਲ੍ਹੇ ਪੰਡਾਲ ਵਿਖੇ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਅਤੇ ਆਸ ਪਾਸ ਦੇ ਪਿੰਡਾਂ ਵਿਚੋਂ ਵੀ ਵੱਡੀ ਗਿਣਤੀ ਵਿਚ ਸੰਗਤਾਂ ਵਲੋਂ ਇਸ ਸਮਾਗਮ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਹੈ। ਇਸ ਸਮਾਗਮ ਲਈ ਨਵਾਂਸ਼ਹਿਰ ਅਤੇ ਹੋਰ ਇਲਾਕਿਆਂ ਤੋਂ ਸੰਗਤਾਂ ਨੂੰ ਲਿਆਉਣ ਲਿਜਾਉਣ ਲਈ ਫ੍ਰੀ ਬੱਸ ਸੇਵਾ ਦੇ ਪ੍ਰਬੰਧ ਵੀ ਕੀਤੇ ਗਏ ਹਨ। ਇਸ ਸਮਾਗਮ ਦੀ ਅਰੰਭਤਾ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਨਾਲ ਹੋਵੇਗੀ। ਉਪਰੰਤ ਭਾਈ ਜੁਝਾਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ। ਉਨਾਂ ਤੋਂ ਬਾਅਦ ਪ੍ਰਸਿੱਧ ਵਿਦਵਾਨ ਅਤੇ ਕਥਾਵਾਚਕ ਭਾਈ ਮਨਦੀਪ ਸਿੰਘ ਮੁਰੀਦ ਗੁਰੂ ਨਾਨਕ ਸਾਹਿਬ ਅਤੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਇਤਿਹਾਸ ਅਤੇ ਫਲਸਫੇ ਤੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ।

## ਭਗਵਤੀ ਜਾਗਰਣ ਭਲਕੇ

**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)-** ਸ਼ਿਵ ਮੰਦਿਰ ਕਮੇਟੀ ਤੇ ਐਨ ਆਰ ਆਈ ਵੀਰਾਂ ਤੇ ਸਮੂਹ ਨਗਰ ਨਿਵਾਸੀ ਪਿੰਡ ਮੂਲੇਵਾਲ ਬ੍ਰਾਹਮਣਾ ਅਤੇ ਖੈਹਿਰਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 36 ਵਾਂ ਸਲਾਨਾ ਮਾਂ ਭਗਵਤੀ ਜਾਗਰਣ 26 ਸਤੰਬਰ ਨੂੰ ਸ਼ਿਵ ਮੰਦਿਰ ਮੂਲੇਵਾਲ ਬ੍ਰਾਹਮਣਾ ਖੈਹਿਰਾ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਐਂਕਰ ਰਮੇਸ਼ ਘਈ ਤੇ ਪੰਡਿਤ ਸੀਤਾਰਾਮ ਨੇ ਦੱਸਿਆ ਕਿ ਰਾਤ 8 ਵਜੇ ਜੋਤੀ ਪੂਜਨ ਅਤੇ 9 ਵਜੇ ਜਾਗਰਣ ਸ਼ੁਰੂ ਕੀਤਾ ਜਾਵੇਗਾ ਇਸ ਮੌਕੇ ਤੇ ਸੰਜਨਾ ਭੱਲਾ, ਰਾਜਨ ਰਾਮ ਐਂਡ ਪਾਰਟੀ, ਗੋਰਾ ਸੈਦਪੁਰ, ਮਾਤਾ ਦੇ ਭਗਤ ਰਕੇਸ਼ ਕੁਮਾਰ ਗਣੇਸ਼ ਵੰਦਨਾ ਤੇ ਤਾਰਾ ਰਾਣੀ ਦੀ ਕਥਾ ਕਰਨਗੇ। ਮਹਾਂਮਾਈ ਦਾ ਭੰਡਾਰਾ ਰਾਤ ਦਿਨ ਅਤੁੱਟ ਵਰਤੇਗਾ।

## ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਯੂਨੀਅਨ ਦੀ ਮੀਟਿੰਗ

**ਤਲਵਾੜਾ/ ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਯੂਨੀਅਨ ਤਲਵਾੜੀ ਦੀ ਮੀਟਿੰਗ ਪ੍ਰਧਾਨ ਰਾਜੀਵ ਸ਼ਰਮਾ ਦੀ ਅਗਵਾਈ ਹੇਠ ਹੋਈ। ਵੱਡੀ ਗਿਣਤੀ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਮੁਲਾਜ਼ਮ ਸ਼ਾਮਲ ਹੋਏ। ਜਥੇਬੰਦੀ ਦੇ ਸਕੱਤਰ ਸ਼ਾਮ ਸਿੰਘ ਬਟਵਾੜਾ ਨੇ ਪੰਜਾਬ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਜਥੇਬੰਦੀ ਨੇ ਸਰਕਾਰ ਤੋਂ ਹਰ ਤਰ੍ਹਾਂ ਦੇ ਠੇਕਾ, ਇਨਲਿਸਟਮੈਂਟ ਅਤੇ ਆਊਟ ਸੋਰਸ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ ਨਿਯਮਤ ਕਰਨ ਦੀ ਮੰਗ ਕੀਤੀ। 13 ਫੀਸਦੀ ਮਹਿੰਗਾਈ ਭੱਤੇ ਦੀਆਂ ਪਿਛਲੀਆਂ ਕਿਸ਼ਤਾਂ ਬਕਾਏ ਸਮੇਤ ਦਿਵਾਲੀ ਤੋਂ ਪਹਿਲਾਂ ਦੇਣ,



ਪੁਰਾਣੀ ਪੈਨਸ਼ਨ ਬਹਾਲ ਕਰਨ, ਮਹਿਕਮੇ 'ਚ ਖਾਲੀ ਪਈਆਂ ਪੋਸਟਾਂ ਪਹਿਲ ਦੇ ਅਧਾਰ 'ਤੇ ਪੂਰੇ ਸਕੇਲ 'ਤੇ ਭਰਨ, ਨਿੱਜੀਕਰਨ ਬੰਦ ਕਰਨ ਆਦਿ ਮੰਗਾਂ ਨੂੰ ਆਪਣੇ ਰਹਿੰਦੇ ਕਾਰਜ਼ਕਾਲ 'ਚ ਪੂਰਾ ਕਰਨ ਦੀ ਮੰਗ ਕੀਤੀ। ਪ੍ਰਧਾਨ ਰਾਜੀਵ ਸ਼ਰਮਾ ਨੇ ਸਰਕਾਰ 'ਤੇ ਮੀਟਿੰਗਾਂ ਦਾ ਸਮਾਂ ਦੇ ਕੇ ਮੀਟਿੰਗ ਕਰਨ ਦੇ ਦੋਸ਼ ਲਗਾਏ। ਉਨ੍ਹਾਂ ਉਕਤ ਮੰਗਾਂ ਨਾ ਮੰਨੇ ਜਾਣ 'ਤੇ ਸੰਘਰਸ਼ ਨੂੰ ਤੇਜ਼ ਕਰਨ ਦੀ ਚਿਤਾਵਨੀ ਦਿੱਤੀ ਹੈ।

## ਸੰਤ ਬਾਬਾ ਚਰਨ ਦਾਸ ਮਹਾਰਾਜ ਦੇ 17ਵੀਂ ਬਰਸੀ ਸਮਾਗਮ ਦੀਆਂ ਤਿਆਰੀਆਂ ਆਰੰਭ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)-** ਧੰਨ-ਧੰਨ 108 ਸੰਤ ਬਾਬਾ ਚਰਨ ਦਾਸ ਮਹਾਰਾਜ ਜੀ ਦਾ 17ਵਾਂ ਬਰਸੀ ਸਮਾਗਮ 9 ਅਕਤੂਬਰ ਨੂੰ ਡੇਰਾ ਸੰਤਪੁਰੀ ਮਹਿਦੂਦ ਨਜ਼ਦੀਕ ਜੇਜੋਂ ਦੋਆਬਾ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ



ਦਿੰਦਿਆਂ ਇਸ ਅਸਥਾਨ ਦੇ ਮੁੱਖ ਸੰਚਾਲਕ ਸ੍ਰੀਮਾਨ 108 ਸੰਤ ਸਤਨਾਮ ਦਾਸ ਜੀ ਨੇ ਦੱਸਿਆ ਕਿ 8 ਅਕਤੂਬਰ ਦਿਨ ਬੁੱਧਵਾਰ ਨੂੰ ਰਾਤ 8 ਵਜੇ ਰੈਣ ਸਵਾਈ ਕੀਰਤਨ ਹੋਵੇਗਾ। 9 ਅਕਤੂਬਰ ਨੂੰ ਠੀਕ ਸਮੇਂ ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ 10 ਵਜੇ ਤੋਂ ਲੈ ਕੇ 2 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ, ਜਿਸ ਵਿੱਚ ਪਹੁੰਚ ਰਹੇ ਸੰਤ ਮਹਾਂਪੁਰਸ਼ ਕਥਾ ਕੀਰਤਨ ਕਰਕੇ ਸੰਗਤਾਂ ਨੂੰ ਸੰਤ ਬਾਬਾ ਚਰਨ ਦਾਸ ਮਹਾਰਾਜ ਜੀ ਦੇ ਪਰਉਪਕਾਰੀ ਕਾਰਜਾਂ ਤੋਂ ਜਾਣੂ ਕਰਵਾਉਣਗੇ। ਗੁਰੂ ਕਾ ਲੰਗਰ ਅਤੁੱਟ ਚੱਲੇਗਾ। ਸੰਤ ਬਾਬਾ ਸਤਨਾਮ ਸਿੰਘ ਮਹਾਰਾਜ ਜੀ ਨੇ ਇਲਾਕਾ ਨਿਵਾਸੀ ਸੰਗਤਾਂ ਨੂੰ ਇਸ ਸਮਾਗਮ ਵਿੱਚ ਸ਼ਾਮਿਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਕੀਤੀ।

## ਸੁਖਬੀਰ ਸਿੰਘ ਬਾਦਲ ਦੀ ਚੜ੍ਹਤ ਦੇਖ ਕੇ ਵਿਰੋਧੀ ਪਾਰਟੀਆਂ ਬੁਖਲਾਈਆਂ: ਲੱਖੀ ਗਿਲਜੀਆਂ, ਮੋਮੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)-** ਮੌਜੂਦਾ ਹੜ ਦੇ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਹੜ ਪੀੜਤਾਂ ਦੀ ਅੱਗੇ ਹੋ ਕੇ ਬਾਂਹ ਫੜੀ ਗਈ ਹੈ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਖੁਦ ਜਾ ਕੇ ਹੜ ਪੀੜਤਾਂ ਦੀ ਮਦਦ ਕੀਤੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਤੇ ਅਕਾਲੀ ਆਗੂ



ਸਰਬਜੀਤ ਸਿੰਘ ਮੋਮੀ ਨੇ ਵਿਸ਼ੇਸ਼ ਤੌਰ ਤੇ ਸਾਂਝੇ ਰੂਪ ਵਿੱਚ ਗੱਲਬਾਤ ਕਰਨ ਦੌਰਾਨ ਕੀਤਾ। ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਤੇ ਅਕਾਲੀ ਆਗੂ ਸਰਬਜੀਤ ਸਿੰਘ ਮੋਮੀ ਨੇ ਕਿਹਾ ਕਿ ਜਿਸ ਦਿਨ ਪੰਜਾਬ ਹੜ੍ਹਾਂ ਦੇ ਵਿੱਚ ਘਿਰਿਆ ਉਸੇ ਦਿਨ ਤੋਂ ਹੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲੋਕਾਂ ਦੀ ਮਾਲੀ ਅਤੇ ਹੋਰ ਸਮਾਨ ਦੁਆਰਾ ਮਦਦ ਕੀਤੀ ਹੈ ਜਿਸ ਕਾਰਨ ਮੁਸੀਬਤ ਵਿੱਚ ਘਿਰੇ ਹੋਏ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ ਪ੍ਰੰਤੂ ਇਸ ਤੋਂ ਤੋਂ ਵਿਰੋਧੀ ਬੋਖਲਾਹਟ ਵਿੱਚ ਆ ਕੇ ਉਨਾਂ ਤੇ ਝੂਠੀ ਬਿਆਨਬਾਜ਼ੀ ਕਰਦੇ ਹੋਏ ਝੂਠੇ ਇਲਜ਼ਾਮ ਲਗਾ ਰਹੇ ਹਨ ਜੋ ਕਿ ਸੱਚਾਈ ਤੋਂ ਕੋਹਾਂ ਦੂਰ ਹਨ। ਉਹਨਾਂ ਕਿਹਾ ਕਿ ਜੋ ਵਿਰੋਧੀ ਪਾਰਟੀਆਂ ਪ੍ਰਧਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਇਹ ਇਲਜ਼ਾਮ ਲਗਾ ਰਹੀਆਂ ਹਨ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੈਸਾ ਵੰਡ ਰਹੇ ਹਨ ਇਹ ਤੱਥਾਂ ਤੋਂ ਦੂਰ ਹੈ ਕਿਉਂਕਿ ਸ਼੍ਰੋਮਣੀ ਕਮੇਟੀ ਕੋਲ ਇੱਕ ਇੱਕ ਪੈਸੇ ਦਾ ਹਿੱਸਾ ਆਡਿਟ ਦੇ ਰੂਪ ਵਿੱਚ ਰੱਖਿਆ ਜਾਂਦਾ।

## ਜ਼ਿਲ੍ਹਾ ਮੈਜਿਸਟਰੇਟ ਵੱਲੋਂ ਤਿਉਹਾਰਾਂ ਮੌਕੇ ਪਟਾਖੇ ਤੇ ਆਤਿਸ਼ਬਾਜ਼ੀ ਚਲਾਉਣ ਲਈ ਸਮਾਂ ਨਿਰਧਾਰਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਜ਼ਿਲ੍ਹਾ ਮੈਜਿਸਟਰੇਟ ਆਸ਼ਿਕਾ ਜੈਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਆਉਣ ਵਾਲੇ ਦਿਨਾਂ ਵਿਚ ਤਿਉਹਾਰਾਂ ਦੇ ਮੱਦੇਨਜ਼ਰ ਜ਼ਿਲ੍ਹੇ ਦੀ ਹੱਦ ਅੰਦਰ ਪਟਾਖੇ ਚਲਾਉਣ ਸਬੰਧੀ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮਾਂ ਵਿਚ ਉਨ੍ਹਾਂ ਨੇ



ਜ਼ਿਲ੍ਹੇ ਵਿਚ ਪਟਾਖੇ ਅਤੇ ਆਤਿਸ਼ਬਾਜ਼ੀ ਚਲਾਉਣ ਲਈ ਦਿਨ ਅਤੇ ਸਮਾਂ ਨਿਰਧਾਰਿਤ ਕੀਤਾ ਹੈ ਅਤੇ ਹਦਾਇਤ ਕੀਤੀ ਹੈ ਕਿ ਇਸ ਨਿਰਧਾਰਿਤ ਸਮੇਂ ਤੋਂ ਬਾਅਦ ਜਾਂ ਇਸ ਤੋਂ ਪਹਿਲਾਂ ਪਟਾਖੇ ਅਤੇ ਆਤਿਸ਼ਬਾਜ਼ੀ ਚਲਾਉਣ 'ਤੇ ਪੂਰਨ ਪਾਬੰਦੀ ਹੋਵੇਗੀ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ 20 ਅਕਤੂਬਰ 2025 ਨੂੰ ਦੀਵਾਲੀ ਵਾਲੇ ਦਿਨ ਸਵੇਰੇ 8 ਵਜੇ ਤੋਂ ਰਾਤ 10 ਵਜੇ ਤੱਕ, 5 ਨਵੰਬਰ ਨੂੰ ਗੁਰਪੁਰਬ ਵਾਲੇ ਦਿਨ ਸਵੇਰੇ 4 ਵਜੇ ਤੋਂ ਸਵੇਰੇ 5 ਵਜੇ ਤੱਕ ਤੇ ਰਾਤ 9 ਵਜੇ ਤੋਂ ਰਾਤ 10 ਵਜੇ ਤੱਕ ਅਤੇ 25-26 ਦਸੰਬਰ ਨੂੰ ਕ੍ਰਿਸਮਸ ਤੇ 31 ਦਸੰਬਰ (ਅੱਧੀ ਰਾਤ) ਨਵੇਂ ਸਾਲ ਦੇ ਮੌਕੇ 'ਤੇ ਰਾਤ 11:55 ਤੋਂ 12:30 ਵਜੇ ਤੱਕ ਪਟਾਖੇ ਚਲਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸਾਈਲੈਂਸ ਜ਼ੋਨਾਂ ਜਿਵੇਂ ਕਿ ਹਸਪਤਾਲ, ਵਿੱਦਿਅਕ ਸੰਸਥਾਵਾਂ, ਅਦਾਲਤਾਂ ਅਤੇ ਧਾਰਮਿਕ ਸਥਾਨਾਂ ਆਦਿ ਦੇ 100 ਮੀਟਰ ਦੇ ਘੇਰੇ ਅੰਦਰ ਪਟਾਖੇ ਚਲਾਉਣ ਦੀ ਇਜਾਜ਼ਤ ਨਹੀਂ ਹੋਵੇਗੀ। ਉਨ੍ਹਾਂ ਸਮੂਹ ਉਪ ਮੰਡਲ ਮੈਜਿਸਟਰੇਟਾਂ, ਇਲਾਕਾ ਮੈਜਿਸਟਰੇਟਾਂ, ਜ਼ਿਲ੍ਹਾ ਪੁਲਿਸ ਨੂੰ ਹਦਾਇਤ ਕੀਤੀ ਕਿ ਉਹ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਜਾਰੀ ਹੁਕਮਾਂ ਅਤੇ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ।

## ਅੱਤਵਾਦੀ ਪੰਨੂ ਨੂੰ ਗ੍ਰਿਫਤਾਰ ਕਰਕੇ ਭਾਰਤ ਲਿਆਵੇ ਕੇਂਦਰ ਸਰਕਾਰ : ਰਾਹੁਲ ਖੰਨਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)-** ਦਹਿਸ਼ਤਗਰਦ ਖਾਲਿਸਤਾਨੀ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਵੱਲੋਂ ਆਏ ਦਿਨ ਪੰਜਾਬ ਵਿੱਚ ਵੱਖ-ਵਖ ਸਥਾਨਾਂ ਤੇ ਖਾਲਿਸਤਾਨ ਜਿੰਦਾਬਾਦ ਅਤੇ ਪੰਜਾਬ ਵਿੱਚੋਂ ਹਿੰਦੂਆਂ ਨੂੰ ਨਿਕਲ ਜਾਣ ਦੀਆਂ ਧਮਕੀਆਂ ਦੇਣ ਦੇ ਰੋਸ



ਵਜੋਂ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ ਸ਼ਿਵ ਸੈਨਾ ਵਰਕਰਾਂ ਨੇ ਗੁਰਪਤਵੰਤ ਪੰਨੂ ਖਿਲਾਫ ਰੋਸ ਦਾ ਪ੍ਰਗਟਾਵਾ ਕੀਤਾ। ਉਹਨਾਂ ਨਾਲ ਜ਼ਿਲਾ ਚੇਅਰਮੈਨ ਵਿਵੇਕ ਵਿਜ਼ਨ, ਦੋਆਬਾ ਯੂਥ ਪ੍ਰਧਾਨ ਪ੍ਰਸ਼ਾਂਤ ਪੰਡਿਤ, ਯੁਵਾ ਨੇਤਾ ਰਾਜੂ ਖੋਸਲਾ, ਜ਼ਿਲਾ ਯੂਥ ਪ੍ਰਧਾਨ ਪੁਨੀਤ ਢੀਂਗਰਾ, ਜ਼ਿਲਾ ਵਾਈਸ ਚੇਅਰਮੈਨ ਸੰਜੀਵ ਖੰਨਾ, ਸਿਟੀ ਯੂਥ ਪ੍ਰਧਾਨ ਗੁਰਨਾਮ ਸਿੰਘ ਗੋਨੀ, ਸੀਨੀਅਰ ਸਿਟੀ ਪ੍ਰਧਾਨ ਰਜੀਵ ਖੰਨਾ, ਸਿਟੀ ਯੂਥ ਚੇਅਰਮੈਨ ਮਨਜੋਤ ਸਿੰਘ, ਬਲਾਕ ਪ੍ਰਧਾਨ ਗੌਰਵ ਬੇਦੀ, ਬਬਲੂ ਮੂਨਕਾਂ, ਬੌਬੀ ਤੋਂ ਇਲਾਵਾ ਹੋਰ ਹਾਜ਼ਰ ਸਨ। ਪ੍ਰਧਾਨ ਰਾਹੁਲ ਖੰਨਾ ਨੇ ਕਿਹਾ ਕਿ ਵਿਦੇਸ਼ ਵਿੱਚ ਬੈਠੇ ਅੱਤਵਾਦੀ ਗੁਰਪਤਵੰਤ ਪੰਨੂ ਦੇ ਇਸ਼ਾਰੇ ਤੇ ਬੀਤੇ ਦਿਨ ਬਟਾਲਾ ਰੇਲਵੇ ਸਟੇਸ਼ਨ ਤੇ ਖਾਲਿਸਤਾਨ ਜਿੰਦਾਬਾਦ ਅਤੇ ਹਿੰਦੂ ਪੰਜਾਬ ਛੱਡ ਕੇ ਚਲੇ ਜਾਣ ਦੇ ਨਾਅਰੇ ਲਿਖੇ ਗਏ ਹਨ। ਉਨ੍ਹਾਂ ਭਾਰਤ ਸਰਕਾਰ ਨੂੰ ਪੁਰਜੋਰ ਅਪੀਲ ਕੀਤੀ ਕਿ ਅੱਤਵਾਦੀ ਗੁਰਪਤਵੰਤ ਪੰਨੂ ਨੂੰ ਗ੍ਰਿਫਤਾਰ ਕਰਕੇ ਭਾਰਤ ਲਿਆਂਦਾ ਜਾਵੇ ਤੇ ਉਸ ਨੂੰ ਫਾਂਸੀ ਦੀ ਸਜ਼ਾ ਦੇ ਦਿੱਤੀ ਜਾਵੇ ਤਾਂ ਜੋ ਅਗਾਂਹ ਤੋਂ ਕੋਈ ਪੰਜਾਬ ਦਾ ਸ਼ਾਂਤਮਈ ਮਾਹੌਲ ਖਰਾਬ ਕਰਨ ਦੇ ਯਤਨ ਨਾ ਕਰ ਸਕੇ।

## ਕੋਈ ਵੀ ਯੋਗ ਵਿਅਕਤੀ ਰਾਸ਼ਨ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ : ਕੈਬਨਿਟ ਮੰਤਰੀ



**ਜਲੰਧਰ (ਸ਼ੈਲੀ ਐਲਬਰਟ)-** ਪੰਜਾਬ ਦੇ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਜਲੰਧਰ ਦੇ ਸਰਕਟ ਹਾਊਸ ਵਿਖੇ ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਨਾਲ ਇਕ ਅਹਿਮ ਮੀਟਿੰਗ ਦੌਰਾਨ ਸਖ਼ਤ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਕੋਈ ਯੋਗ ਵਿਅਕਤੀ ਰਾਸ਼ਨ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜ਼ਮੀਨੀ ਪੱਧਰ 'ਤੇ ਜਾ ਕੇ ਪਾਰਦਰਸ਼ੀ ਢੰਗ ਨਾਲ ਰਾਸ਼ਨ ਕਾਰਡਾਂ ਦੀ ਈ.ਕੇ.ਵਾਈ.ਸੀ.ਵਿੱਚ ਤੇਜ਼ੀ ਲਿਆਂਦੀ ਜਾਵੇ। ਜ਼ਿਕਰਯੋਗ ਹੈ ਕਿ ਫੂਡ ਤੇ ਸਿਵਲ ਸਪਲਾਈਜ਼ ਵਿਭਾਗ ਵਲੋਂ ਰਾਸ਼ਨ ਕਾਰਡਾਂ ਦੀ ਵੈਰੀਫਿਕੇਸ਼ਨ (ਈ ਕੇ ਵਾਈ ਸੀ) ਕੀਤੀ ਜਾ ਰਹੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਕੋਈ ਵੀ ਯੋਗ ਵਿਅਕਤੀ ਰਾਸ਼ਨ ਦੀ ਸਹੂਲਤ ਤੋਂ ਵਾਂਝਾ ਨਾ ਰਹੇ, ਬਲਕਿ ਪੰਜਾਬ ਸਰਕਾਰ ਦੀ ਇਸ ਸਹੂਲਤ ਦਾ ਹਰ ਯੋਗ ਵਿਅਕਤੀ ਨੂੰ ਲਾਭ ਪਹੁੰਚਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਦੀ ਸੂਬਾ ਸਰਕਾਰ ਸਮਾਜ ਦੇ ਹਰੇਕ ਵਰਗ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਵਚਨਬੱਧ ਹੈ ਅਤੇ ਹਰੇਕ ਵਰਗ ਨੂੰ ਸਹੂਲਤਾਂ ਪਖੋਂ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।ਇਸ ਮੌਕੇ ਆਪ ਦੇ ਸੀਨੀਅਰ ਆਗੂ ਰਾਜਵਿੰਦਰ ਕੌਰ ਥਿਆੜਾ, ਦਿਨੇਸ਼ ਢੱਲ, ਡੀ ਐਫ ਐਸ ਸੀ ਹਰਵੀਨ ਕੌਰ ਅਤੇ ਖੁਰਾਕ ਤੇ ਸਿਵਲ ਸਪਲਾਈਜ਼ ਵਿਭਾਗ ਦਾ ਸਟਾਫ਼ ਵੀ ਹਾਜ਼ਰ ਸੀ।

## ਅਕਾਲ ਗਲੈਕਸੀ ਕਾਨਵੈਂਟ ਸਕੂਲ 'ਚ ਮਨਾਇਆ ਵਿਸ਼ਵ ਪੰਜਾਬੀ ਦਿਵਸ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)-** ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ ਲੋਹੀਆਂ ਖਾਸ ਦੇ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਜੀ ਦੀ ਯੋਗ ਅਗਵਾਈ ਹੇਠ ਵਿਸ਼ਵ ਪੰਜਾਬੀ ਦਿਵਸ ਮਨਾਇਆ ਗਿਆ। ਇਸ ਦੌਰਾਨ ਸਮੂਹ ਸਟਾਫ ਅਤੇ ਵਿਦਿਆਰਥੀ ਪੰਜਾਬੀ ਪਹਿਰਾਵੇ ਦੇ ਵਿੱਚ ਆਏ ਅਤੇ ਸਾਰਿਆਂ ਨੇ ਨਿਰੋਲ ਪੰਜਾਬੀ ਭਾਸ਼ਾ ਦੇ ਵਿੱਚ ਗੱਲਬਾਤ ਕੀਤੀ। ਸਾਰੇ ਵਿਦਿਆਰਥੀਆਂ ਦੁਆਰਾ ਇੱਕ ਪੰਨਾ ਗੁਰਮੁਖੀ ਲਿਪੀ ਦਾ ਸੁੰਦਰ ਲਿਖਾਈ ਵਿੱਚ ਲਿਖ ਕੇ ਸੋਸ਼ਲ ਮੀਡੀਆ ਉੱਪਰ ਅਪਲੋਡ ਕੀਤਾ ਗਿਆ। ਇਸ ਵਿਸ਼ੇਸ਼ ਦਿਹਾੜੇ ਤੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਦੁਆਰਾ



ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਜਾਰੀ ਕੀਤਾ ਗਿਆ ਪੋਸਟਰ ਆਪਣੇ ਵਟਸਐਪ ਡੀ.ਪੀ.ਅਤੇ ਸਟੇਟਸ ਵਜੋਂ ਲਗਾਇਆ ਗਿਆ। ਇਸ ਦਿਨ ਸਕੂਲ ਵਿੱਚ ਵਿਦਿਆਰਥੀਆਂ ਵਿਚਕਾਰ ਵੱਖ- ਵੱਖ ਪੰਜਾਬੀ ਕਵਿਤਾਵਾਂ ਉਚਾਰਨ, ਸ਼ਬਦ ਜੋੜ ਮੁਕਾਬਲਾ ਆਦਿ ਵੱਖ - ਵੱਖ ਗਤੀਵਿਧੀਆਂ ਸੰਬੰਧੀ ਮੁਕਾਬਲੇ ਕਰਵਾਏ ਗਏ ।ਸਮੂਹ ਸਟਾਫ ਵੱਲੋਂ ਸੁੰਦਰ ਲਿਖਾਈ ਵਿੱਚ ਇੱਕ ਇੱਕ ਪੰਨਾ ਗੁਰਮੁਖੀ ਲਿਪੀ ਦਾ ਲਿਖ ਕੇ ਸੋਸ਼ਲ ਮੀਡੀਆ ਉੱਤੇ ਅਪਲੋਡ ਕੀਤਾ ਗਿਆ।

## ਮੇਹਰ ਚੰਦ ਪੌਲੀਟੈਕਨਿਕ 'ਚ ਹਿੰਦੀ ਪਖਵਾੜਾ ਸੰਪੰਨ

**ਜਲੰਧਰ (ਸ਼ੈਲੀ ਐਲਬਰਟ)-** ਮੇਹਰ ਚੰਦ ਪੌਲੀਟੈਕਨਿਕ ਕਾਲਜ ਵਿੱਚ ਦਯਾਨੰਦ ਚੇਤਨਾ ਮੰਚ ਵੱਲੋਂ ਹਿੰਦੀ ਪਖਵਾੜਾ ਮਨਾਇਆ ਗਿਆ। ਇਸ ਦੇ ਅਧੀਨ ਵਿਦਿਆਰਥੀਆਂ ਨੂੰ ਭਾਰਤ ਸੰਘ ਦੀ ਰਾਜਭਾਸ਼ਾ ਹਿੰਦੀ ਦੇ ਵਰਤੋਂ ਦੀ ਸਹਿਜਤਾ ਅਤੇ ਇਸ ਦੇ ਲਾਭਾਂ ਬਾਰੇ ਜਾਣੂ ਕਰਾਇਆ ਗਿਆ। ਇਸ ਦੌਰਾਨ ਹਿੰਦੀ ਦੀ ਵਰਤੋਂ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਕੁਝ ਮੁਕਾਬਲੇ ਵੀ ਆਯੋਜਿਤ ਕੀਤੇ ਗਏ।



ਨਿਬੰਧ ਲੇਖਨ ਮੁਕਾਬਲੇ ਵਿੱਚ ਪਹਿਲਾ ਸਥਾਨ ਮਕੈਨਿਕਲ ਤੀਜੇ ਸਾਲ ਦੇ ਅਭਿਸ਼ੇਕ ਯਾਦਵ ਨੇ ਹਾਸਲ ਕੀਤਾ ਅਤੇ ਦੂਜਾ ਸਥਾਨ ਸਾਂਝੇ ਤੌਰ 'ਤੇ ਕੰਪਿਊਟਰ ਪਹਿਲੇ ਸਾਲ ਦੀ ਪਰਨੀਤਾ ਅਤੇ ਮਕੈਨਿਕਲ ਪਹਿਲੇ ਸਾਲ ਦੇ ਰਵੀ ਕਿਸ਼ਨ ਨੂੰ ਮਿਲਿਆ।ਸੂਕਤੀ ਲੇਖਨ ਮੁਕਾਬਲੇ ਵਿੱਚ ਪਹਿਲਾ ਸਥਾਨ ਇਲੈਕਟ੍ਰੌਨਿਕਸ ਦੂਜੇ ਸਾਲ ਦੇ ਜ਼ੈਦ ਨੇ ਅਤੇ ਦੂਜਾ ਸਥਾਨ ਫਾਰਮੇਸੀ ਪਹਿਲੇ ਸਾਲ ਦੀ ਜਪਜੀਤ ਰੰਧਾਵਾ ਨੇ ਹਾਸਲ ਕੀਤਾ।ਹਿੰਦੀ ਵਿੱਚ ਅੰਕ ਗਿਣਤੀ ਲਿਖਣ ਅਤੇ ਬੋਲਣ ਦੇ ਮੁਕਾਬਲੇ ਵਿੱਚ ਪਹਿਲਾ ਸਥਾਨ ਮਕੈਨਿਕਲ ਤੀਜੇ ਸਾਲ ਦੇ ਅਭਿਸ਼ੇਕ ਨੂੰ ਅਤੇ ਦੂਜਾ ਸਥਾਨ ਇਲੈਕਟ੍ਰੌਨਿਕਸ ਦੂਜੇ ਸਾਲ ਦੀ ਵੈਸ਼ਨਵੀ ਨੂੰ ਮਿਲਿਆ।ਦਯਾਨੰਦ ਚੇਤਨਾ ਮੰਚ ਦੇ ਅਧਿਆਕਸ਼ ਪ੍ਰਭੂ ਦਯਾਲ ਨੇ ਨਿਰਣਾਇਕ ਮੰਡਲ ਦੀ ਸ੍ਰੀਮਤੀ ਰਿਚਾ ਅਰੋੜਾ, ਸ੍ਰੀਮਤੀ ਪ੍ਰੀਤ ਕੰਵਲ, ਸ੍ਰੀ ਮਨੀਸ਼ ਸਚਦੇਵਾ ਅਤੇ ਸ੍ਰੀ ਸੁਧਾਂਸ਼ੂ ਨਾਗਪਾਲ ਦਾ ਧੰਨਵਾਦ ਕੀਤਾ।ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਸਾਰੇ ਜੇਤੂਆਂ ਨੂੰ ਸਨਮਾਨਤ ਕੀਤਾ।

## ਰਾਸ਼ਟਰੀ ਫਾਰਮਾਕੋਵਿਜੀਲੈਂਸ ਹਫ਼ਤੇ ਦਾ ਆਯੋਜਨ

**ਜਲੰਧਰ (ਸ਼ੈਲੀ ਐਲਬਰਟ)-** ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਪ੍ਰਧਾਨਗੀ ਅਤੇ ਵਿਭਾਗ ਮੁਖੀ ਡਾ. ਸੰਜੇ ਬਾਂਸਲ ਦੀ ਅਗਵਾਈ ਹੇਠ, ਮੇਹਰਚੰਦ ਪੌਲੀਟੈਕਨਿਕ ਕਾਲਜ ਦੇ ਫਾਰਮੇਸੀ ਵਿਭਾਗ ਨੇ 'ਰਾਸ਼ਟਰੀ ਫਾਰਮਾਕੋਵਿਜੀਲੈਂਸ ਹਫ਼ਤਾ' ਦਾ ਆਯੋਜਨ ਕੀਤਾ। ਡਾ. ਸੰਜੇ ਬਾਂਸਲ ਨੇ ਦੱਸਿਆ ਕਿ ਫਾਰਮੇਸੀ ਕੌਂਸਲ ਆਫ਼ ਇੰਡੀਆ (ਪੀ ਸੀ ਆਈ) ਵੱਲੋਂ ਹਰ ਸਾਲ 17 ਸਤੰਬਰ ਤੋਂ 23 ਸਤੰਬਰ ਤੱਕ ਰਾਸ਼ਟਰੀ ਫਾਰਮਾਕੋਵਿਜੀਲੈਂਸ ਹਫ਼ਤਾ ਆਯੋਜਿਤ ਕੀਤਾ ਜਾਂਦਾ ਹੈ, ਜਿਸ ਦਾ ਉਦੇਸ਼ ਨੁਸਖ਼ੇ ਵਾਲੀਆਂ ਦਵਾਈਆਂ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਨਤਕ ਜਾਗਰੂਕਤਾ ਪੈਦਾ ਕਰਨਾ ਹੈ। ਮੀਨਾ ਬਾਂਸਲ ਨੇ ਵਿਦਿਆਰਥੀਆਂ ਨੂੰ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਪੋਸਟਰ ਬਣਾਉਣ ਲਈ ਉਤਸ਼ਾਹਿਤ ਕੀਤਾ। ਫਾਰਮੇਸੀ ਦੇ ਵਿਦਿਆਰਥੀਆਂ ਨੇ ਫਿਰ ਪੋਸਟਰਾਂ ਨੂੰ ਵੱਖ-ਵੱਖ ਕਲਾਸਾਂ ਵਿੱਚ ਲੈ ਜਾ ਕੇ ਇਸਦਾ ਉਦੇਸ਼ ਸਮਝਾਇਆ। ਇਸ ਸਾਲ ਦਾ ਥੀਮ 'ਤੁਹਾਡੀ ਸੁਰੱਖਿਆ ਸਿਰਫ਼ ਇੱਕ ਕਲਿੱਕ ਦੂਰ' ਹੈ। ਜੇਕਰ ਮਰੀਜ਼ ਨੂੰ ਦਵਾਈ ਲੈਣ ਤੋਂ ਬਾਅਦ ਕੋਈ ਐਲਰਜੀ,



ਧੱਫੜ ਜਾਂ ਕੋਈ ਮਾੜਾ ਪ੍ਰਭਾਵ ਮਹਿਸੂਸ ਹੁੰਦਾ ਹੈ, ਤਾਂ ਉਸਨੂੰ ਤੁਰੰਤ ਪੀ ਵੀ ਪੀ ਆਈ (ਫਾਰਮਾਕੋਵਿਜੀਲੈਂਸ ਪ੍ਰੋਗਰਾਮ ਆਫ਼ ਇੰਡੀਆ, ਗਾਜ਼ੀਆਬਾਦ) ਦੇ ਟੋਲ ਫ੍ਰੀ ਨੰਬਰ 'ਤੇ ਸੰਪਰਕ ਕਰਨਾ ਚਾਹੀਦਾ ਹੈ ਤਾਂ ਜੋ ਦਵਾਈਆਂ ਨੂੰ ਹੋਰ ਸੁਰੱਖਿਅਤ ਬਣਾਇਆ ਜਾ ਸਕੇ। ਡਾ. ਜਗਰੂਪ ਸਿੰਘ ਨੇ ਇਸ ਲਈ ਪ੍ਰਿੰਸੀਪਲ ਡਾ. ਜਗਰੂਪ ਅਤੇ ਉਨ੍ਹਾਂ ਦੀ ਪੂਰੀ ਟੀਮ ਦੀ ਪ੍ਰਸ਼ੰਸਾ ਕੀਤੀ ਅਤੇ ਪ੍ਰਿੰਸੀਪਲ ਡਾ. ਸੰਜੇ ਬਾਂਸਲ ਨੇ ਵਿਦਿਆਰਥੀਆਂ ਨੂੰ ਅਜਿਹੀਆਂ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਮੀਨਾ ਬਾਂਸਲ, ਸੰਦੀਪ ਕੁਮਾਰ, ਸਵਿਤਾ ਕੁਮਾਰੀ ਅਤੇ ਅਭਿਸ਼ੇਕ ਵੀ ਮੌਜੂਦ ਸਨ।

## ਅਲਾਇੰਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕ-119 ਦੀ ਦੂਸਰੀ ਕਾਰਜਕਾਰੀ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਅਲਾਇੰਸ ਕਲੱਬ ਇੰਟਰਨੈਸ਼ਨਲ ਡਿਸਟ੍ਰਿਕ-119 ਦੀ ਦੂਸਰੀ ਕਾਰਜਕਾਰੀ ਮੀਟਿੰਗ ਸਥਾਨਕ ਮੈਰੀਗੋਲਡ ਪੱਬਲਿਕ ਸਕੂਲ ਵਿਖੇ ਡਿਸਟ੍ਰਿਕ ਗਵਰਨਰ ਐਲੀ. ਵਿਵੇਕ ਸਾਹਨੀ ਦੀ ਪ੍ਰਧਾਨਗੀ ਹੇਠ ਕੀਤੀ ਗਈ ਜਿਸ ਵਿੱਚ ਇੰਟਰਨੈਸ਼ਨਲ ਡਾਇਰੈਕਟਰ ਐਲੀ. ਅਸ਼ੋਕ ਪੁਰੀ ਅਤੇ



ਇੰਟਰਨੈਸ਼ਨਲ ਐਡਵਾਈਜ਼ਰ ਐਲੀ. ਐਡਵੋਕੇਟ ਐਸ.ਪੀ ਰਾਣਾ ਵਿਸ਼ੇਸ਼ ਤੌਰ 'ਤੇ ਪੁਜੇ। ਦੂਸਰੀ ਕਾਰਜਕਾਰੀ ਮੀਟਿੰਗ ਦੇ ਚੇਅਰਮੈਨ ਪਾਸਟ ਡਿਸਟ੍ਰਿਕ ਗਵਰਨਰ ਐਲੀ. ਰਮੇਸ਼ ਕੁਮਾਰ ਸਨ । ਕਾਰਜਕਾਰੀ ਮੀਟਿੰਗ ਵਿੱਚ ਚੇਅਰਮੈਨ ਐਲੀ. ਰਮੇਸ਼ ਕੁਮਾਰ ਵੱਲੋਂ ਸਭ ਨੂੰ ਜੀ ਆਇਆ ਨੂੰ ਕਹਿਣ ਉਪਰੰਤ ਐਲੀ. ਵਿਵੇਕ ਸਾਹਨੀ ਨੇ ਡਿਸਟ੍ਰਿਕ ਵੱਲੋਂ ਪਿਛਲੇ ਛੇ ਮਹੀਨਿਆਂ ਵਿੱਚ ਕੀਤੇ ਕੰਮਾਂ ਉੱਪਰ ਸੰਤੁਸ਼ਟੀ ਪ੍ਰਗਟ ਕੀਤੀ। ਉਹਨਾਂ ਦੱਸਿਆ ਕਿ ਵੈਟਰਨ ਗਾਇਕਾ ਲੱਤਾ ਮੰਗੇਸ਼ਕਰ ਦੇ ਜਨਮ-ਦਿਨ ਉੱਪਰ ਸ਼ਹਿਰ ਦੀਆਂ ਹੋਰ ਸੰਗੀਤਕ ਸੰਸਥਾਵਾਂ ਨੂੰ ਨਾਲ ਲੈ ਕੇ ਇੱਕ ਪ੍ਰੋਗਰਾਮ ਕਰਵਾਇਆ ਜਾਵੇਗਾ। ਇਸ ਮੌਕੇ ਤੇ ਐਲੀ. ਅਸ਼ੋਕ ਪੁਰੀ ਨੇ ਅਲਾਇੰਸ ਕੱਲਬ ਹੁਸ਼ਿਆਰਪੁਰ ਯੂਨੀਕ ਦੇ ਪ੍ਰਧਾਨ ਐਲੀ. ਪ੍ਰੋ.ਦਲਜੀਤ ਰਾਏ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਲਈ ਮੁਬਾਰਕਬਾਦ ਦਿੱਤੀ। ਇਸ ਮੌਕੇ ਤੇ ਐਲੀ.ਪ੍ਰੋ.ਦਲਜੀਤ ਰਾਏ ਨੇ ਦੱਸਿਆ ਕਿ ਜਲਦੀ ਹੀ 'ਸ਼ੋਸ਼ਲ ਜਸਟਿਸ ਦਿਵਸ' ਮੌਕੇ ਤੇ ਇੱਕ ਸੈਮੀਨਾਰ ਐਲੀ. ਐਡਵੋਕੇਟ ਐਸ.ਪੀ. ਰਾਣਾ ਦਿਸ਼ਾ ਨਿਰਦੇਸ਼ ਅਨੁਸਾਰ ਕਰਵਾਇਆ ਜਾਵੇਗਾ। ਮੀਟਿੰਗ ਵਿੱਚ ਸਾਰਥਿਕ ਵਿਚਾਰਾ ਲਈ ਪ੍ਰਿੰਸੀਪਲ ਰੁਪਿੰਦਰ ਕੌਰ, ਐਲੀ.ਮਨੋਜ ਕੁਮਾਰੀ, ਐਲੀ. ਸ਼ਰਨਜੀਤ ਕੌਰ ਦਾ ਕਾਰਜਕਾਰੀ ਚੇਅਰਮੈਨ ਐਲੀ. ਰਮੇਸ਼ ਕੁਮਾਰ ਨੇ ਧੰਨਵਾਦ ਕੀਤਾ। ਪ੍ਰੋਗਰਾਮ ਦੇ ਅਖੀਰ ਵਿੱਚ ਐਲੀ. ਅਸ਼ੋਕ ਪੁਰੀ ਨੇ ਡਿਸਟ੍ਰਿਕ ਗਵਰਨਰ ਐਲੀ. ਵਿਵੇਕ ਸਾਹਨੀ ਨੂੰ ਇੰਟਰਨੈਸ਼ਨਲ ਪ੍ਰੇਜ਼ੀਡੈਂਟ ਐਪ੍ਰੀਸੇਸ਼ਨ ਸਰਟਿਫਿਕੇਟ ਦੇ ਕੇ ਸਨਮਾਨਿਤ ਕੀਤਾ।

## ਖੇਤੀਬਾੜੀ ਜਾਗਰੂਕਤਾ ਕੈਂਪ ਲਗਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-** ਮਾਨਵ ਵਿਕਾਸ ਸੰਸਥਾ ਵੱਲੋਂ ਖੇਤੀਬਾੜੀ ਵਿਭਾਗ ਦੇ ਸਹਿਯੋਗ ਨਾਲ ਪਿੰਡ ਪੱਧਰ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾ. ਜਸਵਿੰਦਰ ਸਿੰਘ, ਖੇਤੀਬਾੜੀ ਅਫਸਰ ਡਾ. ਜਸਵੀਰ ਸਿੰਘ ਤੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਡਿਪਟੀ ਡਾਇਰੈਕਟਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਕੈਂਪ ਦੀ ਸ਼ੁਰੂਆਤ ਖੇਤੀਬਾੜੀ ਵਿਭਾਗ ਦੇ ਡਾ. ਸੁਖਵਿੰਦਰ ਸਿੰਘ ਨੇ ਕੀਤੀ। ਉਨ੍ਹਾਂ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਸਰਕਾਰੀ ਮਸ਼ੀਨਰੀ ਸਬਸਿਡੀ ਸਕੀਮਾਂ ਬਾਰੇ ਦੱਸਿਆ।ਇਸ ਮੌਕੇ ਟੀ ਐੱਨ ਸੀ ਦੇ ਪ੍ਰਭਪ੍ਰੀਤ ਸਿੰਘ ਨੇ ਟੀ ਐੱਨਸੀ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਖੇਤੀਬਾੜੀ ਸੁਪਰਵਾਈਜ਼ਰ ਬਲਕਰਨ ਸਿੰਘ ਨੇ ਕਿਸਾਨਾਂ ਨੂੰ ਝੋਨੇ ਦੀ ਫਸਲ ਵਿੱਚ ਆਉਣ ਵਾਲੀਆਂ ਬਿਮਾਰੀਆਂ ਬਾਰੇ ਜਾਣਕਾਰੀ ਦਿੱਤੀ। ਅੰਤ ਵਿੱਚ ਮੁੱਖ ਖੇਤੀਬਾੜੀ ਅਫਸਰ ਡਾ. ਜਸਵਿੰਦਰ ਸਿੰਘ ਨੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਕੀਤੀ।

## ਮੁਹਾਲੀ 'ਚ 10 ਕਰੋੜ ਰੁਪਏ ਦੇ ਸੜਕੀ ਬੁਨਿਆਦੀ ਢਾਂਚੇ ਦੇ ਪ੍ਰੋਜੈਕਟ ਸ਼ੁਰੂ : ਕੁਲਵੰਤ ਸਿੰਘ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)-** ਮੋਹਾਲੀ ਦੇ ਵਿਧਾਇਕ ਕੁਲਵੰਤ ਸਿੰਘ ਨੇ ਇੱਥੇ ਆਖਿਆ ਕਿ ਐਸ.ਏ.ਐਸ. ਨਗਰ (ਮੋਹਾਲੀ) ਹਲਕੇ ਵਿੱਚ 10 ਕਰੋੜ ਰੁਪਏ ਦੇ ਸੜਕੀ ਬੁਨਿਆਦੀ ਢਾਂਚੇ ਦੇ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ। ਕੁੱਲ



13-14 ਮੁੱਖ ਸੜਕਾਂ ਦੇ ਟੈਂਡਰ ਕੀਤੇ ਗਏ ਸਨ, ਜਿਨ੍ਹਾਂ ਦੇ ਅਲਾਟਮੈਂਟ ਪੱਤਰ ਵੀ ਜਾਰੀ ਕਰ ਦਿੱਤੇ ਗਏ ਹਨ, ਅਤੇ ਕੁਝ ਥਾਵਾਂ 'ਤੇ ਕੰਮ ਸ਼ੁਰੂ ਹੋ ਗਿਆ ਹੈ, ਜਦੋਂ ਕਿ ਬਾਕੀ ਅਗਲੇ ਹਫ਼ਤੇ ਦੇ ਅੰਦਰ ਸ਼ੁਰੂ ਹੋ ਜਾਣਗੇ।ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਮੋਹਾਲੀ ਦੇ ਸੜਕੀ ਸੰਪਰਕ ਅਤੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਵੱਲ ਸੂਬੇ ਦੀ ਭਗਵੰਤ ਸਿੰਘ ਮਾਨ ਸਰਕਾਰ ਦਾ ਇੱਕ ਮਹੱਤਵਪੂਰਨ ਕਦਮ ਹੈ, ਜਿਸ ਨਾਲ ਰਾਹੀਆਂ ਅਤੇ ਨਿਵਾਸੀਆਂ ਨੂੰ ਲੰਬੇ ਸਮੇਂ ਲਈ ਰਾਹਤ ਮਿਲੇਗੀ। ਉਨ੍ਹਾਂ ਕਿਹਾ ਸ਼ਨਾਖ਼ਤ ਕੀਤੀਆਂ ਗਈਆਂ ਸੜਕਾਂ ਵਿੱਚੋਂ, ਕੁਝ ਨੂੰ 10-12 ਫੁੱਟ ਤੋਂ 18 ਫੁੱਟ ਤੱਕ ਚੌੜਾ ਕੀਤਾ ਜਾ ਰਿਹਾ ਹੈ, ਜਿਸ ਲਈ ਯੋਜਨਾਬੰਦੀ ਅਤੇ ਪ੍ਰਵਾਨਗੀਆਂ ਲਈ ਵਾਧੂ ਸਮਾਂ ਚਾਹੀਦਾ ਸੀ। ਤਕਨੀਕੀ ਵਿਚਾਰ-ਵਟਾਂਦਰੇ ਅਤੇ ਮੌਨਸੂਨ ਬਾਰਿਸ਼ ਕਾਰਨ ਸ਼ੁਰੂਆਤੀ ਦੇਰੀ ਦੇ ਬਾਵਜੂਦ, ਹੁਣ ਕੰਮ ਪੂਰੀ ਰਫ਼ਤਾਰ ਨਾਲ ਚੱਲ ਰਿਹਾ ਹੈ।

## ਧਰਤੀ 'ਤੇ ਜੀਵਨ ਦੀ ਸੁਰੱਖਿਆ ਲਈ ਓਜ਼ੋਨ ਪਰਤ ਦਾ ਖਾਸ ਮਹੱਤਵ : ਮਾ. ਗੁਰਮੀਤ ਸਿੰਘ

**ਫਗਵਾੜਾ (ਡਾ. ਰਮਨ)-** ਇਨਵਾਇਰਨਮੈਂਟ ਐਸੋਸੀਏਸ਼ਨ ਫਗਵਾੜਾ ਦੇ ਪ੍ਰਧਾਨ ਕੁਲਦੀਪ ਸਰਦਾਨਾ ਦੀ ਰਹਿਨੁਮਾਈ ਹੇਠ ਵਿਸ਼ਵ ਓਜ਼ੋਨ ਪਰਤ ਦਿਵਸ ਮਨਾਇਆ। ਐਸੋਸੀਏਸ਼ਨ ਦੇ ਸਕੱਤਰ ਮਲਕੀਅਤ ਸਿੰਘ ਰਘਬੋਤਰਾ ਦੇ ਯਤਨਾਂ ਸਦਕਾ ਸਥਾਨਕ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਮਨਾਇਆ ਗਿਆ। ਮੁੱਖ ਬੁਲਾਰੇ ਵਜੋਂ ਪਹੁੰਚੇ ਨੈਸ਼ਨਲ ਅਵਾਰਡੀ ਮਾਸਟਰ ਗੁਰਮੀਤ ਸਿੰਘ ਨੇ ਜਯੋਤੀ ਪ੍ਰੱਜਵਲਿਤ ਕਰਨ ਉਪਰੰਤ ਸੰਬੋਧਨ ਕਰਦਿਆਂ ਦੱਸਿਆ ਕਿ ਸਾਡੀ ਸਪੇਸ ਵਿੱਚ ਓਜ਼ੋਨ ਪਰਤ ਕੀ ਹੈ ਅਤੇ



ਇਸ ਵਿੱਚ ਛੇਕ ਸਾਡੇ ਵਾਤਾਵਰਣ ਉੱਤੇ ਕਿਵੇਂ ਮਾੜਾ ਪ੍ਰਭਾਵ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਉਨ੍ਹਾਂ ਗੈਸਾਂ ਦੇ ਉਤਪਾਦਨ ਨੂੰ ਰੋਕਣਾ ਹੋਵੇਗਾ ਜੋ ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ। ਕਿਉਂਕਿ ਸੂਰਜ ਤੋਂ ਨਿਕਲਣ ਵਾਲੀਆਂ ਅਲਟਰਾਵਾਇਲਟ ਕਿਰਨਾਂ ਜੇਕਰ ਸਿੱਧੀਆਂ ਧਰਤੀ ਤੇ ਪੈ ਜਾਣ ਤਾਂ ਧਰਤੀ ਦੀ ਉਪਜਾਊ ਸ਼ਕਤੀ ਨੂੰ ਤਬਾਹ ਕਰ ਸਕਦੀਆਂ ਹਨ, ਮਨੁੱਖੀ ਸ਼ਰੀਰ ਚਮੜੀ ਰੋਗ, ਅੰਨ੍ਹਪਣ ਅਤੇ ਕੈਂਸਰ ਵਰਗੀਆਂ ਬਿਮਾਰੀਆਂ ਨਾਲ ਗ੍ਰਸਤ ਹੋ ਸਕਦਾ ਹੈ। ਮਾਸਟਰ ਅਬੀ ਰਾਮ ਸਿਆਲ ਨੇ ਵੀ ਆਪਣੇ ਸੰਬੋਧਨ ਵਿੱਚ ਦਰਖ਼ਤ ਲਗਾਉਣ ਅਤੇ ਉਨ੍ਹਾਂ ਨੂੰ ਬਚਾਉਣ ਦਾ ਸੁਨੇਹਾ ਦਿੱਤਾ। ਸਕੂਲ ਆਫ ਐਮੀਨੈਂਸ ਫਗਵਾੜਾ ਅਤੇ ਉਡਿਅਨ ਸ਼ਾਲਨੀ ਗਰੁੱਪ ਦੇ ਵਿਦਿਆਰਥੀਆਂ ਨੇ ਵੀ ਉਤਸ਼ਾਹ ਸਹਿਤ ਭਾਗ ਲਿਆ ਅਤੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਪ੍ਰਿੰਸੀਪਲ ਰਣਜੀਤ ਕੁਮਾਰ ਗੋਗਨਾ, ਸ਼ਾਲਨੀ ਗਰੁੱਪ ਦੀ ਕੋਆਰਡੀਨੇਟਰ ਮੋਨਿਕਾ, ਮੋਹਨ ਲਾਲ ਤਨੇਜਾ, ਕ੍ਰਿਸ਼ਨ ਕੁਮਾਰ, ਸੁਧਾ ਬੇਦੀ, ਵਿਸ਼ਵਾਮਿੱਤਰ ਸ਼ਰਮਾ, ਤਾਰਾ ਚੰਦ ਚੁੰਬਰ ਆਦਿ ਵੀ ਹਾਜ਼ਰ ਸਨ।

## ਪ੍ਰਿੰਸੀਪਲ ਤਰੱਕੀਆਂ ਲਈ ਯੋਗਤਾ ਦੇ ਨਿਯਮ ਤਬਦੀਲ ਕਰਨੇ ਨਿਖੇਧੀਯੋਗ : ਡੀ ਟੀ ਐੱਫ

**ਚੰਡੀਗੜ੍ਹ (ਗੁਰਜੀਤ ਬਿੱਲਾ)-** ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਨੇ ਸਿੱਖਿਆ ਵਿਭਾਗ ਵੱਲੋਂ ਪਿਛਲੇ ਦਿਨੀਂ ਪੰਜਾਬ ਸਿੱਖਿਆ ਸੇਵਾਵਾਂ (ਸਕੂਲ ਅਤੇ ਇੰਸਪੈਕਸ਼ਨ) ਗਰੁੱਪ ਏ ਸੇਵਾ ਨਿਯਮ 2018 ਵਿੱਚ ਚੌਥੀ ਸੋਧ ਕਰਦਿਆਂ ਨਵੇਂ ਨਿਯਮਾਂ ਵਿੱਚ ਪ੍ਰਿੰਸੀਪਲਾਂ ਦੀ ਤਰੱਕੀ ਲਈ ਨਵੀਂ ਨਿਰਧਾਰਤ ਕੀਤੀਆਂ ਗਈਆਂ ਯੋਗਤਾ ਦੀਆਂ ਸ਼ਰਤਾਂ ਵਿੱਚ ਤਬਦੀਲੀ ਕਰਦੇ ਹੋਏ ਘੱਟੋ ਘੱਟ ਅੰਕਾਂ ਦੀ ਨਵੀਂ ਸ਼ਰਤ ਸ਼ਾਮਿਲ ਕਰਨ ਅਤੇ ਹੈੱਡ ਮਾਸਟਰਾਂ ਲਈ ਪੋਸਟ ਗ੍ਰੈਜੂਏਸ਼ਨ ਦੀ ਨਵੀਂ ਸ਼ਰਤ ਲਗਾਉਣ ਦੀ ਨਿਖੇਧੀ ਕਰਦਿਆਂ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ। ਜ਼ਿਕਰਯੋਗ ਹੈ ਕਿ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਪ੍ਰਿੰਸੀਪਲ ਕਾਡਰ ਲਈ ਤਰੱਕੀਆਂ ਦਾ ਆਧਾਰ ਤਬਦੀਲ ਕਰਨ ਨਾਲ ਸੈਂਕੜੇ ਲੈਕਚਰਾਰ, ਹੈੱਡ ਮਾਸਟਰ ਅਤੇ ਵੋਕੇਸ਼ਨਲ ਲੈਕਚਰਾਰ ਕੋਲ ਲੋੜੀਂਦਾ ਤਜ਼ਰਬਾ ਹੋਣ ਦੇ ਬਾਵਜੂਦ ਅੰਕਾਂ ਦੀ ਨਵੀਂ ਸ਼ਰਤ ਅਤੇ ਪੋਸਟ ਗਰੈਜੂਏਸ਼ਨ ਦੀ ਸ਼ਰਤ ਬਹਾਨੇ ਪ੍ਰਿੰਸੀਪਲ ਦੀ ਤਰੱਕੀ ਤੋਂ ਵਾਂਝੇ ਹੋ ਗਏ ਹਨ। ਇਸ ਸਬੰਧੀ ਵਿਸਤ੍ਰਤ ਜਾਣਕਾਰੀ ਦਿੰਦਿਆਂ ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਪ੍ਰੈੱਸ ਸਕੱਤਰ ਪਵਨ ਕੁਮਾਰ ਨੇ ਦੱਸਿਆ ਕਿ ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕਰਦਿਆਂ ਸਿੱਖਿਆ ਵਿਭਾਗ ਵਿੱਚ ਗਰੁੱਪ ਏ ਦੇ ਸਬੰਧ ਵਿੱਚ ਪ੍ਰਿੰਸੀਪਲ ਦੀ ਤਰੱਕੀ ਲਈ ਜਨਰਲ ਕੈਟਾਗਰੀ ਲਈ ਮਾਸਟਰ ਡਿਗਰੀ 'ਚੋਂ 50 ਪ੍ਰਤੀਸ਼ਤ ਅਤੇ ਅਨੁਸੂਚਿਤ ਜਾਤੀ ਲਈ 45 ਪ੍ਰਤੀਸ਼ਤ ਅੰਕਾਂ ਦੀ ਸ਼ਰਤ ਨੂੰ ਜੋੜਨਾ ਬਿਲਕੁਲ ਗੈਰ ਵਾਜ਼ਬ ਹੈ ਕਿਉਂਕਿ ਤਰੱਕੀ ਦਾ ਅਧਾਰ ਤਜ਼ਰਬਾ ਹੁੰਦਾ ਹੈ ਨਾ ਕਿ ਅੰਕ ਪ੍ਰਤੀਸ਼ਤ। ਪੁਰਾਣੇ ਨਿਯਮਾਂ ਵਿੱਚ ਹੈੱਡਮਾਸਟਰ ਤੋਂ ਪ੍ਰਿੰਸੀਪਲ ਬਣਨ ਲਈ ਪੋਸਟ ਗ੍ਰੈਜੂਏਸ਼ਨ ਦੀ ਕੋਈ ਸ਼ਰਤ ਨਹੀਂ ਸੀ ਪਰ ਨਵੇਂ ਨਿਯਮਾਂ ਵਿੱਚ ਇਹ ਸ਼ਰਤ ਸ਼ਾਮਲ ਕੀਤੇ ਜਾਣ ਨਾਲ ਲੰਬੇ ਸਮੇਂ ਤੋਂ ਤਰੱਕੀਆਂ ਉਡੀਕ ਰਹੇ ਹੈੱਡਮਾਸਟਰਾਂ ਵਿੱਚੋਂ ਕਈਆਂ ਦੇ ਤਰੱਕੀਆਂ ਤੋਂ ਵਾਂਝੇ ਰਹਿ ਜਾਣ ਦੀ ਸਥਿਤੀ ਬਣ ਜਾਣ ਕਾਰਣ ਨਿਰਾਸ਼ਾ ਫੈਲ ਗਈ ਹੈ। ਆਗੂਆਂ ਨੇ ਮੰਗ ਕੀਤੀ ਕਿ ਇਸ ਗੈਰ ਵਾਜ਼ਬ ਸੋਧ ਨੂੰ ਰੱਦ ਕੀਤਾ ਜਾਵੇ ਅਤੇ ਤਰੱਕੀ ਲਈ ਪਹਿਲਾਂ ਵਾਂਗ ਹੀ ਲੋੜੀਂਦੇ ਤਜ਼ਰਬੇ ਨੂੰ ਅਧਾਰ ਬਣਾਇਆ ਜਾਵੇ।

## ਸੰਤ ਬਾਬਾ ਦੂਲਾ ਸਿੰਘ ਦੀ ਯਾਦ ਵਿੱਚ ਮਹੀਨਾਵਾਰੀ ਮਹਾਨ ਗੁਰਮਤਿ ਸਮਾਗਮ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਪਿੰਡ ਖੇੜਾ ਠੱਕਰਵਾਲ ਵਿਖੇ ਗੁਰਦੁਆਰਾ ਡੇਰਾ ਬ੍ਰਹਮ ਗਿਆਨੀ 108 ਸੰਤ ਬਾਬਾ ਦੂਲਾ ਸਿੰਘ ਜੀ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਬ੍ਰਹਮ ਗਿਆਨੀ 108 ਸੰਤ ਬਾਬਾ



ਦੂਲਾ ਸਿੰਘ ਜੀ ਦੀ ਯਾਦ ਵਿੱਚ ਮਹੀਨਾਵਾਰੀ ਮਹਾਨ ਗੁਰਮਤਿ ਸਮਾਗਮ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਜਸਵੰਤ ਸਿੰਘ ਖੇੜਾ ਦੀ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਜਸਵੰਤ ਸਿੰਘ ਖੇੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਸੰਤ ਬਾਬਾ ਜਸਵੰਤ ਸਿੰਘ ਖੇੜਾ, ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ, ਭਾਈ ਜਗਤ ਸਿੰਘ ਠੱਕਰਵਾਲ, ਭਾਈ ਪਰਮਜੀਤ ਸਿੰਘ ਮਾਹਿਲਪੁਰ, ਭਾਈ ਜਸਵਿੰਦਰਪਾਲ ਸਿੰਘ ਠੱਕਰਵਾਲ ਆਦਿ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਜਸਵੰਤ ਸਿੰਘ ਖੇੜਾ ਨੇ ਆਏ ਹੋਏ ਸੰਤ ਮਹਾਂਪੁਰਸ਼, ਰਾਗੀ ਜਥੇ, ਪ੍ਰਮੁੱਖ ਸਖਸ਼ੀਅਤਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਮਾਗਮ ਦੌਰਾਨ ਬਾਬਾ ਸਰਬਜੀਤ ਸਿੰਘ ਸਾਬੀ, ਬਾਬਾ ਗੁਰਪ੍ਰੀਤ ਸਿੰਘ ਗੋਪੀ, ਹਰਮੇਸ਼ ਸਿੰਘ ਪੰਜੌੜਾ, ਪ੍ਰਿੰਸੀਪਲ ਪਿਆਰਾ ਰਾਮ, ਤਰਲੋਚਨ ਸਿੰਘ, ਅਮਰਦੀਪ ਸਿੰਘ, ਨਰਿੰਦਰ ਸਿੰਘ ਹਾਰਟਾ ਆਦਿ ਹਾਜ਼ਰ ਸਨ। ਇਸ ਮੌਕੇ ਸਮਾਗਮ ਦੌਰਾਨ ਚਾਹ ਪਕੌੜੇ ਅਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।

25 Sep Page 9 NEW PAGE.qxd 9/24/2025 11:14 PM Page 1



## ਮੈਡੀਕਲ ਸਿੱਖਿਆ 'ਚ ਰਾਇਨਾ ਰੱਤੂ ਨੇ ਡਿਗਰੀ ਹਾਸਲ ਕਰਕੇ ਵਧਾਇਆ ਪੰਜਾਬੀਆਂ ਦਾ ਮਾਣ

**ਰੋਮ (ਇਟਲੀ)**- ਅਜੋਕੇ ਯੁੱਗ ਵਿੱਚ ਲੜਕੀਆਂ- ਲੜਕਿਆਂ ਨਾਲੋਂ ਕਿਸੇ ਪੱਖੋਂ ਘੱਟ ਨਹੀਂ ਸਗੋਂ ਹਰੇਕ ਖੇਤਰ ਵਿੱਚ ਦ੍ਰਿੜ੍ਹ ਇਰਾਦੇ ਨਾਲ ਲਗਨ ,ਮਿਹਨਤ ਕਰਕੇ ਅੱਗੇ ਵਧ ਰਹੀਆਂ ਹਨ। ਇਟਲੀ 'ਚ ਮੈਡੀਕਲ ਦੀ ਸਿੱਖਿਆ ਦੇ ਖੇਤਰ ਵਿੱਚ ਪਹਿਲੇ ਦਰਜੇ ਵਿਚ ਮਿਲਾਨ ਯੂਨੀਵਰਸਿਟੀ ਤੋਂ ਡਿਗਰੀ ਪ੍ਰਾਪਤ ਕਰਕੇ ਰਾਇਨਾ ਰੱਤੂ ਨੇ ਜਿੱਥੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਉੱਥੇ ਵਿਸ਼ਵ ਪੱਧਰ ਤੇ ਦੇਸ਼ ਦਾ ਨਾਮ ਵੀ ਚਮਕਾਇਆ ਹੈ। ਤਾਜਪੁਰ ਜ਼ਿਲਾ ਨਵਾਂ ਸ਼ਹਿਰ ਵਿੱਚ ਪਿਤਾ ਰਜਿੰਦਰ ਪਾਲ ਅਤੇ ਮਾਤਾ ਨਿਰੰਸ਼ ਕੁਮਾਰੀ ਦੇ ਘਰ ਜਨਮੀ ਰਾਇਨਾ ਰੱਤੂ ਨੇ ਮੁੱਢਲੀ ਵਿਦਿਆ ਸਰਕਾਰੀ ਪ੍ਰਾਇਮਰੀ ਸਕੂਲ ਤਾਜਪੁਰ (ਨਵਾਂਸ਼ਹਿਰ) ਤੋਂ ਪ੍ਰਾਪਤ ਕੀਤੀ ਉਪਰੰਤ ਪਰਿਵਾਰ ਸਮੇਤ ਇਟਲੀ ਆ ਗਏ ਕਿਉਂਕਿ ਉਹਨਾਂ ਦੇ ਪਿਤਾ ਜੀ ਇਟਲੀ ਵਿੱਚ ਰਹਿ ਰਹੇ ਸਨ । ਕਰੇਮਾ ਮਿਲਾਨ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਉਹਨਾਂ ਨੇ ਮਿਲਾਨ ਯੂਨੀਵਰਸਿਟੀ ਵਿੱਚ ਮੈਡੀਕਲ ਡਾਕਟਰ ਸਰਜਰੀ ਦੀ ਪੜ੍ਹਾਈ ਵਿੱਚ ਦਾਖਲਾ ਲਿਆ। ਛੇ ਸਾਲ ਦੇ ਕੋਰਸ ਜਿਸ ਨੂੰ ਉਹਨਾਂ ਪਹਿਲੇ ਦਰਜੇ ਵਿੱਚ ਪਾਸ ਕਰਕੇ ਡਾਕਟਰ ਦੀ ਡਿਗਰੀ ਪ੍ਰਾਪਤ ਕੀਤੀ।



## ਸਾਲਾਨਾ ਐਥਲੈਟਿਕ ਮੁਕਾਬਲੇ ਕਰਵਾਉਣ ਸੰਬੰਧੀ ਮੀਟਿੰਗ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਨੂਰਮਹਿਲ (ਸਕੈਨ) ਵੱਲੋਂ ਕਰਵਾਏ ਜਾ ਰਹੇ 13ਵੇਂ ਸਾਲਾਨਾ ਐਥਲੈਟਿਕਸ ਮੁਕਾਬਲਿਆਂ ਨੂੰ ਕਰਵਾਉਣ ਸੰਬੰਧੀ ਸਕੈਨ ਦੇ ਫਾਊਂਡਰ ਪ੍ਰਧਾਨ ਰਣਜੀਤ ਸਿੰਘ ਹੁੰਦਲ ਪ੍ਰਧਾਨਗੀ ਹੇਠ ਉਨ੍ਹਾਂ ਦੇ ਗ੍ਰਹਿ ਵਿਖੇ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਹਰ ਸਾਲ ਦੀ ਤਰਾ ਇਸ ਸਾਲ ਵੀ ਐਥਲੈਟਿਕਸ ਮੁਕਾਬਲੇ ਨਵੰਬਰ ਮਹੀਨੇ ਵਿੱਚ ਹੀ ਕਰਵਾਏ ਜਾਣਗੇ। ਮੀਟਿੰਗ ਵਿੱਚ ਹਾਜ਼ਰ ਸੰਸਥਾ ਦੇ ਐਗਜੇਕਟਿਵ ਮੈਂਬਰਾਂ ਵਿੱਚ ਸੁਮਨ ਲਤਾ ਪਾਠਕ ਵਾਇਸ ਪ੍ਰਧਾਨ, ਪਵਨ ਕੁਮਾਰ ਰਾਏ ਸਕੱਤਰ, ਪਰਮਜੀਤ ਸਿੰਘ ਚੀਮਾ ਖਜਾਨਚੀ, ਮੱਖਣ ਸ਼ੇਰਪੁਰੀਸਹਾਇਕ ਸਕੱਤਰ, ਖੁਸ਼ਪਾਲ ਚੀਮਾ, ਹਰਕਮਲ ਸਿੰਘ ਜੌਹਲ ,ਪ੍ਰਿਤਪਾਲ ਸਿੰਘ ਨੰਨਰਾ ਅਤੇ ਜਗਜੀਤ ਸਿੰਘ ਬਾਸੀ ਹਾਜ਼ਰ ਸਨ।



## ਦੁਸਹਿਰਾ ਧੂਮਧਾਮ ਨਾਲ ਮਨਾਇਆ ਜਾਵੇਗਾ : ਡਾ. ਰਾਕੇਸ਼ ਸ਼ਰਮਾ



**ਫਿਲੌਰ (ਹਰਜਿੰਦਰ ਕੌਰ ਚਾਹਲ)**- ਪਵਿੱਤਰ ਨਵਰਾਤਰੇ ਦੇ ਪਹਿਲੇ ਦਿਨ, ਨਵ ਯੁਵਕ ਦੁਸਹਿਰਾ ਕਮੇਟੀ ਦੇ ਪ੍ਰਧਾਨ ਡਾ. ਰਾਕੇਸ਼ ਸ਼ਰਮਾ ਅਤੇ ਹੋਰ ਮੈਂਬਰਾਂ ਨੇ 2 ਅਕਤੂਬਰ ਨੂੰ ਮਨਾਏ ਜਾਣ ਵਾਲੇ ਦੁਸਹਿਰੇ ਦੇ ਤਿਉਹਾਰ ਦੀ ਤਿਆਰੀ ਲਈ ਦੁਸਹਿਰਾ ਗਰਾਊਂਡ ਵਿਖੇ ਸਥਿਤ ਸ੍ਰੀ ਰਾਮ ਦਰਬਾਰ ਵਿਖੇ ਝੰਡਾ ਲਹਿਰਾਉਣ ਦੀ ਰਸਮ ਨਿਭਾਈ। ਡਾ. ਸ਼ਰਮਾ ਨੇ ਦੱਸਿਆ ਕਿ ਦੁਸਹਿਰੇ ਦਾ ਪਵਿੱਤਰ ਤਿਉਹਾਰ 2 ਅਕਤੂਬਰ ਨੂੰ ਸਥਾਨਕ ਸਰਕਾਰੀ ਲੜਕਿਆਂ ਦੇ ਸਕੂਲ ਗਰਾਊਂਡ ਵਿਖੇ ਸਥਾਨਕ ਨਿਵਾਸੀਆਂ ਦੇ ਸਹਿਯੋਗ ਨਾਲ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਮੌਕੇ ਭਗਵਾਨ ਰਾਮ ਚੰਦਰ ਦੇ ਜੀਵਨ ਨਾਲ ਸਬੰਧਤ ਝਾਕੀਆਂ ਕੱਢੀਆਂ ਜਾਣਗੀਆਂ। ਇਸ ਮੌਕੇ ਪ੍ਰਧਾਨ ਡਾ: ਰਾਕੇਸ਼ ਸ਼ਰਮਾ, ਪ੍ਰਮੋਦ ਕੁਮਾਰ ਵਸੰਦਰਾਏ, ਡਾ: ਜਤਿੰਦਰ ਸ਼ਰਮਾ, ਵਿਸ਼ਾਲ ਵਿਕਾਸ, ਤਿਲਕ ਰਾਜ ਭਾਪਾ, ਸਤਨਾਮ ਕੈਂਥ, ਡਾ: ਕੇਵਲ ਕ੍ਰਿਸ਼ਨ, ਸੁਦੇਸ਼ ਗੋਇਲ, ਰੋਹਿਤ ਗੁਪਤਾ, ਵਿਪਨ ਚੌਧਰੀ, ਮੁਕੇਸ਼ ਗਾਬਾ, ਮਿੰਕੂ ਸ਼ਰਮਾ, ਰਿੰਕੂ ਪਾਸੀ, ਡਾ: ਦੁਰਗੇਸ਼ ਸਨੇਹਇੰਦਰ ਸ਼ਰਮਾ, ਸ਼ਰਾਜਵਿੰਦਰ ਸ਼ਰਮਾ, ਡਾ. ਅਸ਼ੋਕ ਦੱਤਾ, ਡਾ: ਵੈਭਵ ਸ਼ਰਮਾ ਆਦਿ ਹਾਜ਼ਰ ਸਨ ।

## ਹਾਕੀ ਟੀਮ ਦੇ ਖਿਡਾਰੀਆਂ ਨੂੰ ਕਿੱਟਾਂ ਵੰਡੀਆਂ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਮਾਸਟਰਜ਼ ਹਾਕੀ ਕਲੱਬ ਦੋਆਬਾ, ਜ਼ਿਲ੍ਹਾ ਜਲੰਧਰ ਵੱਲੋਂ ਹਾਕੀ ਖਿਡਾਰੀਆਂ ਨੂੰ ਹਾਕੀ ਕਿੱਟਾਂ, ਜੁਰਾਬਾਂ, ਰਿਫਰੈਸ਼ਮੈਂਟਸ ਅਤੇ ਹਾਕੀਆਂ ਦਾਨ ਕੀਤੀਆਂ ਗਈਆਂ। ਇਹ ਸਹਿਯੋਗ ਖਿਡਾਰੀਆਂ ਦਾ ਖੇਡਾਂ ਪ੍ਰਤੀ ਉਤਸ਼ਾਹ ਵਧਾਉਣ ਵਾਸਤੇ ਦਿੱਤਾ ਗਿਆ। ਸਮਰਾਲਾ ਹਾਕੀ ਕਲੱਬ ਵਲੋਂ ਸ. ਗੁਰਪ੍ਰੀਤ ਸਿੰਘ ਬੇਦੀ ਨੇ ਬਿਨਪਾਲਕੇ ਸਕੂਲ ਦੀ ਹਾਕੀ ਟੀਮ ਨੂੰ ਹਾਕੀ ਬਾਲਾਂ ਦਾਨ ਕਰਕੇ ਖਿਡਾਰੀਆਂ ਨੂੰ ਮੈਦਾਨ ਵਿੱਚ ਹੋਰ ਬਿਹਤਰ ਪ੍ਰਦਰਸ਼ਨ ਲਈ ਉਤਸ਼ਾਹਿਤ ਕੀਤਾ। ਸਕੂਲ ਸਟਾਫ ਵਲੋਂ ਮਾਸਟਰਜ਼ ਹਾਕੀ ਕਲੱਬ ਦੋਆਬਾ ਦੇ ਪ੍ਰਧਾਨ ਗੁਰਮੁਖ ਸਿੰਘ, ਲੋਕਪ੍ਰੀਤ ਸਿੰਘ, ਅਵਤਾਰ ਸਿੰਘ, ਨਰਿੰਦਰ ਸਿੰਘ (ਬੀ ਐਸ ਐਫ) ਅਤੇ ਸੁਖਬੀਰ ਸਿੰਘ ਹੁੰਦਲ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ 'ਤੇ ਨਰਿੰਦਰ ਸਿੰਘ ਦੀ ਧੀ ਦੇ ਜਨਮ ਦਿਨ ਦੀ ਖੁਸ਼ੀ ਨੂੰ ਮਨਾਉਂਦਿਆਂ ਖਿਡਾਰੀਆਂ ਲਈ ਖੇਡ ਕਿੱਟਾਂ ਅਤੇ ਖੇਡ ਦਾ ਸਾਮਾਨ ਭੇਜਿਆ ਗਿਆ।ਸਮੂਹ ਖਿਡਾਰੀਆਂ ਅਤੇ ਅਧਿਆਪਕਾਂ ਵੱਲੋਂ ਕਲੱਬ ਦਾ ਧੰਨਵਾਦ ਕੀਤਾ ਗਿਆ ।



## ਪੰਜਾਬ ਦੇ ਹਰ ਨਾਗਰਿਕ ਨੂੰ ਮਿਲੇਗਾ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ : ਡਾ. ਰਵਜੋਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਇਕ ਇਤਿਹਾਸਕ ਪਹਿਲਕਦਮੀ ਸ਼ੁਰੂ ਕੀਤੀ ਹੈ, ਜਿਸ ਤਹਿਤ ਹੁਣ ਹਰ ਪੰਜਾਬੀ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਉਪਲਬੱਧ ਕਰਵਾਇਆ ਜਾਵੇਗਾ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਮਾਨ ਸਰਕਾਰ ਦਾ ਸਪੱਸ਼ਟ ਦ੍ਰਿਸ਼ਟੀਕੋਣ ਹੈ ਕਿ ਕਿਸੇ ਵੀ ਪੰਜਾਬੀ ਨੂੰ ਇਲਾਜ ਦੀ ਘਾਟ ਕਾਰਨ ਵਿੱਤੀ ਸੰਕਟ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਸ ਯੋਜਨਾ ਦਾ ਲਾਭ ਸਿਰਫ਼ ਗਰੀਬਾਂ ਨੂੰ ਹੀ ਨਹੀਂ ਸਗੋਂ ਹਰ ਵਰਗ ਦੇ ਲੋਕਾਂ ਨੂੰ ਮਿਲੇਗਾ। ਭਾਵੇਂ ਸਰਕਾਰੀ ਹਸਪਤਾਲ ਹੋਵੇ ਜਾਂ ਸੂਚੀਬੱਧ ਨਿੱਜੀ ਹਸਪਤਾਲ, ਇਹ ਸਹੂਲਤ ਹਰ ਜਗ੍ਹਾ ਉਪਲਬੱਧ ਕਰਵਾਈ ਜਾਵੇਗੀ। ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਸਿਹਤ ਖੇਤਰ ਵਿਚ ਵੱਡੇ ਸੁਧਾਰਾਂ ਦੀ ਸ਼ੁਰੂਆਤ ਕਰ ਦਿੱਤੀ ਹੈ।ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਜਨਤਾ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵੱਲ ਲਗਾਤਾਰ ਠੋਸ ਕਦਮ ਚੁੱਕੇ ਹਨ। 'ਮੁੱਖ ਮੰਤਰੀ ਸਿਹਤ ਬੀਮਾ ਯੋਜਨਾ' ਇਸਦੀ ਇਕ ਜਿਉਂਦੀ ਜਾਗਦੀ ਉਦਾਹਰਨ ਹੈ, ਜੋ ਪੰਜਾਬ ਨੂੰ ਇਕ ਖੁਸ਼ਹਾਲ ਅਤੇ ਸਿਹਤਮੰਦ ਸੂਬਾ ਬਣਾਉਣ ਵਿਚ ਫੈਸਲਾਕੁੰਨ ਸਾਬਤ ਹੋਵੇਗੀ।



## ਲੋੜਵੰਦ ਦੀ ਸਹਾਇਤਾ ਲਈ ਅੱਗੇ ਆਈ ਸਨਾਤਨ ਧਰਮ ਸਭਾ

**ਬਲਾਚੌਰ (ਜਸਵਿੰਦਰ ਬੈਂਸ)**- ਸਨਾਤਨ ਧਰਮ ਸਭਾ ਵੱਲੋਂ ਇੱਕ ਜ਼ਰੂਰਤਮੰਦ ਸੱਜਣ ਬਲਵੀਰ ਸਿੰਘ ਪਿੰਡ ਮਹਿੰਦੀਪੁਰ ਨੂੰ ਸਿਲਾਈ ਮਸ਼ੀਨ ਦਿੱਤੀ ਗਈ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਸਨਾਤਮ ਧਰਮ ਸਭਾ ਦੇ ਪ੍ਰਧਾਨ ਰਣਦੀਪ ਕੌਸ਼ਲ ਨੇ ਦੱਸਿਆ ਕਿ ਸਾਡੇ ਕੋਲ ਬਲਵੀਰ ਸਿੰਘ ਵਲੋਂ ਇੱਕ ਬੇਨਤੀ ਪੱਤਰ ਆਇਆ ਸੀ ਕਿ ਮੈਂ ਸਿਲਾਈ ਦਾ ਕੰਮ ਜਾਣਦਾ ਹਾਂ ਜੇਕਰ ਮੈਨੂੰ ਸਿਲਾਈ ਮਸ਼ੀਨ ਮਿਲ ਜਾਵੇ ਤਾਂ ਮੈਂ ਆਪਣੀ ਰੋਜੀ ਰੋਟੀ ਕਮਾਣ ਯੋਗ ਹੋ ਜਾਵਾਂਗਾ । ਇਹਨਾਂ ਦੀ ਜਰੂਰਤ ਨੂੰ ਸਮਝਦੇ ਹੋਏ ਸਨਾਤਨ ਧਰਮ ਸਭਾ ਨੇ ਇਹਨਾਂ ਨੂੰ ਸਲਾਈ ਮਸ਼ੀਨ ਦੇਣ ਦਾ ਫੈਸਲਾ ਕੀਤਾ ਅਤੇ ਉਹ ਮਸ਼ੀਨ ਇਹਨਾਂ ਨੂੰ ਦੇ ਦਿੱਤੀ। ਇਸ ਮੌਕੇ ਜਗਦੀਸ਼ ਕਪਿਲ (ਸਰਪ੍ਰਸਤ) ਪਰਮਜੀਤ ਰੱਤੇਵਾਲੀਆ (ਜਨਰਲ ਸਕੱਤਰ) ਵਿਸ਼ਵਰਾਜ ਰਾਣਾ, ਸੋਮਨਾਥ ਤਕਲਾ, ਨੰਦ ਕਿਸ਼ੋਰ ਆਦਿ ਹਾਜ਼ਰ ਸਨ।



## ਜ਼ਿਲਾ ਹੁਸ਼ਿਆਰਪੁਰ ਤੋਂ ਕਾਂਗਰਸ ਦੀ ਪ੍ਰਧਾਨਗੀ ਨੂੰ ਲੈ ਕੇ ਵਰਕਰਾਂ ਦੀ ਮੀਟਿੰਗ

**ਜੇਜੋਂ (ਨਿਰਮਲ ਸਿੰਘ ਮੁੱਗੋਵਾਲ)**- ਕਾਂਗਰਸ ਪਾਰਟੀ ਦੇ ਵਰਕਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਗੜਸ਼ੰਕਰ ਵਿਖੇ ਹੋਈ। ਜਿਸ ਵਿੱਚ ਹਿਮਾਚਲ ਤੋਂ ਵਿਧਾਇਕ ਸੁਰੇਸ਼ ਕੁਮਾਰ ਅਬਜਰਵਰ ਜ਼ਿਲਾ ਹੁਸ਼ਿਆਰਪੁਰ, ਮਨਦੀਪ ਸਿੰਘ ਕੋਆਰਡੀਨੇਟਰ ਬਲਾਕ ਕਾਂਗਰਸ ਅਤੇ ਮੌਟੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਉਹਨਾਂ ਤੋਂ ਇਲਾਵਾ ਇਸ ਮੌਕੇ ਐਡਵੋਕੇਟ ਪੰਕਜ ਕਿਰਪਾਲ, ਸਰਿਤਾ ਸ਼ਰਮਾ, ਲਵ ਕੁਮਾਰ ਗੋਲਡੀ, ਸੁਰਿੰਦਰ ਕੌਰ ਬਲਾਕ ਪ੍ਰਧਾਨ, ਕੁਲਦੀਪ ਚੋੜਾ, ਸੁਖਵਿੰਦਰ ਕੌਰ ਮਹਿਲਾ ਵਿੰਗ ਪ੍ਰਧਾਨ, ਮੋਹਨ ਸਿੰਘ ਬਿਆੜਾ ਸਾਬਕਾ ਚੇਅਰਮੈਨ, ਸਰਪੰਚ ਬਗੇਰਾ, ਕੁਲਵਿੰਦਰ ਬਿੱਟੂ ਸੈਲਾ ਸਮੇਤ ਗੜਸ਼ੰਕਰ ਇਲਾਕੇ ਤੋਂ ਕਾਂਗਰਸ ਪਾਰਟੀ ਦੇ ਸੀਨੀਅਰ ਵਰਕਰ ਅਤੇ ਸਮਰਥਕ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ। ਇਸ ਮੌਕੇ ਕਾਂਗਰਸ ਪਾਰਟੀ ਨੂੰ ਜ਼ਿਲਾ ਹੁਸ਼ਿਆਰਪੁਰ ਵਿੱਚ ਹੋਰ ਵੀ ਮਜ਼ਬੂਤ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਹਾਜ਼ਰ ਹੋਈਆਂ ਔਰਤਾਂ ਨੇ ਇਹ ਮੰਗ ਕੀਤੀ ਕਿ ਜੋ ਜ਼ਿਲਾ ਹੁਸ਼ਿਆਰਪੁਰ ਤੋਂ ਕਾਂਗਰਸ ਪਾਰਟੀ ਦੇ ਪ੍ਰਧਾਨ ਦੀ ਚੋਣ ਹੋਣ ਜਾ ਰਹੀ ਹੈ। ਉਸ ਵਿੱਚ ਮਹਿਲਾ ਕੋਟੇ ਵਿੱਚੋਂ ਸਰਿਤਾ ਸ਼ਰਮਾ, ਜੋ ਕਿ ਇੱਕ ਇਮਾਨਦਾਰ ਅਤੇ ਮਿਹਨਤੀ ਕਾਂਗਰਸੀ ਵਰਕਰ ਹਨ ਨੂੰ ਜ਼ਿਲਾ ਹੁਸ਼ਿਆਰਪੁਰ ਤੋਂ ਕਾਂਗਰਸ ਪਾਰਟੀ ਦੀ ਪ੍ਰਧਾਨ ਬਣਾਇਆ ਜਾਵੇ। ਉਹ ਬਹੁਤ ਹੀ ਸੁਚੱਜੇ ਢੰਗ ਨਾਲ ਆਪਣੀਆਂ ਜਿੰਮੇਵਾਰੀਆਂ ਨਿਭਾ ਕੇ ਪਾਰਟੀ ਨੂੰ ਹੋਰ ਵੀ ਅੱਗੇ ਵਧਾ ਸਕਦੇ ਹਨ। ਹਾਜ਼ਰ ਵਰਕਰਾਂ ਨੇ ਕਿਹਾ ਕਿ ਜੇਕਰ ਜੈਂਟਸ ਵਿੱਚੋਂ ਇਹ ਅਹੁਦਾ ਕਿਸੇ ਵਿਅਕਤੀ ਨੂੰ ਦੇਣਾ ਹੈ ਤਾਂ ਉਹ ਸ੍ਰੀ ਪੰਕਜ ਕਿਰਪਾਲ ਜੋ ਕਿ ਕਾਂਗਰਸ ਪਾਰਟੀ ਲਈ ਦਿਨ ਰਾਤ ਕੰਮ ਕਰਦੇ ਹਨ ਅਤੇ ਪਾਰਟੀ ਦੇ ਅਣਥੱਕ ਵਰਕਰ ਹਨ। ਉਨਾਂ ਨੂੰ ਇਹ ਅਹੁਦਾ ਦਿੱਤਾ ਜਾਵੇ।



## ਵਿਸ਼ਵ ਪੰਜਾਬੀ ਦਿਵਸ ਮਨਾਇਆ ਗਿਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਟਾਂਡਾ ਸ਼ਹਿਰ ਦੀ ਮਹਾਨ ਵਿਦਿਅਕ ਸੰਸਥਾ ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੋਸਾਇਟੀ ਰਜਿਸਟਰ ਵੱਲੋਂ ਚਲਾਏ ਜਾ ਰਹੇ ਜੀ ਆਰ ਡੀ ਇੰਟਰਨੈਸ਼ਨਲ ਸਕੂਲ ਅਤੇ ਜੀ ਆਰ ਡੀ ਇੰਟਰਨੈਸ਼ਨਲ ਇੰਸਟੀਚਿਊਟ ਆਫ ਨਰਸਿੰਗ ਵਿਖੇ ਪਹਿਲੇ ਪੰਜਾਬੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਵਿਸ਼ਾਲ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੰਸਥਾ ਦੇ ਮੁੱਖ ਪ੍ਰਬੰਧਕ, ਚੇਅਰਪਰਸਨ ਪ੍ਰਦੀਪ ਕੌਰ ਅਤੇ ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮੈਨੇਜਰ ਸਰਬਜੀਤ ਸਿੰਘ ਮੋਮੀ ਦੀ ਅਗਵਾਈ ਹੇਠ ਕਰਵਾਏ ਗਏ ਇਸ ਸੈਮੀਨਾਰ ਨੂੰ ਜੀ ਆਰ ਡੀ ਇੰਟਰਨੈਸ਼ਨਲ ਸਕੂਲ ਦੀ ਪ੍ਰਿੰਸੀਪਲ ਮੈਡਮ ਅਮਨਦੀਪ ਕੌਰ ਢਿੱਲੋਂ, ਜੀ ਆਰ ਡੀ ਨਰਸਿੰਗ ਕਾਲਜ ਦੀ ਪ੍ਰਿੰਸੀਪਲ ਰੇਨੂ ਬਾਲਾ, ਮੈਨੇਜਰ ਸਰਬਜੀਤ ਸਿੰਘ ਮੋਮੀ, ਐਡਮਿਨਿਸਟਰੇਟਰ ਦਲਜਿੰਦਰ ਕੌਰ, ਐਡਮਿਸ਼ਨ ਸੈਲ ਇੰਚਾਰਜ ਲਵਲੀ ਸੈਣੀ ਨੇ ਵੀ ਨੇ ਸੰਬੋਧਨ ਕੀਤਾ। ਇਸ ਮੌਕੇ ਤੇ ਉਕਤ ਬੁਲਾਰਿਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਪੂਰੇ ਵਿਸ਼ਵ ਵਿੱਚ ਇਸ ਵਾਰ 23 ਸਤੰਬਰ ਨੂੰ ਪਹਿਲਾ ਵਿਸ਼ਵ ਪੰਜਾਬੀ ਦਿਵਸ ਜੋ ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਦਿਵਸ ਦੇ ਸੰਬੰਧ ਵਿੱਚ ਮਨਾਇਆ ਜਾ ਰਿਹਾ ਹੈ। ਇਸ ਮੌਕੇ ਤੇ ਉਕਤ ਬੁਲਾਰਿਆਂ ਨੇ ਹੋਰ ਕਿਹਾ ਕਿ ਪੰਜਾਬੀ ਸਾਡੀ ਮਾਤ ਭਾਸ਼ਾ ਹੈ ਸਾਨੂੰ ਸਾਰਿਆਂ ਨੂੰ ਜਿੱਥੇ ਆਪਣੇ ਸਕੂਲਾਂ ਚ ਪੰਜਾਬੀ ਲਾਜ਼ਮੀ ਪੜਾਉਣੀ ਚਾਹੀਦੀ ਹੈ ਉਥੇ ਸਾਨੂੰ ਘਰਾਂ ਵਿੱਚ ਅਤੇ ਆਪਣੇ ਬੱਚਿਆਂ ਨੂੰ ਪੰਜਾਬੀ ਲਿਖਣੀ, ਪੰਜਾਬੀ ਬੋਲਣੀ, ਪੰਜਾਬੀ ਪੜਨੀ, ਸਿਖਾਉਣੀ ਚਾਹੀਦੀ ਹੈ ਅਤੇ ਸਾਨੂੰ ਸਾਰਿਆਂ ਨੂੰ ਵੀ ਵੱਧ ਤੋਂ ਵੱਧ ਆਪਣੇ ਬੱਚਿਆਂ ਨਾਲ ਪੰਜਾਬੀ ਭਾਸ਼ਾ ਵਿੱਚ ਗੱਲਬਾਤ ਕਰਨੀ ਚਾਹੀਦੀ ਹੈ ਤਾਂ ਕਿ ਪੰਜਾਬੀ ਭਾਸ਼ਾ ਦਾ ਹੋਰ ਮਾਣ ਵੱਧ ਸਕੇ। ਇਸ ਮੌਕੇ ਸਕੂਲ ਅਤੇ ਨਰਸਿੰਗ ਕਾਲਜ ਦੇ ਵਿਦਿਆਰਥੀਆਂ ਵੱਲੋਂ ਪੰਜਾਬੀ ਭਾਸ਼ਾ ਨੂੰ ਦਰਸਾਉਂਦੇ ਵੱਖ-ਵੱਖ ਸਲੋਗਨ ਵੀ ਬਣਾਏ ਗਏ ਅਤੇ ਮਾਤ ਭਾਸ਼ਾ ਦੇ ਸੰਬੰਧ ਵਿੱਚ ਬੱਚਿਆਂ ਦੇ ਕੰਪੀਟੀਸ਼ਨ ਵੀ ਕਰਵਾਏ ਗਏ, ਜਿਸ ਵਿੱਚ ਵੱਖ-ਵੱਖ ਵਿਦਿਆਰਥੀਆਂ ਨੇ ਪੁਜ਼ੀਸ਼ਨਾਂ ਹਾਸਿਲ ਕੀਤੀਆਂ ਅਤੇ ਪ੍ਰਬੰਧਕਾਂ ਵੱਲੋਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਮਨਪ੍ਰੀਤ ਕੌਰ, ਤਰੁਨਦੀਪ ਕੌਰ, ਹਰਲੀਨ ਕੌਰ, ਰਮਨਦੀਪ ਕੌਰ, ਨੀਲਮਜੋਤ ਕੌਰ, ਜਸਪ੍ਰੀਤ, ਜਸਲੀਨ ਕੌਰ, ਆਰਤੀ ਟਾਂਡਾ, ਪ੍ਰਿਅੰਕਾ, ਜਸਪ੍ਰੀਤ ਕੌਰ ਤੋਂ ਇਲਾਵਾ ਸਕੂਲ ਅਤੇ ਨਰਸਿੰਗ ਕਾਲਜ ਦਾ ਸਾਰਾ ਸਟਾਫ ਅਤੇ ਵਿਦਿਆਰਥੀ ਮੌਜੂਦ ਸੀ।



## ਰਾਊਂਡ ਗਲਾਸ ਅਕੈਡਮੀ, ਸੁਰਜੀਤ ਅਕੈਡਮੀ, ਸਾਈ ਸੋਨੀਪਤ ਤੇ ਐੱਸ ਜੀ ਪੀ ਸੀ ਅਕੈਡਮੀ ਵੱਲੋਂ ਜਿੱਤਾਂ ਦਰਜ

**ਜਲੰਧਰ (ਸ਼ੈਲੀ ਐਲਬਰਟ)**- ਰਾਊਂਡ ਗਲਾਸ ਅਕੈਡਮੀ, ਸੁਰਜੀਤ ਅਕੈਡਮੀ, ਸਾਈ ਸੋਨੀਪਤ ਅਤੇ ਐਸ ਜੀ ਪੀ ਸੀ ਅਕੈਡਮੀ ਵਲੋਂ ਆਪਣੇ ਆਪਣੇ ਲੀਗ ਮੈਚ ਜਿੱਤ ਕੇ ਤਿੰਨ ਤਿੰਨ ਅੰਕ ਹਾਸਲ ਕਰ ਲਏ। ਸਥਾਨਕ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ ਹਾਕੀ ਪੰਜਾਬ ਅਤੇ ਰਾਊਂਡ ਗਲਾਸ ਸਪੋਰਟਸ ਵਲੋਂ ਸਾਂਝੇ ਤੌਰ ਤੇ ਕਰਵਾਈ ਜਾ ਰਹੀ ਪੰਜਾਬ ਹਾਕੀ ਲੀਗ 2025 ਦੇ ਦੂਜੇ ਦੌਰ ਦੇ 6ਵੇਂ ਦਿਨ ਕੁਲ ਚਾਰ ਲੀਗ ਮੈਚ ਖੇਡੇ ਗਏ। ਪਹਿਲੇ ਮੈਚ ਵਿੱਚ ਰਾਊਂਡ ਗਲਾਸ ਅਕੈਡਮੀ ਨੇ ਐਸਡੀਏਟੀ ਤਾਮਿਲਨਾਡੂ ਨੂੰ 5-2 ਨਾਲ ਹਰਾਇਆ। ਜੇਤੂ ਟੀਮ ਵਲੋਂ ਅਮਨ ਦੀਪ ਨੇ ਦੋ, ਜੋਬਨਪ੍ਰੀਤ, ਗੁਰਸੇਵਕ ਅਤੇ ਸੁਖਮਨਪ੍ਰੀਤ ਸਿੰਘ ਨੇ ਇੱਕ ਇੱਕ ਗੋਲ ਕੀਤਾ। ਜਦਕਿ ਤਾਮਿਲਨਾਡੂ ਵਲੋਂ ਐਸ ਕ੍ਰਿਸ਼ਨਨ ਅਤੇ ਐਸ ਵਿਸ਼ਾਲ ਨੇ ਗੋਲ ਕੀਤੇ। ਰਾਊਂਡ ਗਲਾਸ ਦੇ ਅਨੁਰਾਗ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ। ਦੂਜੇ ਮੈਚ ਵਿੱਚ ਐਸਜੀਪੀਸੀ ਅਕੈਡਮੀ ਨੇ ਨੇਵਲ ਟਾਟਾ ਅਕੈਡਮੀ ਜਮਸ਼ੇਦਪੁਰ ਨੂੰ 5-4 ਨਾਲ ਹਰਾਇਆ। ਜੇਤੂ ਟੀਮ ਵਲੋਂ ਸ਼ੇਰ ਸ਼ੁਭਜੂਤ ਸਿੰਘ ਨੇ ਦੋ, ਸੁਖਦੇਵ ਸਿੰਘ, ਹਰਵਿੰਦਰ ਅਤੇ ਕਮਲਜੀਤ ਸਿੰਘ ਨੇ ਇੱਕ ਇੱਕ ਗੋਲ ਕੀਤਾ। ਜਦਕਿ ਨੇਵਲ ਟਾਟਾ ਵਲੋਂ ਆਸ਼ੀਸ ਤਨੀ ਪੂਰਤੀ ਨੇ ਦੋ, ਪਤਰਸ ਹਾਸਾ, ਮੋਹਿਤ ਨਾਇਕ,ਅਨੀਸ਼ ਡੁੰਗ ਡੁੰਗ ਨੇ ਇਕ ਇਕ ਗੋਲ ਕੀਤਾ। ਐਸ ਜੀ ਪੀ ਸੀ ਦੇ ਕਰਨਦੀਪ ਸਿੰਘ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ।ਤੀਜੇ ਮੈਚ ਵਿੱਚ ਸੁਰਜੀਤ ਹਾਕੀ ਅਕੈਡਮੀ ਨੇ ਗੁਮਹੇਰਾ ਅਕੈਡਮੀ ਨੂੰ 5-1 ਨਾਲ ਹਰਾਇਆ। ਜੇਤੂ ਟੀਮ ਵਲੋਂ ਰੋਹਨ ਭੂਸ਼ਣ ਨੇ ਦੋ, ਅਭਿਸ਼ੇਕ ਗੋਰਖੀ, ਮਨਮੀਤ ਸਿੰਘ ਰਾਏ ਅਤੇ ਜਸ਼ਨਪ੍ਰੀਤ ਨੇ ਇਕ ਇਕ ਗੋਲ ਕੀਤਾ। ਜਦਕਿ ਗੁਮਹੇਰਾ ਵਲੋਂ ਇਕ ਗੋਲ ਤੁਸ਼ਾਰ ਨੇ ਕੀਤਾ। ਸੁਰਜੀਤ ਅਕੈਡਮੀ ਦੇ ਮਨਜੋਤ ਸਿਮਘ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ।ਚੌਥੇ ਮੈਚ ਵਿੱਚ ਸਾਈ ਸੋਨੀਪਤ ਨੇ ਨਾਮਧਾਰੀ ਅਕੈਡਮੀ ਨੂੰ 6-2 ਨਾਲ ਹਰਾਇਆ, ਜੇਤੂ ਟੀਮ ਵਲੋਂ ਨਿਤਨ ਨੇ ਤਿੰਨ ਗੋਲ ਕਰਕੇ ਹੈਟ੍ਰਿਕ ਕੀਤੀ, ਜਦਕਿ ਅੰਕੁਸ਼, ਪੰਕਜ਼ ਸ਼ਰਮਾ ਅਤੇ ਅੰਕੁਰ ਰੋਰ ਨੇ ਇਕ ਇਕ ਗੋਲ ਕੀਤਾ। ਜਦਕਿ ਨਾਮਧਾਰੀ ਵਲੋਂ ਗੁਰਪ੍ਰੀਤ ਅਤੇ ਮਿਸਬਾਹ ਖਾਨ ਨੇ ਇਕ ਇਕ ਗੋਲ ਕੀਤਾ। ਸੋਨੀਪਤ ਦੇ ਪੰਕਜ਼ ਸ਼ਰਮਾ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ।



## ਪਰਾਲੀ ਨਾ ਸਾੜਨ ਦਾ ਸੁਨੇਹਾ ਦੇ ਰਹੇ ਵਿਦਿਆਰਥੀ

**ਸ਼ਹੀਦ ਭਗਤ ਸਿੰਘ ਨਗਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੇ ਨਿਰਦੇਸ਼ਾਂ 'ਤੇ ਜਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਸਾਂਭ-ਸੰਭਾਲ ਬਾਰੇ ਜਾਣੂ ਕਰਵਾਉਣ ਸਦਕਾ ਵਿਦਿਆਰਥੀ ਝੋਨੇ ਦੇ ਨਾੜ ਜਾਂ ਪਰਾਲੀ ਨੂੰ ਅੱਗ ਨਾ ਲਾਉਣ ਦਾ ਸੱਦਾ ਦੇ ਰਹੇ ਹਨ। ਜਿਲ੍ਹੇ ਦੇ ਸਕੂਲਾਂ ਵਿੱਚ ਸਵੇਰ ਦੀ ਸਭਾ ਮੌਕੇ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਮਹੱਤਤਾ ਅਤੇ ਪਰਾਲੀ ਨੂੰ ਅੱਗ ਲਾਉਣ ਨਾਲ ਹੋਣ ਵਾਲੇ ਨੁਕਸਾਨ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਜਾ ਰਹੀ ਹੈ। ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਕਰਦਿਆਂ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਹਾ ਕਿ ਪਰਾਲੀ ਨੂੰ ਸਾੜਨ ਨਾਲ ਕੁਦਰਤੀ ਸੋਮਿਆਂ ਦਾ ਨੁਕਸਾਨ ਤਾਂ ਹੁੰਦਾ ਹੀ ਹੈ ਸਗੋਂ ਮਨੁੱਖੀ ਸਿਹਤ, ਮਿੱਟੀ ਦੀ ਉਪਜਾਊ ਸਕਤੀ ਅਤੇ ਮਿੱਤਰ ਕੀੜਿਆਂ ਨੂੰ ਵੀ ਨੁਕਸਾਨ ਪੁੱਜਦਾ ਹੈ ।ਸਕੂਲੀ ਵਿਦਿਆਰਥੀਆਂ ਵੱਲੋਂ ਪਰਾਲੀ ਨਾ ਸਾੜਨ ਲਈ ਫੈਲਾਈ ਜਾ ਰਹੀ ਜਾਗਰੂਕਤਾ ਦੀ ਸਲਾਘਾ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵਿਦਿਆਰਥੀ ਵੀ ਵਾਤਾਵਰਣ ਪੱਖੀ ਸਰਗਰਮੀਆਂ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ ਜਿਸ ਨਾਲ ਇਹ ਸੰਦੇਸ ਪਿੰਡ-ਪਿੰਡ ਪਹੁੰਚੇਗਾ ।ਜ਼ਿਲ੍ਹਾ ਸਿੱਖਿਆ ਅਫਸਰ ਨੇ ਦੱਸਿਆ ਕਿ ਸਰਕਾਰੀ ਮਿਡਲ ਸਕੂਲ ਭਰੋਲੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਹਿਲੂਰ ਕਲਾਂ, ਸਰਕਾਰੀ ਮਿਡਲ ਸਕੂਲ, ਕੰਗ, ਸਰਕਾਰੀ ਹਾਈ ਸਕੂਲ, ਟਕਰਾਲਾ, ਸਰਕਾਰੀ ਮਿਡਲ ਸਕੂਲ ਥਾਂਦਿਆਂ ਅਤੇ ਸਰਕਾਰੀ ਮਿਡਲ ਸਕੂਲ ਕਰੀਮਪੁਰ ਚਾਹਵਾਲਾ, ਸਰਕਾਰੀ ਮਿਡਲ ਸਕੂਲ, ਖੜਕੂਵਾਲ, ਸਰਕਾਰੀ, ਪੀ.ਐਮ.ਸ਼੍ਰੀ ਸਰਕਾਰੀ ਸੀਨੀਅਰ ਸਕੂਲ, ਖੋਥੜਾਂ, ਸਰਕਾਰੀ ਹਾਈ ਸਕੂਲ ਮੁੱਤੋਂ, ਸਰਕਾਰੀ ਮਿਡਲ ਸਮਾਰਟ ਸਕੂਲ, ਮੰਗੂਪੁਰ, ਸਰਕਾਰੀ ਹਾਈ ਸਮਾਰਟ ਸਕੂਲ, ਪਿੰਡ ਟਪਰੀਆਂ, ਸਰਕਾਰੀ ਹਾਈ ਸਕੂਲ, ਚੱਕਦਾਨਾ, ਸਰਕਾਰੀ ਹਾਈ ਸਕੂਲ ਸ਼ਹਾਬਪੁਰ, ਸਰਕਾਰੀ ਮਿਡਲ ਸਕੂਲ ਬਾਹੜਮਾਜਰਾ ਅਤੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਦੌਲਤਪੁਰ ਵਿਖੇ ਪਰਾਲੀ ਨਾ ਸਾੜਨ ਲਈ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕਰਨ ਵਾਸਤੇ ਵਿਦਿਆਰਥੀਆਂ ਲਈ ਵਿਸ਼ੇਸ਼ ਪ੍ਰੋਗਰਾਮ ਕਰਵਾਏ ਗਏ ਹਨ।




## ਸਰਪੰਚ ਮਨਜੀਤ ਕੌਰ ਨੇ ਸਾਥੀਆਂ ਸਮੇਤ ਫੜਿਆ ਆਪ ਦਾ ਪੱਲਾ



**ਬਲਾਚੌਰ (ਜਸਵਿੰਦਰ ਬੈਂਸ)**- ਭਗਵੰਤ ਮਾਨ ਮੁੱਖ ਮੰਤਰੀ ਪੰਜਾਬ, ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਅਤੇ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਦੀ ਅਗਵਾਈ ਵਿੱਚ ਪਿੰਡ ਰੁੜਕੀ ਕਲਾ ਦੀ ਸਰਪੰਚ ਮਨਜੀਤ ਕੌਰ ,ਪੰਚ ਕਸ਼ਮੀਰ ਕੌਰ, ਪੰਚ ਸਰਬਜੀਤ ਕੌਰ, ਪੰਚ ਪਰਮਜੀਤ ਕੌਰ, ਪੰਚ ਅਸ਼ੋਕ ਕੁਮਾਰ ਅਤੇ ਪੰਚ ਧਰਮਪਾਲ ਆਦਿ ਨੇ ਸਾਥੀਆ ਸਮੇਤ 'ਆਪ' 'ਚ ਸ਼ਾਮਲ ਹੋਏ। ਇਸ ਮੌਕੇ ਬੀਬੀ ਸੰਤੋਸ਼ ਕਟਾਰੀਆ ਨੇ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਆਪ ਚ ਆਏ ਸਾਰੇ ਸਮਰਥਕਾਂ ਦਾ ਨਿੱਘਾ ਸਵਾਗਤ ਮਫਲਰ ਪਾ ਕੇ ਕੀਤਾ। ਸੰਤੋਸ਼ ਕਟਾਰੀਆ ਨੇ ਕਿਹਾ ਕਿ ਸ਼ਾਮਲ ਹੋਏ ਸਾਰੇ ਸਾਥੀਆਂ ਨੂੰ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਕਟਾਰੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਪਣੇ ਵਲੰਟੀਅਰ ਤੱਕ ਦੇ ਪਾਰਟੀ ਦੇ ਆਗੂਆਂ ਨੂੰ ਹਲਕੇ ਦੀ ਸੇਵਾ ਕਰਨ ਦਾ ਮੋਕਾ ਦਿੰਦੀ ਹੈ ਉਨ੍ਹਾਂ ਨੇ ਕਿਹਾ ਕਿ ਪਾਰਟੀ ਵਿੱਚ ਨਵੇਂ ਸ਼ਾਮਿਲ ਹੋਏ ਪਰਿਵਾਰਾ ਨੂੰ ਪਾਰਟੀ ਵੱਲੋਂ ਬਣਦਾ ਹਰ ਪ੍ਰਕਾਰ ਦਾ ਮਾਣ ਸਤਿਕਾਰ ਕੀਤਾ ਜਾਵੇਗਾ। ਇਸ ਮੌਕੇ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਸ਼ਾਮਲ ਹੋਏ ਸਾਥੀਆਂ ਦਾ ਸੁਆਗਤ ਕੀਤਾ ਅਤੇ ਕਿਹਾ ਕਿ ਲੋਕ ਰਵਾਇਤੀ ਪਾਰਟੀਆਂ ਦੇ ਲੋਕ ਲੁਭਾਵਣੇ ਝੂਠੇ ਵਾਅਦਿਆਂ ਤੋਂ ਦੁਖੀ ਹਨ।ਜਿਸ ਦੇ ਕਾਰਨ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ। ਇਸ ਮੌਕੇ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ, ਸਰਪੰਚ ਭਾਗ ਸਿੰਘ ਪਿੰਡ ਨਿਊ ਕਲੋਨੀ ਰਕੜਾ ਬੇਟ, ਰਜਿੰਦਰ ਕੁਮਾਰ ਚਰਨਜੀਤ ਸਿੰਘ, ਨਰਿੰਦਰ ਪਾਲ ,ਮੋਹਿਤ ਬੰਗਾ , ਅਜੇ ਕੁਮਾਰ, ਕੁਲਵਿੰਦਰ ਕੁਮਾਰ ਆਦਿ ਪਿੰਡ ਵਾਸੀ ਅਤੇ ਪਾਰਟੀ ਵਲੰਟੀਅਰ ਹਾਜ਼ਰ ਸਨ।

## ਹਰਿਆਣਾ ਨੂੰ ਵਿਕਾਸ ਦੇ ਸਿਖਰ 'ਤੇ ਲੈ ਕੇ ਜਾਣਾ ਸਾਡੀ ਪ੍ਰਤੀਬੱਧਤਾ : ਮੁੱਖ ਮੰਤਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੂਬਾਵਾਸੀਆਂ ਨੂੰ ਵੱਡੀ ਸੌਗਾਤ ਦਿੰਦੇ ਹੋਏ 117 ਕਰੋੜ ਰੁਪਏ ਦੀ 557 ਪਰਿਯੋਜਨਾਵਾਂ ਦਾ ਉਦਘਾਟਨ ਕੀਤਾ। ਸੇਵਾ ਪਖਵਾੜਾ ਮੁਹਿੰਮ ਤਹਿਤ ਸੋਨੀਪਤ ਜਿਲ੍ਹਾ ਦੇ ਦੀਨ ਬੰਧੂ ਛੋਟੂਰਾਮ ਵਿਗਿਆਨ ਅਤੇ ਤਕਨਾਲੋਜੀ ਯੂਨੀਵਰਸਿਟੀ (ਡੀ ਸੀ ਆਰ ਯੂ ਐਸ ਟੀ) ਮੂਰਥਲ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਉਨ੍ਹਾਂ ਨੇ ਇੱਥੋਂ 72 ਮਹਿਲਾ ਸਭਿਆਚਾਰਕ ਕੇਂਦਰ, 90 ਇਨਡੋਰ ਜਿਮ, 69 ਯੋਗ ਅਤੇ ਵਿਯਾਮਸ਼ਾਲਾਵਾਂ, ਮੁੱਖ ਮੰਤਰੀ ਕਿਸਾਨ ਖੇਤ ਸੜਕ ਯੋਜਨਾ ਤਹਿਤ 101 ਸੜਕਾਂ ਅਤੇ 225 ਪਿੰਡਾਂ ਵਿੱਚ ਫਿਰਨੀ 'ਤੇ ਸਟ੍ਰੀਟ ਲਾਇਟਸ ਦਾ ਉਦਘਾਟਨ ਕੀਤਾ। ਇਸ ਦੇ ਨਾਲ-ਨਾਲ ਉਨ੍ਹਾਂ ਨੇ ਸਿਹਤ ਨਾਰੀ-ਸ਼ਸ਼ਕਤ ਪਰਿਵਾਰ ਮੁਹਿੰਮ ਅਤੇ 8ਵੇਂ ਪੋਸ਼ਣ ਮਹੀਨੇ ਤਹਿਤ ਮਹਿਲਾ ਸਿਹਤ ਕੈਂਪ ਦਾ ਉਦਘਾਟਨ ਅਤੇ ਨਿਰੀਖਣ ਕੀਤਾ। ਉਨ੍ਹਾਂ ਨੇ ਸੂਬਾਵਾਸੀਆਂ ਨੂੰ ਨਰਾਤੇ ਤੇ ਮਹਾਰਾਜਾ ਅਗਰਸੇਨ ਜੈਯੰਤੀ ਦੀ ਵਧਾਈ ਵੀ ਦਿੱਤੀ।

## ਗੰਨਾ ਮਿਲ ਵੱਲ ਬਕਾਇਆ 12 ਕਰੋੜ 77 ਲੱਖ ਕਿਸਾਨਾਂ ਦੇ ਖਾਤਿਆਂ 'ਚ ਪਾਇਆ ਜਾਵੇ : ਬੀ ਕੇ ਯੂ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਗੰਨਾ ਮਿਲ ਵਲ 12 ਕਰੋੜ 77 ਲਖ ਰੁਪਏ ਤੁਰੰਤ ਕਿਸਾਨਾਂ ਦੇ ਖਾਤਿਆ ਵਿਚ ਪਾਇਆ ਜਾਵੇ, ਇਸ ਬਾਰੇ ਜੀ ਐਮ ਨਕੋਦਰ ਨੂੰ ਮੰਗ ਪੱਤਰ ਸੌਂਪਿਆ। ਭਾਰਤੀ ਕਿਸਾਨ ਯੂਨੀਅਨ ਦੋਆਬਾ ਬਲਾਕ ਨੂਰਮਹਿਲ, ਬਲਾਕ ਮਹਿਤਪੁਰ ਤੇ ਕਿਸਾਨ ਸ਼ੰਘਰਸ਼ ਕਮੇਟੀ ਦੀ ਜੀ ਐਮ ਨਕੋਦਰ ਗੰਨਾ ਮਿਲ ਨਾਲ ਮੀਟਿੰਗ ਹੋਈ ਤੇ ਜਿਸ ਵਿੱਚ ਕਿਸਾਨਾਂ ਦਾ ਬਕਾਇਆ ਕਿਸਾਨਾ ਦੇ 12 ਕਰੋੜ 77 ਲਖ ਖਾਤਿਆ ਵਿਚ ਪਾਇਆ ਜਾਵੇ। ਮਿਲ ਵਿਚ ਮੇਨ ਗੇਟ ਤੋ ਕੰਡੇ ਤੱਕ ਕੰਕਰੀਟ ਦੀ ਸੜਕ ਬਣਾਈ ਜਾਵੇ।ਸੀਜ਼ਨ 2023 ਤੇ2024ਦੀ 57 ਲਖ ਪਲਾਟੀ ਕਿਸਾਨ ਨੂੰ ਦਿਤੀ ਜਾਵੇ ਕਿਉਕਿ ਜਦ ਕਿਸਾਨਾ ਨੂੰ 15 ਦਿਨਾਂ ਦੇ ਅੰਦਰ ਅੰਦਰ ਪੇਮੈਂਟ ਨਹੀ ਕੀਤੀ ਜਾਦੀ ਤਾਂ ਗੰਨੇ ਤੇ ਪਲਟੀ ਕੱਟਣ ਦਾ ਕੋਈ ਹੱਕ ਨਹੀਂ ।ਇਹ ਕਿਸਾਨਾ ਨਾਲ ਬੇਇਨਸਾਫੀ ਹੈ।ਕਿਸਾਨਾਂ ਦਾ ਬਕਾਇਆ ਮਿਲ ਦੇ ਸੀਜ਼ਨ ਤੋ ਪਹਿਲਾ ਦਿਤਾ ਜਾਵੇ,ਕਿਸਾਨਾਂ ਦੇ ਰਹਿਣ ਵਾਸਤੇ ਵਧੀਆ ਪ੍ਰਬੰਧ ਕੀਤੇ ਜਾਣ, ਫੜ ਵਿਚ ਨੀਵੇ ਥਾਂ ਠੀਕ ਕੀਤੇ ਜਾਣ,ਲਾਇਟਾਂ ਦਾ ਉਚਿਤ ਪ੍ਰਬੰਧ ਕੀਤਾ ਜਾਵੇ।ਇਸ ਵਿਚਾਰਾਂ ਤੇ 7$ ਨਕੋਦਰ ਨੇ ਸਹਿਮਤੀ ਪ੍ਰਗਟਾਈ ।ਇਸ ਵਿਚ ਭਾਰਤੀ ਕਿਸਾਨ ਯੂਨੀਅਨ ਦੋਆਬਾ ਬਲਾਕ ਨੂਰਮਹਿਲ ਦੇ ਸੀਨੀਅਰ ਮੀਤ ਪ੍ਰਧਾਨ ਰਛਪਾਲ ਸਿੰਘ ਸ਼ਾਦੀਪੁਰ ,ਸੂਬਾ ਮੀਤ ਪ੍ਰਧਾਨ ਗੁਰਚੇਤਨ ਸਿੰਘ, ਗੁਰਦਿਆਲ ਸਿੰਘ ਪ੍ਰੈਸ ਸਕੱਤਰ, ਇੰਦਰਜੀਤ ਸਿੰਘ ਕੈਸ਼ੀਅਰ, ਮਨਜਿੰਦਰ ਸਿੰਘ, ਕਸ਼ਮੀਰ ਸਿੰਘ ਮਹਿਤਪੁਰ, ਨਰਿੰਦਰ ਸਿੰਘ ਪ੍ਰਧਾਨ, ਕਿਸਾਨ ਮਜਦੂਰ ਸ਼ੰਘਰਸ਼ ਕਮੇਟੀ ਦੇ ਮੈਂਬਰ ਹਾਜ਼ਰ ਸਨ।



## ਅੰਤਰਰਾਸ਼ਟਰੀ ਸਿੰਪੋਜ਼ੀਅਮ ਨੇ ਭਵਿੱਖ ਦੇ ਸਮਾਰਟ ਸ਼ਹਿਰਾਂ ਲਈ ਯੂ ਕੇ-ਭਾਰਤ ਸਾਂਝੇਦਾਰੀ ਨੂੰ ਵਧਾਇਆ

**ਜਲੰਧਰ (ਸ਼ੈਲੀ ਐਲਬਰਟ)**- ਤਿੰਨ ਦਿਨਾਂ ਅੰਤਰਰਾਸ਼ਟਰੀ ਸਿੰਪੋਜ਼ੀਅਮ ਸ਼ਹਿਰੀ ਸਥਿਰਤਾ ਤੇ ਯੂਕੇ-ਭਾਰਤ ਸਹਿਯੋਗ ਵਿੱਚ ਇੱਕ ਮਹੱਤਵਪੂਰਨ ਕਦਮ ਸੀ। ਮੁੰਜਾਲ ਬਰਮਿੰਘਮ ਸਿਟੀ ਯੂਨੀਵਰਸਿਟੀ ਸੈਂਟਰ ਆਫ਼ ਇਨੋਵੇਸ਼ਨ ਐਂਡ ਐਂਟਰਪ੍ਰਨਿਓਰਸ਼ਿਪ ਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਆਯੋਜਿਤ, ਇਸ ਸਮਾਗਮ ਨੇ ਐਸ ਐਸ ਜੀ-ਬ੍ਰਿਜ ਪ੍ਰੋਜੈਕਟ ਦੇ ਤਹਿਤ ਦੋਵਾਂ ਦੇਸ਼ਾਂ ਦੇ ਮਾਹਰਾਂ ਨੂੰ ਇਕੱਠਾ ਕੀਤਾ, ਜਿਸ ਨੂੰ ਬ੍ਰਿਟਿਸ਼ ਕੌਂਸਲ (ਯੂ ਕੇ) ਅਤੇ ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸ ਰਿਸਰਚ, ਭਾਰਤ ਦੁਆਰਾ ਸਾਂਝੇ ਤੌਰ 'ਤੇ ਫੰਡ ਦਿੱਤਾ ਗਿਆ। ਯੂਕੇ-ਭਾਰਤ ਸਹਿਯੋਗ ਦੁਆਰਾ ਸ਼ਹਿਰੀ ਲਚਕੀਲਾਪਣ ਅਤੇ ਸਥਿਰਤਾ ਨੂੰ ਵਧਾਉਣਾ ਥੀਮ ਵਾਲੇ ਇਸ ਕਾਨਫਰੰਸ ਵਿੱਚ ਅਕਾਦਮਿਕ, ਨੀਤੀ ਨਿਰਮਾਤਾ, ਉਦਯੋਗ ਦੇ ਨੇਤਾ ਅਤੇ ਸ਼ੁਰੂਆਤੀ-ਕੈਰੀਅਰ ਖੋਜਕਰਤਾਵਾਂ ਨੇ ਭਾਗ ਲਿਆ। ਗਿਆਨ ਦੇ ਆਦਾਨ-ਪ੍ਰਦਾਨ ਅਤੇ ਸਹਿਯੋਗੀ ਯੋਜਨਾਬੰਦੀ ਲਈ ਇਹ ਪਲੇਟਫਾਰਮ ਬਰਮਿੰਘਮ ਸਿਟੀ ਯੂਨੀਵਰਸਿਟੀ (ਯੂ ਕੇ), ਮੁੰਜਾਲ ਬੀ ਸੀ ਯੂ ਸੈਂਟਰ ਆਫ਼ ਇਨੋਵੇਸ਼ਨ ਐਂਡ ਐਂਟਰਪ੍ਰਨਿਓਰਸ਼ਿਪ (ਲੁਧਿਆਣਾ), ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਅਤੇ ਪਬਲਿਕ ਐਕਸ਼ਨ ਕਮੇਟੀ (ਲੁਧਿਆਣਾ) ਵਿਚਕਾਰ ਇੱਕ ਰਣਨੀਤਕ ਭਾਈਵਾਲੀ ਸੀ।ਐਲ ਪੀ ਯੂ ਵਿੱਚ ਸਾਰਿਆਂ ਦਾ ਸਵਾਗਤ ਕਰਦੇ ਹੋਏ ਐਲ ਪੀ ਯੂ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਸੰਧੂ, ਐਲ ਪੀ ਯੂ ਦੇ ਵਾਈਸ ਪ੍ਰੈਜ਼ੀਡੈਂਟ ਡਾ. ਅਮਨ ਮਿੱਤਲ ਅਤੇ ਸੀਨੀਅਰ ਡੀਨ ਡਾ. ਨੀਤਾ ਰਾਜ ਸ਼ਰਮਾ, ਜੋ ਕਿ ਐਸਐਸਜੀ-ਬ੍ਰਿਜ ਲਈ ਇੰਡੀਆ ਪ੍ਰੋਜੈਕਟ ਲੀਡ ਨੇ ਕੀਤਾ।ਡਾ. ਨੀਤਾ ਰਾਜ ਸ਼ਰਮਾ ਨੇ ਸਮਝਾਇਆ ਕਿ ਇਹ ਪ੍ਰੋਗਰਾਮ ਦੋਵਾਂ ਦੇਸ਼ਾਂ ਨੂੰ ਸ਼ਹਿਰੀ ਭਵਿੱਖ ਦੀ ਮੁੜ ਕਲਪਨਾ ਕਰਨ ਲਈ ਜੋੜਨ ਵਾਲਾ ਇੱਕ ਮਹੱਤਵਪੂਰਨ ਹੈ। ਉਨ੍ਹਾਂ ਕਿਹਾ, ਸਾਡਾ ਮਿਸ਼ਨ ਖੋਜਕਰਤਾਵਾਂ ਦੀ ਅਗਲੀ ਪੀੜ੍ਹੀ ਨੂੰ ਨਵੀਨਤਾ ਨੂੰ ਤੇਜ਼ ਕਰਨ ਅਤੇ ਐਸ ਐਸ ਜੀ ਏਜੰਡੇ ਨੂੰ ਅੱਗੇ ਵਧਾਉਣ ਲਈ ਸਸ਼ਕਤ ਬਣਾਉਣਾ ਹੈ, ਜੋ ਸਿੱਧੇ ਤੌਰ ਤੇ ਜਨਤਕ ਸਿਹਤ, ਵਾਤਾਵਰਣ ਅਤੇ ਮਨੁੱਖੀ ਵਿਕਾਸ ਸੂਚਕਾਂਕ ਨੂੰ ਪ੍ਰਭਾਵਤ ਕਰਦਾ ਹੈ।ਇਸ ਵਚਨਬੱਧਤਾ ਨੂੰ ਅੱਗੇ ਵਧਾਉਂਦੇ ਹੋਏ, ਡਾ. ਅਮਨ ਮਿੱਤਲ ਨੇ ਯੂਨੀਵਰਸਿਟੀ ਵਿਖੇ ਇੱਕ ਸਮਰਪਿਤ ਭਾਰਤ-ਯੂ ਕੇ ਐਸ ਐਸ ਜੀ ਖੋਜ ਕੇਂਦਰ ਲਈ ਯੋਜਨਾਵਾਂ ਦਾ ਐਲਾਨ ਕੀਤਾ। ਯੂ ਕੇ ਤੋਂ, ਬਰਮਿੰਘਮ ਸਿਟੀ ਯੂਨੀਵਰਸਿਟੀ ਤੋਂ ਯੂਕੇ ਪ੍ਰੋਜੈਕਟ ਲੀਡ ਡਾ. ਵਾਹਿਦ ਜਾਵਿਦਰੂਜ਼ੀ ਨੇ ਪ੍ਰੋਜੈਕਟ ਬਾਰੇ ਗੱਲ ਕੀਤੀ। ਉਨ੍ਹਾਂ ਨੇ ਸਮਾਰਟ ਸ਼ਹਿਰਾਂ ਪ੍ਰਤੀ ਤਕਨੀਕੀ ਪਹੁੰਚ ਦੀ ਆਲੋਚਨਾ ਕੀਤੀ ਤੇ ਇਸ ਦੀ ਬਜਾਏ ਲੋਕਾਂ, ਪ੍ਰਕਿਰਿਆ ਅਤੇ ਸ਼ਾਸਨ ਤੇ ਕੇਂਦ੍ਰਿਤ ਇੱਕ ਸੰਪੂਰਨ ਮਾਡਲ ਦੀ ਵਕਾਲਤ ਕੀਤੀ।



## ਅਣਪਛਾਤੇ ਲੁਟੇਰਿਆਂ ਵੱਲੋਂ ਲੁੱਟਣ ਦਾ ਸਿਲਸਿਲਾ ਨਿਰਵਿਘਨ ਜਾਰੀ

**ਮਾਹਿਲਪੁਰ (ਸ.ਫ਼ਰੀ)**- ਸਿਵਲ ਹਸਪਤਾਲ ਮਾਹਿਲਪੁਰ ਵਿੱਚ ਦਾਖਲ ਰਣਜੀਤ ਸਿੰਘ ਪੁੱਤਰ ਰਾਮ ਲੁਭਾਇਆ ਵਾਰਡ ਨੰਬਰ ਛੇ ਵਾਸੀ ਮਾਹਿਲਪੁਰ ਦੇ ਚਾਚੇ ਸਤਪਾਲ ਪੁੱਤਰ ਕਰਮ ਚੰਦ ਨੇ ਦੱਸਿਆ ਕਿ ਮੇਰਾ ਭਤੀਜਾ ਰਣਜੀਤ ਸਿੰਘ ਜੋ ਅੱਡਾ ਪਾਲਦੀ ਵਿੱਚ ਪੀਜਾ ਬਣਾਉਣ ਵਾਲੀ ਦੁਕਾਨ ਤੇ ਕੰਮ ਕਰਦਾ ਹੈ। ਉਨ੍ਹਾਂ ਦੱਸਿਆ ਕਿ ਐਤਵਾਰ ਦੀ ਰਾਤ ਕੋਈ 9.30 ਵਜੇ ਹੁੰਦਲ ਦੀ ਦੁਕਾਨ ਤੋ ਦੁੱਧ ਲੈ ਕੇ ਆਪਣੇ ਮੋਟਰਸਾਈਕਲ ਤੇ ਆਪਣੇ ਘਰ ਨੂੰ ਜਾ ਰਿਹਾ ਸੀ। ਰਾਸਤੇ ਵਿੱਚ ਇਕ ਪ੍ਰਵਾਸੀ ਨੇ ਹੱਥ ਦੇ ਕੇ ਮੋਟਰਸਾਈਕਲ ਰੋਕਿਆ ਅਤੇ ਲੜਾਈ ਝਗੜਾ ਕਰਨ ਲੱਗ ਪਿਆ। ਚੱਲਦੀ ਲੜਾਈ ਵਿੱਚ ਉਕਤ ਪ੍ਰਵਾਸੀ ਨੇ ਇਕ ਫੋਨ ਕੀਤਾ ਨਾਲ ਹੀ ਤਿੰਨ-ਚਾਰ ਮਿੰਟ ਵਿਚ ਪ੍ਰਵਾਸੀ ਦੇ ਸਾਥੀ ਵੀ ਮੌਕੇ ਤੇ ਪਹੁੰਚ ਗਏ ਤੇ ਉਨਾ ਨੇ ਮੇਰੇ ਭਤੀਜੇ ਰਣਜੀਤ ਸਿੰਘ ਤੇ ਹੱਥਾਂ ਵਿੱਚ ਪਾਏ ਮੋਟੇ ਕੜਿਆ ਨਾਲ ਵਾਰ ਕਰਨੇ ਸ਼ੁਰੂ ਕਰ ਦਿੱਤੇ।ਉਨ੍ਹਾਂ ਦੱਸਿਆ ਕਿ ਮੇਰੇ ਭਤੀਜੇ ਦੇ ਪਰਸ 'ਚੋ 22 ਹਜ਼ਾਰ ਰੁਪਏ ਖੋਹ ਕੇ ਲੈ ਗਏ ।ਲੁਟੇਰਿਆ ਦੇ ਫਰਾਰ ਹੁੰਦੇ ਸਮੇ ਮੇਰੇ ਭਤੀਜੇ ਨੇ ਲੁਟੇਰਿਆ ਦੇ ਮੋਟਰਸਾਈਕਲ ਦੀ ਫੋਟੋ ਖਿੱਚ ਲਈ ਜਿਸ ਵਿੱਚ ਮੋਟਰਸਾਈਕਲ ਦਾ ਨੰਬਰ ਸਪੱਸ਼ਟ ਦਿਸ ਰਿਹਾ ਹੈ। ਜਖ਼ਮੀ ਹਾਲਤ ਵਿੱਚ ਮੇਰਾ ਭਤੀਜਾ ਰਣਜੀਤ ਸਿੰਘ ਥਾਣਾ ਮਾਹਿਲਪੁਰ ਅੰਦਰ ਆਇਆ ਮੌਕੇ ਤੇ ਮੌਜੂਦ ਪੁਲਸ ਕਰਮਚਾਰੀਆਂ ਨੇ ਗੰਭੀਰ ਹਾਲਤ ਦੇਖਦੇ ਹੋਏ ਸਿਵਲ ਹਸਪਤਾਲ ਮਾਹਿਲਪੁਰ ਵਿੱਚ ਦਾਖਲ ਹੋਣ ਲਈ ਕਿਹਾ ।ਰਣਜੀਤ ਸਿੰਘ ਦੇ ਚਾਚਾ ਸਤਪਾਲ ਦੇ ਦੱਸਣ ਮੁਤਾਬਿਕ ਮੇਰਾ ਭਤੀਜਾ ਸਿਵਲ ਹਸਪਤਾਲ ਮਾਹਿਲਪੁਰ ਵਿੱਚ ਦਾਖਲ ਹੈ ।ਉਨਾ ਦੱਸਿਆ ਕਿ ਹੁਣ ਤੱਕ ਕੋਈ ਵੀ ਪੁਲਸ ਮੁਲਾਜ਼ਮ ਨਾਲ ਬਿਆਨ ਲੈਣ ਆਇਆ ਅਤੇ ਨਾ ਹੀ ਕੋਈ ਕਾਰਵਾਈ ਸ਼ੁਰੂ ਕੀਤੀ ਹੈ। ਉਨ੍ਹਾ ਦੱਸਿਆ ਕਿ ਜਦੋ ਅਸੀ ਸਬੰਧਿਤ ਕਰਮਚਾਰੀ ਨੂੰ ਬਿਆਨ ਨਾ ਲੈਣ ਦਾ ਕਾਰਨ ਪੁੱਛਿਆ ਤਾ ਉਨਾ ਕਿਹਾ ਕਿ ਮੇਰੀ ਸਿਹਤ ਠੀਕ ਨਹੀਂ ਹੈ। ਜਦੋ ਇਸ ਸਬੰਧੀ ਏ ਐਸ ਆਈ ਦਿਲਬਾਗ ਸਿੰਘ ਨਾਲ ਗੱਲ ਕੀਤੀ ਤਾ ਉਨ੍ਹਾਂ ਜਵਾਬ ਦੇਣਾ ਵਾਜਬ ਨਹੀਂ ਸਮਝਿਆ।



## ਕਲੱਬ ਵੱਲੋਂ ਸਨਾਤਨ ਧਰਮ ਦਾ ਪ੍ਰਚਾਰ ਕਰਨਾ ਸ਼ਲਾਘਾਯੋਗ ਕਾਰਜ : ਲੱਖੀ, ਬਹਿਲ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸ੍ਰੀ ਅਰਜਨ ਕਲੱਬ ਟਾਂਡਾ ਦੇ ਪ੍ਰਧਾਨ ਰਣਜੀਤ ਸਿੰਘ ਸਿੱਧੂ ਅਤੇ ਸਮੂਹ ਕਲੱਬ ਮੈਂਬਰਾਂ ਵੱਲੋਂ ਸ਼ੁਰੂ ਕੀਤੀ ਗਈ ਰਾਮਲੀਲਾ ਮੰਚਨ ਦੌਰਾਨ ਬੀਤੀ ਰਾਤ ਤਾੜਕਾਸੁਰ ਨਾਲ ਪ੍ਰਭੂ ਸ੍ਰੀ ਰਾਮ ਅਤੇ ਲਛਮਣ ਦੇ ਹੋਏ ਯੁੱਧ ਤੋਂ ਇਲਾਵਾ ਵੱਖ-ਵੱਖ ਸਰੂਪ ਧਾਰਨ ਕੀਤੇ ਕਲਾਕਾਰਾਂ ਨੇ ਆਪਣੇ ਹੁਨਰ ਦੀਆਂ ਝਲਕੀਆਂ ਪੇਸ਼ ਕੀਤੀਆਂ ਜਿਸਦਾ ਉਦਘਾਟਨ ਮੁੱਖ ਮਹਿਮਾਨ ਸ਼੍ਰੋਮਣੀ ਅਕਾਲੀ ਦਲ (ਬ) ਦੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਨੇ ਕੀਤਾ। ਵਿਸ਼ੇਸ਼ ਮਹਿਮਾਨ ਵਜੋਂ ਸਨਾਤਨ ਧਰਮ ਸਭਾ ਦੇ ਪ੍ਰਧਾਨ ਦੀਪਕ ਬਹਿਲ, ਬਿਕਰਮਜੀਤ ਸਿੰਘ ਲਾਲੀ, ਸ਼ੁਭਮ ਬਿੱਲਾ, ਮਿੱਕੀ ਪੰਡਿਤ, ਪਵਨ ਚੱਡਾ, ਸੋਨੂੰ ਖੁੱਲਰ, ਪਪੀ ਰੜਾ, ਲਕਸ਼ੇ ਬਹਿਲ ਨੇ ਅਪਣੀ ਹਾਜ਼ਰੀ ਲਗਵਾਈ। ਪੰਡਾਲ 'ਚ ਬੈਠੇ ਪ੍ਰਭੂ ਸ਼੍ਰੀ ਰਾਮ ਜੀ ਦੇ ਸ਼ਰਧਾਲੂਆਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਲਖਵਿੰਦਰ ਸਿੰਘ ਲੱਖੀ ਨੇ ਕਿਹਾ ਕਿ ਅਜਿਹੀਆਂ ਧਾਰਮਿਕ ਲੀਲਾਵਾਂ ਰਾਹੀਂ ਪ੍ਰਭੂ ਸ੍ਰੀ ਰਾਮ ਜੀ ਦੀ ਜੀਵਨੀ ਸਬੰਧੀ ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਜੋ ਆਪਣੇ ਰਸਤੇ ਤੋਂ ਭਟਕੀ ਅੱਜ ਦੀ ਨੌਜਵਾਨ ਪੀੜੀ ਨੂੰ ਉਨ੍ਹਾਂ ਦੇ ਸਹੀ ਰਸਤੇ ਤੇ ਲਿਆਂਦਾ ਜਾ ਸਕੇ। ਪ੍ਰਧਾਨ ਦੀਪਕ ਬਹਿਲ ਨੇ ਕਿਹਾ ਕਿ ਪ੍ਰਭੂ ਸ੍ਰੀ ਰਾਮ ਕਿਸੇ ਵੀ ਇੱਕ ਧਰਮ ਦੇ ਪ੍ਰਭੂ ਨਹੀਂ ਸਨ ਉਹ ਤਾਂ ਸਾਰੀ ਦੁਨੀਆ ਦੇ ਧਰਮਾਂ ਦੇ ਭਗਵਾਨ ਸਨ, ਇਸ ਲਈ ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਦਰਸਾਏ ਮਾਰਗ ਤੇ ਚਲਦੇ ਹੋਏ ਆਪਣੇ ਮਾਤਾ-ਪਿਤਾ ਦਾ ਆਦਰ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰ ਸ਼ਹਿਰ ਵਿੱਚ ਜਿਹੜੀਆਂ ਕਲੱਬਾਂ ਰਾਮਲੀਲਾਵਾਂ ਕਰਵਾ ਰਹੀਆਂ ਹਨ ਉਸ ਨਾਲ ਸਨਾਤਨ ਧਰਮ ਦਾ ਪ੍ਰਚਾਰ ਹੋ ਰਿਹਾ ਹੈ ਜੋ ਕਿ ਇੱਕ ਸ਼ਲਾਘਾ ਯੋਗ ਕਦਮ ਹੈ। ਇਸ ਮੌਕੇ ਤੇ ਕਲੱਬ ਦੇ ਪ੍ਰਧਾਨ ਰਣਜੀਤ ਸਿੰਘ, ਵਿਨੋਦ ਕੁਮਾਰ, ਗਿੰਨੀ ਅਰੋੜਾ, ਅਭਿਮਨਿਊ ਤਲਵਾੜ, ਅਸ਼ੋਕ ਵਰਮਾ, ਪ੍ਰਵੀਨ ਕਪੂਰ, ਅਨੁਰਾਗ ਸ਼ਰਮਾਅਤੇ ਸਮੂਹ ਕਲੱਬ ਮੈਂਬਰਾਂ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਨੂੰ ਸਿਰੋਪਾਓ ਅਤੇ ਸ਼ੀਲਡਾਂ ਦੇ ਕੇ ਸਨਮਾਨਤ ਕੀਤਾ।

## ਹਰ ਗਰਭਵਤੀ ਦੇ ਚਾਰ ਮੁਆਇਨੇ ਜ਼ਰੂਰੀ : ਡਾ. ਤਮੰਨਾ ਸਿੰਘਲ

**ਮੋਹਾਲੀ (ਗੁਰਜੀਤ ਬਿੱਲਾ)**- ਜ਼ਿਲ੍ਹੇ ਦੀਆਂ ਵੱਖ-ਵੱਖ ਸਰਕਾਰੀ ਸਿਹਤ ਸੰਸਥਾਵਾਂ ਵਿਚ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਤਵ ਅਭਿਆਨ (ਪੀ ਐਮ ਐਸ ਐਮ ਏ) ਦਿਵਸ ਮਨਾਇਆ ਗਿਆ, ਜਿਸ ਤਹਿਤ ਇਸਤਰੀ ਰੋਗਾਂ ਦੇ ਮਾਹਰ ਡਾਕਟਰਾਂ ਵੱਲੋਂ ਗਰਭਵਤੀ ਔਰਤਾਂ ਦੀ ਮੁਫ਼ਤ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਸੁਰੱਖਿਅਤ ਜਣੇਪੇ ਸਬੰਧੀ ਜਾਣਕਾਰੀ ਦਿਤੀ ਗਈ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਦੂਜੀ ਅਤੇ ਤੀਜੀ ਤਿਮਾਹੀ ਵਾਲੀਆਂ ਗਰਭਵਤੀ ਔਰਤਾਂ ਦੀ ਜਾਂਚ ਕਰਨਾ ਅਤੇ ਹਾਈਰਿਸਕ ਗਰਭਵਤੀ ਔਰਤਾਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਸਹੀ ਇਲਾਜ ਪ੍ਰਦਾਨ ਕਰਨਾ ਹੈ। ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਤਮੰਨਾ ਸਿੰਘਲ ਨੇ ਦਸਿਆ ਕਿ ਇਸ ਪ੍ਰੋਗਰਾਮ ਤਹਿਤ ਹਰ ਮਹੀਨੇ ਦੀ 9 ਤਰੀਕ ਤੇ 23 ਤਰੀਕ ਨੂੰ ਗਰਭਵਤੀ ਔਰਤਾਂ ਖ਼ਾਸਕਰ ਉੱਚ ਜੋਖਮ ਵਾਲੀਆਂ ਗਰਭਵਤੀ ਔਰਤਾਂ ਦੀ ਮੁਫ਼ਤ ਜਾਂਚ ਕੀਤੀ ਜਾਂਦੀ ਹੈ। ਸਿਹਤ ਅਧਿਕਾਰੀ ਨੇ ਆਮ ਲੋਕਾਂ ਖ਼ਾਸਕਰ ਗਰਭਵਤੀ ਔਰਤਾਂ ਨੂੰ ਸਰਕਾਰੀ ਸਿਹਤ ਸੰਸਥਾਵਾਂ ਵਿਖੇ ਪਹੁੰਚ ਕੇ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਮੁਫਤ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਗਰਭਵਤੀ ਔਰਤਾਂ ਦੀ ਸਲਾਮਤੀ ਲਈ ਕਦੇ ਵੀ ਗੈਰ-ਸਿੱਖਿਅਤ ਵਿਅਕਤੀ ਤੋਂ ਜਣੇਪਾ ਨਹੀਂ ਕਰਾਉਣਾ ਚਾਹੀਦਾ, ਕਿਉਂਕਿ ਅਜਿਹਾ ਕਰਨ ਨਾਲ ਔਰਤ ਅਤੇ ਬੱਚੇ ਦੋਹਾਂ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਹਰ ਗਰਭਵਤੀ ਔਰਤ ਦੇ ਚਾਰ ਏ.ਐਨ.ਸੀ. ਚੈਕਅੱਪ ਜ਼ਰੂਰੀ ਹਨ ਜਿਹੜੇ ਸਰਕਾਰੀ ਸਿਹਤ ਸੰਸਥਾਵਾਂ ਵਿਚ ਬਿਲਕੁਲ ਮੁਫ਼ਤ ਕੀਤੇ ਜਾਂਦੇ ਹਨ।



## ਨਾਜਾਇਜ਼ ਕਬਜ਼ਿਆਂ ਵਿਰੁੱਧ ਨਗਰ ਸੁਧਾਰ ਟਰੱਸਟ ਨੇ ਕੀਤੀ ਸਖ਼ਤ ਕਾਰਵਾਈ : ਚੇਅਰਮੈਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਚੇਅਰਮੈਨ ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਗੁਰਵਿੰਦਰ ਸਿੰਘ ਪਾਬਲਾ ਨੇ ਕਿਹਾ ਕਿ ਨਗਰ ਸੁਧਾਰ ਟਰੱਸਟ ਨੇ ਆਮ ਲੋਕਾਂ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਆਪਣੇ ਫੀਲਡ ਸਟਾਫ ਰਾਹੀਂ ਕਾਰਵਾਈ ਕਰਦਿਆਂ ਟਰੱਸਟ ਦੀਆਂ ਵੱਖ-ਵੱਖ ਸਕੀਮਾਂ ਵਿਚ ਸੜਕਾਂ, ਜਨਤਕ ਗਲਿਆਰਿਆਂ ਅਤੇ ਗ੍ਰੀਨ ਬੈਲਟਾਂ 'ਤੇ ਕੀਤੇ ਗਏ ਨਾਜਾਇਜ਼ ਕਬਜ਼ੇ ਹਟਾਏ। ਉਨ੍ਹਾਂ ਕਿਹਾ ਕਿ ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਦੇ ਦਫ਼ਤਰ ਨੂੰ ਆਮ ਲੋਕਾਂ ਅਤੇ ਨੇੜਲੇ ਦੁਕਾਨਦਾਰਾਂ ਵੱਲੋਂ ਲੰਬੇ ਸਮੇਂ ਤੋਂ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਮਹਿਲਾ ਗਾਹਕ ਆਪਣੇ ਪਰਵਾਰਾਂ ਨਾਲ ਉਨ੍ਹਾਂ ਦੀਆਂ ਦੁਕਾਨਾਂ 'ਤੇ ਖ਼ਰੀਦਦਾਰੀ ਲਈ ਆਉਂਦੀਆਂ ਹਨ, ਖਾਸ ਕਰਕੇ ਸ਼ਾਮ ਨੂੰ ਪਰਵਾਰਕ ਗ੍ਰਾਹਕ ਜ਼ਿਆਦਾ ਹੁੰਦੇ ਹਨ। ਪਰ ਇਨ੍ਹਾਂ ਗੈਰ-ਕਾਨੂੰਨੀ ਅਸਥਾਈ ਕੋਠੀਆਂ ਅਤੇ ਦੁਕਾਨਾਂ ਦੇ ਸਾਹਮਣੇ ਅਣਅਧਿਕਾਰਤ ਕਬਜ਼ੇ ਕਰਕੇ ਅਤੇ ਦੁਕਾਨਾਂ ਅਤੇ ਸੜਕਾਂ 'ਤੇ ਵਾਹਨ ਖੜ੍ਹੇ ਕਰਕੇ, ਸਮਾਜ ਵਿਰੋਧੀ ਅਨਸਰਾਂ ਨੂੰ ਸ਼ਰਾਬ ਅਤੇ ਮਾਸ ਦਾ ਸੇਵਨ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੀ ਗਾਲੀ-ਗਲੋਚ ਕਾਰਨ, ਮਹਿਲਾ ਗ੍ਰਾਹਕ ਅਤੇ ਪਰਵਾਰਕ ਗ੍ਰਾਹਕ ਦੁਕਾਨਦਾਰਾਂ ਕੋਲ ਆਉਣ ਤੋਂ ਪਰਹੇਜ਼ ਕਰਨ ਲੱਗ ਪਏ ਹਨ। ਚੇਅਰਮੈਨ ਨੇ ਕਿਹਾ ਕਿ ਟਰੱਸਟ ਦਫ਼ਤਰ ਦੇ ਫੀਲਡ ਸਟਾਫ਼ ਨੇ ਕਾਰਵਾਈ ਕੀਤੀ ਅਤੇ ਵੱਖ-ਵੱਖ ਕਬਜ਼ੇ ਹਟਾਏ, ਜਿਸ ਵਿਚ ਟਰੱਸਟ ਦੀ ਸਕੀਮ ਨੰਬਰ 10, ਡਾ. ਅੰਬੇਡਕਰ ਨਗਰ, ਹੁਸ਼ਿਆਰਪੁਰ ਵਿਚ ਹਰੀ ਪੱਟੀ 'ਤੇ ਚਾਦਰਾਂ ਪਾ ਕੇ ਅਰਬਨ ਕਬਾਬ ਦੁਆਰਾ ਰਸੋਈ ਦਾ ਨਿਰਮਾਣ ਸ਼ਾਮਿਲ ਸੀ। ਉਨ੍ਹਾਂ ਕਿਹਾ ਕਿ ਟਰੱਸਟ ਨੇ ਉਨ੍ਹਾਂ ਨੂੰ ਇਸ ਉਸਾਰੀ ਨੂੰ ਹਟਾਉਣ ਲਈ ਨੋਟਿਸ ਵੀ ਜਾਰੀ ਕੀਤੇ ਸਨ, ਪਰ ਉਨ੍ਹਾਂ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸੇ ਤਰ੍ਹਾਂ ਟਰੱਸਟ ਦੀ ਸਕੀਮ ਨੰਬਰ 11 ਸੰਤ ਹਰਚੰਦ ਸਿੰਘ ਲੌਂਗੋਵਾਲ ਨਗਰ ਹੁਸ਼ਿਆਰਪੁਰ ਵਿੱਚ ਜਨਤਕ ਜ਼ਮੀਨ ਤੋਂ ਕਬਜ਼ੇ ਹਟਾਉਣ ਲਈ ਮਾਸਟਰ ਸ਼ੈੱਫ ਨੂੰ ਨੋਟਿਸ ਜਾਰੀ ਕੀਤੇ ਗਏ ਸਨ, ਪਰ ਉਨ੍ਹਾਂ ਵੱਲੋਂ ਇਸ ਸਬੰਧੀ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਟਰੱਸਟ ਦੀ ਸਕੀਮ ਨੰਬਰ 11 ਸ਼ਹੀਦ ਕਰਤਾਰ ਸਿੰਘ ਸਰਾਭਾ ਹੁਸ਼ਿਆਰਪੁਰ ਦੀਆਂ ਬਹੁ-ਮੰਜ਼ਿਲਾ ਦੁਕਾਨਾਂ ਵਿਚ, ਜ਼ਮੀਨੀ ਮੰਜ਼ਿਲ 'ਤੇ ਜਨਤਕ ਗਲਿਆਰੇ 'ਤੇ ਤਿੰਨ ਦੁਕਾਨਦਾਰਾਂ ਨੇ ਕਬਜ਼ਾ ਕਰ ਲਿਆ ਸੀ, ਜਿਸ ਨੂੰ ਜਨਤਕ ਹਿੱਤ ਨੂੰ ਧਿਆਨ ਵਿਚ ਰੱਖਦੇ ਹੋਏ ਹਟਾ ਦਿੱਤਾ ਗਿਆ ਸੀ।



25-SEP-PAGE-1.qxd 9/24/2025 11:02 PM Page 2



# ਕਿਸਾਨ ਮੰਗਾਂ ਸੰਬੰਧੀ ਮੁੱਖ ਮੰਤਰੀ ਲਈ ਡੀ ਸੀ ਨੂੰ ਦਿੱਤਾ ਮੰਗ ਪੱਤਰ



ਸਮਰਾਲਾ (ਸੁਰਜੀਤ ਸਿੰਘ)-ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਨੇ ਕਿਸਾਨਾਂ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਅੱਜ ਜਥੇਬੰਦੀ ਦੇ ਮੀਤ ਪ੍ਰਧਾਨ ਕੁਲਦੀਪ ਸਿੰਘ ਦੀ ਅਗਵਾਈ ਹੇਠ ਡੀ ਸੀ ਲੁਧਿਆਣਾ ਰਾਹੀਂ ਮੁੱਖ ਮੰਤਰੀ ਪੰਜਾਬ ਦੇ ਨਾਂ ਮੰਗ ਪੱਤਰ ਦੇ ਕੇ ਉਹਨਾਂ ਦੀਆਂ ਮੰਗਾਂ ਸਬੰਧੀ ਗੌਰ ਕਰਨ ਦੀ ਮੰਗ ਕੀਤੀ।ਉਹਨਾਂ ਕਿਹਾ ਕਿ ਮੌਜੂਦਾ ਸਮੇਂ ਵਿਚ ਧਾਨ ਦੀ ਫ਼ਸਲ ਨੂੰ ਸਮੇਟਣ ਲਈ ਸਰਕਾਰ ਵੱਲੋਂ ਕਿਸਾਨਾਂ ਲਈ ਵੱਡੀਆਂ ਸਮੱਸਿਆਵਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ।ਇਹਨਾਂ ਨੂੰ ਨਜਿੱਠਣ ਲਈ ਸਰਕਾਰ ਸਮੇਂ ਸਮੇਂ 'ਤੇ ਜੋ ਮੀਟਿੰਗਾਂ ਕਰਦੀ ਹੈ ਉਹਨਾਂ ਵਿੱਚ ਕਿਸਾਨ ਨੁਮਾਇੰਦਿਆਂ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ।ਜਦ ਕਿ ਧਾਨ ਦੀ ਫ਼ਸਲ ਨਾਲ ਅੜ੍ਹਤੀ, ਸ਼ੈਲਰ ਮਾਲਕ, ਖਰੀਦ ਏਜੰਸੀਆਂ, ਮੰਡੀ ਬੋਰਡ ਅਤੇ ਕਿਸਾਨ ਭਾਈਵਾਲ ਹਨ, ਪਰ ਸਰਕਾਰ ਕਿਸਾਨ ਨੁਮਾਇੰਦਿਆਂ ਦੀ ਗੈਰਮੌਜੂਦਗੀ ਵਿਚ ਹੀ ਕਿਸਾਨਾਂ ਨਾਲ ਸਬੰਧਤ ਫੈਸਲੇ ਲਏ ਲੈਂਦੀ ਹੈ।ਉਹਨਾਂ ਮੰਗ ਕੀਤੀ ਹੈ ਕਿ ਅਜਿਹੀਆਂ ਮੀਟਿੰਗਾਂ ਵਿਚ ਕਿਸਾਨ ਨੁਮਾਇੰਦੇ ਅਵੱਸ਼ ਸ਼ਾਮਲ ਕੀਤੇ ਜਾਣ।ਕਿਸਾਨ ਆਗੂਆਂ ਨੇ ਅੱਗੇ ਕਿਹਾ ਕਿ ਪਰਾਲੀ ਸਮੇਟਣ ਲਈ ਸਰਕਾਰ ਕਿਸਾਨਾਂ ਦੇ ਖਿਲਾਫ ਪ੍ਰਦੂਸ਼ਣ ਪੈਦਾ ਕਰਨ ਦਾ ਕੂੜ ਪ੍ਰਚਾਰ ਕਰਦੀ ਹੈ, ਜਦ ਕਿ ਪ੍ਰਦੂਸ਼ਣ ਫੈਲਾਉਣ ਲਈ ਇਕੱਲਾ ਕਿਸਾਨ ਹੀ ਜ਼ਿੰਮੇਵਾਰ ਨਹੀਂ ਹੈ।

# ਪ੍ਰਵਾਸੀ ਮਜ਼ਦੂਰਾਂ ਖਿਲਾਫ ਭੜਕਾਊ ਪ੍ਰਚਾਰ ਤੋਂ ਮੁਲਾਜ਼ਮਾਂ ਤੇ ਲੋਕਾਂ ਨੂੰ ਸੁਚੇਤ ਰਹਿਣ ਦਾ ਸੱਦਾ



ਦੋਰਾਹਾ (ਹਰਮਿੰਦਰ ਸੇਠ)-ਟੈਕਨੀਕਲ ਸਰਵਿਸਜ਼ ਯੂਨੀਅਨ ਡਵੀਜ਼ਨ ਦੋਰਾਹਾ ਦੇ ਆਗੂ ਬੁੱਧ ਸਿੰਘ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਟੈਕਨੀਕਲ ਸਰਵਿਸਜ਼ ਯੂਨੀਅਨ ਅਤੇ ਹੋਰ ਭਰਾਤਰੀ ਜਥੇਬੰਦੀਆਂ ਦੇ ਕਾਮਿਆਂ ਤੇ ਸੇਵਾ ਮੁਕਤ ਸਾਥੀਆਂ ਵੱਲੋਂ ਸਾਂਝੇ ਤੌਰ 'ਤੇ ਰੋਸ ਪ੍ਰਦਰਸ਼ਨ ਕੀਤਾ ਗਿਆ।ਟੈਕਨੀਕਲ ਸਰਵਿਸਜ਼ ਯੂਨੀਅਨ ਰਜਿ ਸਰਕਲ ਖੰਨਾ ਦੇ ਪ੍ਰਧਾਨ ਜਸਵਿੰਦਰ ਸਿੰਘ ਅਤੇ ਸਰਕਲ ਸਕੱਤਰ ਕਮਲ ਲਾਲ, ਬੁੱਧ ਸਿੰਘ, ਅਵਤਾਰ ਸਿੰਘ ਨੇ ਵਿਚਾਰ ਪ੍ਰਗਟ ਕਰਦੇ ਹੋਏ ਹੁਸ਼ਿਆਰਪੁਰ ਵਿੱਚ ਇੱਕ ਪ੍ਰਵਾਸੀ ਮਜ਼ਦੂਰ ਵੱਲੋਂ ਇੱਕ ਬੱਚੇ ਨਾਲ ਕੀਤੀ ਦਰਿੰਦਗੀ ਪੂਰਨ ਕਾਰਵਾਈ ਦੀ ਸਖ਼ਤ ਨਿੰਦਾ ਕੀਤੀ ਅਤੇ ਦੋਸ਼ੀ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕਰਦਿਆਂ ਪੀੜਤ ਪਰਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਸਮੁੱਚੇ ਰੈਗੂਲਰ ਮੁਲਾਜ਼ਮਾਂ ਅਤੇ ਠੇਕਾ ਕਾਮਿਆਂ ਤੇ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਬਿਨਾਂ ਸ਼ੱਕ ਉਸ ਵਿਅਕਤੀ ਵੱਲੋਂ ਕੀਤਾ ਗੁਨਾਹ ਨਾ ਬਖਸ਼ਣਯੋਗ ਹੈ ਪਰ ਇੱਕ ਵਿਅਕਤੀ ਦੇ ਅਜਿਹੇ ਗੁਨਾਹ ਨੂੰ ਉਸ ਦੇ ਸਮੁੱਚੇ ਭਾਈਚਾਰੇ ਨਾਲ ਜੋੜ ਕੇ ਸਮੁੱਚੇ ਭਾਈਚਾਰੇ ਨੂੰ ਬੇਕਸੂਰ ਹੋਣ ਦੇ ਬਾਵਜੂਦ ਨਫ਼ਰਤ ਦਾ ਨਿਸ਼ਾਨਾ ਬਣਾਉਣ ਵਾਲਾ ਭੜਕਾਊ ਪ੍ਰਚਾਰ ਚਲਾਉਣਾ ਕਿਸੇ ਤਰ੍ਹਾਂ ਵੀ ਵਾਜਬ ਨਹੀਂ। ਹਰ ਸਮਾਜ ਵਿੱਚ ਹੀ ਅਜਿਹੇ ਗੁਨਾਹਾਂ ਨੂੰ ਅੰਜਾਮ ਦੇਣ ਵਾਲੇ ਲੋਕ ਮੌਜੂਦ ਹਨ। ਅਜਿਹਾ ਭੜਕਾਊ ਪ੍ਰਚਾਰ ਚਲਾਉਣ ਅਤੇ ਵੱਖ ਵੱਖ ਥਾਵਾਂ 'ਤੇ ਪ੍ਰਵਾਸੀ ਮਜ਼ਦੂਰਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਤਾਕਤਾਂ ਦੇ ਮਨਸੂਬੇ ਪਛਾਣੇ ਜਾਣੇ ਚਾਹੀਦੇ ਹਨ। ਸਮੁੱਚੇ ਪ੍ਰਵਾਸੀ ਮਜ਼ਦੂਰਾਂ ਖਿਲਾਫ ਕੁੱਝ ਲੋਕਾਂ ਵੱਲੋਂ ਚਲਾਈ ਜਾ ਰਹੀ ਭੜਕਾਊ ਤੇ ਨਫਰਤੀ ਮੁਹਿੰਮ ਤੋਂ ਬਚਣਾ ਅਤੇ ਇਸ ਨੂੰ ਧੜੱਲੇ ਨਾਲ ਰੱਦ ਕਰਨਾ ਚਾਹੀਦਾ ਹੈ। ਸਮਾਜ ਵਿੱਚ ਔਰਤਾਂ, ਲੜਕੀਆਂ ਅਤੇ ਬੱਚਿਆਂ ਨਾਲ ਵਾਪਰ ਰਹੀਆਂ ਅਜਿਹੀਆਂ ਦੁਖਦਾਈ ਘਟਨਾਵਾਂ ਬਹੁਤ ਹੀ ਚਿੰਤਾਜਨਕ ਹਨ। ਲੋਕਾਂ ਦੀ ਸੁਰੱਖਿਆ ਕਰਨ ਦੇ ਹੋਕਰੇ ਮਾਰਨ ਵਾਲੀਆਂ ਸਰਕਾਰਾਂ ਅਤੇ ਪੁਲਸ ਅਜਿਹੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ 'ਚ ਨਾਕਾਮ ਰਹੀਆਂ ਹਨ। ਵੱਖ ਵੱਖ ਸਮੇਂ 'ਤੇ ਵਾਪਰੀਆਂ ਅਜਿਹੀਆਂ ਰੂਹ ਕੰਬਾਊ ਘਟਨਾਵਾਂ ਕਰਨ ਵਾਲਿਆਂ ਨੂੰ ਜੇਲ੍ਹਾਂ ਵਿੱਚੋਂ ਬਾਹਰ ਆਉਣ ਸਮੇਂ ਸਿਆਸੀ ਪਾਰਟੀਆਂ ਵੱਲੋਂ ਹਾਰ ਪਾ ਕੇ ਸਵਾਗਤ ਕਰਨਾ, ਟਿਕਟਾਂ ਦੇ ਕੇ ਨਿਵਾਜਣ ਦੀਆਂ ਖ਼ਬਰਾਂ ਵੀ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹੀਆਂ ਹਨ।ਪੰਜਾਬ ਅੰਦਰ ਵਧ ਰਹੀ ਬੇਰੁਜ਼ਗਾਰੀ, ਨਸ਼ਾ ਅਤੇ ਹੋਰ ਅਲਾਮਤਾਂ ਬਾਰੇ ਕੁਝ ਲੋਕ ਵਿਰੋਧੀ ਤਾਕਤਾਂ ਵੱਲੋਂ ਸਭਨਾਂ ਸਮੱਸਿਆਵਾਂ ਦਾ ਕਾਰਨ ਪ੍ਰਵਾਸੀ ਮਜ਼ਦੂਰਾਂ ਨੂੰ ਦੱਸ ਕੇ ਲੋਕਾਂ ਦਾ ਧਿਆਨ ਅਸਲ ਦੁਸ਼ਮਣਾਂ ਤੋਂ ਤਿਲਕਾਉਣ ਦੇ ਯਤਨ ਕੀਤੇ ਜਾ ਰਹੇ ਹਨ । ਉਹਨਾਂ ਆਖਿਆ ਕਿ ਕੇਂਦਰੀ ਤੇ ਸੂਬਾਈ ਸਰਕਾਰਾਂ ਵੱਲੋਂ ਅਪਣਾਈਆਂ ਲੋਕ ਵਿਰੋਧੀ ਨੀਤੀਆਂ ਦੀ ਬਦੌਲਤ ਹੀ ਗਰੀਬੀ ਤੇ ਬੇਰੁਜ਼ਗਾਰੀ ਦੇ ਝੰਬੇ ਯੂ ਪੀ, ਬਿਹਾਰ ਤੇ ਹੋਰਨਾਂ ਸੂਬਿਆਂ ਦੇ ਕਿਰਤੀ ਲੋਕ ਆਪਣੇ ਪਰਵਾਰ ਨੂੰ ਪਾਲਣ ਲਈ ਹੀ ਪੰਜਾਬ ਵੱਲ ਆਉਂਦੇ ਹਨ। ਸੂਬਾ ਵਰਕਿੰਗ ਕਮੇਟੀ ਦੇ ਫ਼ੈਸਲੇ ਤਹਿਤ ਰੈਲੀ ਕਰਕੇ ਮੰਗ ਕੀਤੀ ਕਿ ਹੁਸ਼ਿਆਰਪੁਰ ਵਿਖੇ ਬੱਚੇ ਨਾਲ ਦਰਿੰਦਗੀ ਕਰਕੇ ਕਤਲ ਕਰਨ ਵਾਲੇ ਦੋਸ਼ੀ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਆਗੂਆਂ ਨੇ ਆਖਿਆ ਕਿ ਹੜ੍ਹਾਂ ਵਿੱਚ ਪੰਜਾਬ ਅਤੇ ਕੇਂਦਰ ਸਰਕਾਰ ਦੇ ਫੇਲ੍ਹ ਹੋਣ ਤੋਂ ਬਾਅਦ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਦੇ ਲੋਕਾਂ ਵੱਲੋਂ ਹੜ੍ਹ ਪ੍ਰਭਾਵਤ ਲੋਕਾਂ ਦੀ ਭਰਾਤਰੀ ਭਾਵ ਨਾਲ ਧਰਮਾਂ, ਜਾਤਾਂ ਆਦਿ ਵੰਡੀਆਂ ਤੋਂ ਉੱਪਰ ਉੱਠ ਕੇ ਕੀਤੀ ਗਈ ਮਦਦ ਦੀ ਬਦੌਲਤ ਹਰਿਆਣਾ, ਯੂ ਪੀ ਤੇ ਰਾਜਸਥਾਨ ਆਦਿ ਸੂਬਿਆਂ ਦੀ ਪੰਜਾਬ ਦੇ ਲੋਕਾਂ ਨਾਲ ਮਜ਼ਬੂਤ ਹੋਈ ਭਾਈਚਾਰਕ ਏਕਤਾ ਨੂੰ ਗਿਣ ਮਿੱਥ ਕੇ ਤੋੜਨ ਦੇ ਯਤਨ ਕੀਤੇ ਜਾ ਰਹੇ ਹਨ। ਆਗੂਆਂ ਨੇ ਸਮੂਹ ਮੁਲਾਜ਼ਮਾਂ, ਪੈਨਸ਼ਨਰਾਂ, ਠੇਕਾ ਕਾਮਿਆਂ ਅਤੇ ਹੋਰ ਕਿਰਤੀ ਕਮਾਊ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਹਕੂਮਤਾਂ ਦੇ ਹਿੱਤਾਂ ਪੂਰਦੀ ਇਸ ਭਟਕਾਊ ਤੇ ਭੜਕਾਊ ਮੁਹਿੰਮ ਅਤੇ ਇਸ ਨੂੰ ਚਲਾਉਣ ਵਾਲੀਆਂ ਫਿਰਕੂ ਤਾਕਤਾਂ ਦੇ ਮਨਸੂਬਿਆਂ ਨੂੰ ਪਛਾਣਨ ਤੇ ਪਛਾੜਣ ਲਈ ਪੂਰੇ ਜ਼ੋਰ ਨਾਲ ਅੱਗੇ ਆਉਣ ਅਤੇ ਭੜਕਾਹਟ 'ਚ ਆਏ ਆਮ ਲੋਕਾਂ ਨੂੰ ਸਮਝਾਉਣ ਅਤੇ ਸਮੂਹ ਕਿਰਤੀ ਲੋਕਾਂ ਦੇ ਏਕੇ ਨੂੰ ਬੁਲੰਦ ਕਰਨ।

# 76ਵੇਂ ਜ਼ਿਲ੍ਹਾ ਪੱਧਰੀ ਸਕੂਲ ਕਰਾਟੇ ਮੁਕਾਬਲੇ 'ਚ ਸ਼ਾਨਦਾਰ ਜਿੱਤ ਹਾਸਲ



ਬਟਾਲਾ ਸਤੰਬਰ (ਡਾ. ਮਲਵਿੰਦਰ ਸਿੰਘ)-ਸ਼ੁੱਕਰਵਾਰ ਨੂੰ ਬਟਾਲਾ ਦੇ ਦੇਸ ਰਾਜ ਡੀ. ਏ. ਵੀ. ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਕਰਾਟੇ ਮੁਕਾਬਲੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ।76ਵੇਂ ਜ਼ਿਲ੍ਹਾ ਪੱਧਰੀ ਸਕੂਲ ਕਰਾਟੇ ਮੁਕਾਬਲੇ ਜੋ ਕਿ ਸਰਕਾਰੀ ਸੀਨੀਅਰ ਸੈਕੰਡਰੀ ਕੰਨਿਆ ਸਕੂਲ ਗੁਰਦਾਸਪੁਰ ਵਿਖੇ ਕਰਵਾਏ ਗਏ, ਵਿੱਚ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਦੇਸ ਰਾਜ ਡੀ. ਏ. ਵੀ. ਸੀਨੀਅਰ ਸੈਕੰਡਰੀ ਪਬਲਿਕ ਸਕੂਲ ਬਟਾਲਾ ਦੇ ਵਿਦਿਆਰਥੀਆਂ ਹੇਮੰਤ ਸ਼ੈਲੀ, ਆਯੂਸ਼ ਸ਼ਰਮਾ ਅਤੇ ਹਰਪ੍ਰੀਤ ਸਿੰਘ ਨੇ ਭਾਗ ਲਿਆ।ਹੇਮੰਤ ਸ਼ੈਲੀ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਸੋਨੇ ਦਾ ਤਗਮਾ ਜਿੱਤਿਆ ਅਤੇ ਆਯੂਸ਼ ਸ਼ਰਮਾ, ਹਰਪ੍ਰੀਤ ਸਿੰਘ ਨੇ ਚਾਂਦੀ ਦਾ ਤਗਮਾ ਪ੍ਰਾਪਤ ਕੀਤਾ।ਹੇਮੰਤ ਸ਼ੈਲੀ ਦੀ ਸਟੇਟ ਪੱਧਰ ਲਈ ਵੀ ਚੋਣ ਕੀਤੀ ਗਈ।ਇਸ ਮੌਕੇ ਸਕੂਲ ਦੀ ਮੈਨੇਜਰ ਹਰਪ੍ਰੀਤ ਕੌਰ ਅਤੇ ਪ੍ਰਿੰ. ਸਵਿਤਾ ਭਾਸਕਰ ਨੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਜਿੱਤ ਉਨ੍ਹਾਂ ਦੀ ਮਿਹਨਤ ਸਦਕਾ ਹੀ ਹਾਸਲ ਕੀਤੀ ਗਈ। ਉਨ੍ਹਾਂ ਹੋਰ ਬੱਚਿਆਂ ਨੂੰ ਵੀ ਖੇਡਾਂ ਲਈ ਪ੍ਰੇਰਿਤ ਕੀਤਾ।

# ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਨੇ ਡੀ ਸੀ ਰਾਹੀਂ ਪ੍ਰਧਾਨ ਮੰਤਰੀ ਨੂੰ ਭੇਜਿਆ ਮੰਗ ਪੱਤਰ



ਮਾਨਸਾ (ਆਤਮਾ ਸਿੰਘ ਕੁਮਾਰ)-ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ ਫੈਡਰੇਸ਼ਨ ਦੇ ਦਿੱਤੇ ਸੱਦੇ ਅਨੁਸਾਰ ਜ਼ਿਲ੍ਹਾ ਇਕਾਈ ਮਾਨਸਾ ਵੱਲੋਂ ਬਿੱਕਰ ਸਿੰਘ ਮਾਖਾ ਦੀ ਪ੍ਰਧਾਨਗੀ ਹੇਠ ਮਾਣਯੋਗ ਡਿਪਟੀ ਕਮਿਸ਼ਨਰ ਮਾਨਸਾ ਰਾਹੀਂ ਮਾਣਯੋਗ ਪ੍ਰਧਾਨ ਮੰਤਰੀ ਭਾਰਤ ਸਰਕਾਰ ਨੂੰ ਇੱਕ ਮੰਗ ਪੱਤਰ ਭੇਜਿਆ ਗਿਆ।ਇਸ ਸਮੇਂ ਹਿੰਮਤ ਸਿੰਘ ਦੂਲੋਵਾਲ , ਜਸਪ੍ਰੀਤ ਸਿੰਘ ਮਾਨਸਾ, ਗੁਰਸੇਵਕ ਸਿੰਘ ਭੀਖੀ, ਗੁਰਪ੍ਰੀਤ ਸਿੰਘ ਮਾਨਸਾ, ਮੇਜ਼ਰ ਸਿੰਘ ਬਾਜੇਵਾਲਾ, ਹਰਬੰਸ ਸਿੰਘ ਫਰਵਾਹੀ ਆਦਿ ਆਗੂ ਹਾਜ਼ਰ ਸਨ।ਮੰਗ ਪੱਤਰ ਵਿੱਚ ਮੰਗ ਕੀਤੀ ਗਏ ਹੈ ਕਿ ਚਾਰੇ ਕਿਰਤ ਕੋਡ ਰੱਦ ਕੀਤੇ ਜਾਣ, ਪੀ ਐਫ਼ ਆਰ ਡੀ ਏ ਐਕਟ ਰੱਦ ਕੀਤਾ ਜਾਵੇ, ਰੈਗੂਲਰ ਭਰਤੀ ਚਾਲੂ ਕੀਤੀ ਜਾਵੇ, ਠੇਕੇ 'ਤੇ ਕੰਮ ਕਰਦੇ ਸਮੁੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ, ਮਹਿਕਮਿਆਂ ਦਾ ਨਿੱਜੀਕਰਨ ਬੰਦ ਕੀਤਾ ਜਾਵੇ, ਅੱਠਵੇਂ ਕੇਂਦਰੀ ਤਨਖਾਹ ਕਮਿਸ਼ਨ ਦਾ ਗਠਨ ਕੀਤਾ ਜਾਵੇ ਅਤੇ ਪੰਜ ਸਾਲਾਂ ਵਿੱਚ ਇੱਕ ਵਾਰ ਸਮੇਂ ਸਮੇਂ 'ਤੇ ਤਨਖਾਹਾਂ ਵਿੱਚ ਸੋਧਾਂ ਕੀਤੀਆਂ ਜਾਣ, ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਕੀਤੀਆਂ ਜਾਣ, ਅਤੇ ਬਣਦਾ ਬਕਾਇਆ ਵੀ ਦਿੱਤਾ ਜਾਵੇ।

# ਹੈਰੋਇਨ ਤੇ ਅਸਲੇ ਸਣੇ ਕਾਬੂ, ਮਾਮਲਾ ਦਰਜ

ਛੇਹਰਟਾ (ਮਨੋਜ ਕੁਮਾਰ)-ਅੰਮ੍ਰਿਤਸਰ ਦਿਹਾਤੀ ਪੁਲਸ ਨੇ ਇਕ ਵਿਅਕਤੀ ਨੂੰ 3 ਕਿੱਲੋ 158 ਗ੍ਰਾਮ ਹੈਰੋਇਨ, 30 ਬੋਰ ਦੇ ਇਕ ਪਿਸਤੌਲ, 4 ਮੈਗਜ਼ੀਨ ਤੇ 50 ਜ਼ਿੰਦਾ ਰੌਂਦ, ਇਕ 9 ਐਮ. ਐਮ. ਦੇ ਗਲੌਕ ਪਿਸਤੌਲ ਇਕ ਮੈਗਜ਼ੀਨ ਤੇ 50 ਜ਼ਿੰਦਾ ਰੌਂਦ ਸਮੇਤ ਗ੍ਰਿਫ਼ਤਾਰ ਕੀਤਾ ਹੈ। ਪੁਲਸ ਅੰਮ੍ਰਿਤਸਰ ਦਿਹਾਤੀ ਦੇ ਐਸਪੀ (ਡੀ) ਅਦਿੱਤਿਆ ਵਾਰੀਅਰ ਨੇ ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਸੀਆਈਏ ਅੰਮ੍ਰਿਤਸਰ ਦਿਹਾਤੀ ਨੂੰ ਗੁਪਤ ਸੂਚਨਾ ਪ੍ਰਾਪਤ ਹੋਈ ਕਿ ਗੁਰਦੇਵ ਸਿੰਘ ਵਾਸੀ ਪਿੰਡ ਨਿਸੋਕੇ ਵੱਡੇ ਪੱਧਰ 'ਤੇ ਹੈਰੋਇਨ ਦੀ ਤਸਕਰੀ ਕਰਦਾ ਹੈ ਤੇ ਆਪਣੀ ਐਕਟਿਵਾ 'ਤੇ ਸਵਾਰ ਹੋ ਕੇ ਹੈਰੋਇਨ ਦੀ ਖੇਪ ਸਪਲਾਈ ਕਰਨ ਜਾ ਰਿਹਾ ਹੈ। ਇਸ 'ਤੇ ਤੁਰੰਤ ਕਾਰਵਾਈ ਕਰਦਿਆਂ ਸੀਆਈਏ ਟੀਮ ਨੇ ਟਰੈਪ ਲਗਾ ਕੇ ਉਸਨੂੰ ਪਿੰਡ ਅਵਾਣ-ਰਮਦਾਸ ਸੜਕ ਤੋਂ ਕਾਬੂ ਕਰ ਲਿਆ। ਉਨ੍ਹਾਂ ਇਸ ਸਬੰਧੀ ਥਾਣਾ ਰਮਦਾਸ ਵਿਚ ਮਾਮਲਾ ਦਰਜ ਕਰਕੇ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

# ਬਿਜਲੀ ਮੁਲਾਜ਼ਮਾਂ ਨੇ ਕੀਤੀ ਰੋਸ ਰੈਲੀ



ਭੀਖੀ (ਗੁਰਿੰਦਰ ਸਿੰਘ ਔਲਖ)

ਟੈਕਨੀਕਲ ਸਰਵਿਸ ਯੂਨੀਅਨ, ਪਾਵਰਕਾਮ ਐਂਡ ਟਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਵੱਲੋਂ ਸੂਬਾ ਕਮੇਟੀ ਦੇ ਸੱਦੇ 'ਤੇ ਸਬ ਡਵੀਜ਼ਨ ਵਿਖੇ ਰੋਸ ਪ੍ਰਦਰਸ਼ਨ ਕਰਕੇ ਰੈਲੀ ਕੀਤੀ ਗਈ।ਬੁਲਾਰਿਆਂ ਨੇ ਕਿਹਾ ਕਿ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਤੇ ਮਸਲੇ ਅਤੇ ਹੜ੍ਹਾਂ ਨਾਲ ਹੋਏ ਵੱਡੇ ਨੁਕਸਾਨ ਦੀ ਜ਼ਿੰਮੇਵਾਰੀ ਡੈਮ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਦੀ ਬਣਦੀ ਹੈ, ਜਦੋਂ ਵੀ ਕੋਈ ਕੁਦਰਤੀ ਆਫਤ ਆਉਂਦੀ ਹੈ ਤਾਂ ਸਮੇਂ ਦੀਆਂ ਸਰਕਾਰਾਂ ਇਸ ਸੰਕਟ ਦੀ ਘੜੀ 'ਚੋਂ ਲਾਭ ਲੈਣ ਦੀ ਕੋਸ਼ਿਸ਼ ਕਰਦੀਆਂ ਹਨ।ਪਹਿਲਾਂ ਵੀ ਮੋਦੀ ਸਰਕਾਰ ਨੇ ਕਰੋਨਾ ਦੀ ਆੜ ਹੇਠ ਸੰਕਟ ਦੀ ਘੜੀ ਵਿੱਚ ਕਿਸਾਨਾਂ ਉੱਤੇ ਤਿੰਨ ਖੇਤੀ ਕਾਨੂੰਨ ਥੋਪਣ ਦੀ ਕੋਝੀ ਸਾਜ਼ਿਸ਼ ਕੀਤੀ ਸੀ।ਇਸੇ ਤਰ੍ਹਾਂ ਹੁਣ ਪੰਜਾਬ ਸਰਕਾਰ ਹੜ੍ਹਾਂ ਕਾਰਨ ਹੋਏ ਨੁਕਸਾਨ 'ਚ ਵੋਟਾਂ ਦੀ ਗਿਣਤੀ-ਮਿਣਤੀ ਕਰਕੇ ਆਪਣੀ ਜਿੱਤ ਪੱਕੀ ਕਰਨ 'ਤੇ ਲੱਗੀ ਹੋਈ ਹੈ, ਜਦੋਂ ਕਿ ਹੜ੍ਹਾਂ ਨੇ ਲੋਕਾਂ ਦੇ ਵਪਾਰ ਫ਼ਸਲਾਂ ਅਤੇ ਘਰਾਂ ਦਾ ਵੱਡਾ ਨੁਕਸਾਨ ਕੀਤਾ ਹੈ।ਉਨ੍ਹਾਂ ਅੱਗੇ ਕਿਹਾ ਕਿ ਹੜ੍ਹਾਂ ਕਾਰਨ ਹੋਏ ਫਸਲਾਂ ਵਪਾਰ ਤੇ ਘਰਾਂ ਦੇ ਨੁਕਸਾਨ ਨੂੰ ਪੂਰਾ ਕਰਨ ਲਈ ਲੋਕ ਆਪਣੇ ਪੱਧਰ 'ਤੇ ਸਹਾਇਤਾ ਕਰਨ 'ਚ ਲੱਗੇ ਹੋਏ ਹਨ ਅਤੇ ਜਥੇਬੰਦੀ ਵੀ ਇਸ ਵਿੱਚ ਆਪਣਾ ਅਹਿਮ ਯੋਗਦਾਨ ਪਾਵੇਗੀ।ਆਗੂਆਂ ਕਿਹਾ ਕਿ ਸਰਕਾਰ ਨੂੰ ਅਜਿਹੇ ਚ ਲੋਕਾਂ ਦੀ ਸਹਾਇਤਾ ਕਰਨ ਦੀ ਬਜਾਏ ਰਾਜਨੀਤੀ ਕਰਨ 'ਤੇ ਲੱਗੀਆਂ ਹੋਈਆਂ ਹਨ ਤੇ ਲੋਕਾਂ ਨੂੰ ਆਪਸ ਵਿੱਚ ਲੜਾਇਆ ਜਾ ਰਿਹਾ ਹੈ।ਜਥੇਬੰਦੀ ਵੱਲੋਂ ਹੁਸ਼ਿਆਰਪੁਰ ਕਾਂਡ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਗਈ। ਆਗੂਆਂ ਨੇ ਕਿਹਾ ਕਿ ਜਿਸ ਵੀ ਵਿਅਕਤੀ ਨੇ ਇਸ ਘਿਨਾਉਣੇ ਕੰਮ ਨੂੰ ਅੰਜਾਮ ਦਿੱਤਾ ਹੈ, ਉਸ ਨੂੰ ਕਾਨੂੰਨ ਸਖਤ ਤੋਂ ਸਖਤ ਸਜ਼ਾ ਸੁਣਾਵੇ।

# ਭਾਈ ਜੈਤਾ ਜੀ ਫਾਊਂਡੇਸ਼ਨ ਵੱਲੋਂ ਸਿਹਤ ਵਿਭਾਗ ਗੁਰਦਾਸਪੁਰ ਨੂੰ ਦਵਾਈਆਂ ਭੇਟ



ਗੁਰਦਾਸਪੁਰ (ਜਨਕ ਮਹਾਜਨ)-ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪੀੜ੍ਹਤ ਖੇਤਰਾਂ ਵਿਚ ਦਵਾਈਆਂ ਦੀ ਪੂਰਤੀ ਲਈ ਭਾਈ ਜੈਤਾ ਜੀ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਸਿਹਤ ਵਿਭਾਗ ਗੁਰਦਾਸਪੁਰ ਨੂੰ ਦਵਾਈਆਂ ਦਿੱਤੀਆਂ ਗਈਆਂ। ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਨਾਲ ਮੁਲਾਕਾਤ ਕਰਕੇ ਫਾਊਂਡੇਸ਼ਨ ਦੇ ਅਹੁਦੇਦਾਰਾਂ ਵੱਲੋਂ ਦਵਾਈਆਂ ਵਿਭਾਗ ਦੇ ਸਪੁਰਦ ਕੀਤੀਆਂ ਗਈਆਂ। ਇਸ ਮੌਕੇ ਸਿਵਲ ਸਰਜਨ ਡਾ. ਜਸਵਿੰਦਰ ਸਿੰਘ ਨੇ ਕਿਹਾ ਕਿ ਸੰਸਥਾ ਵੱਲੋਂ ਸਮਾਜ ਭਲਾਈ ਲਈ ਵਧੀਆ ਕੰਮ ਕੀਤਾ ਜਾ ਰਿਹਾ ਹੈ। ਬੱਚਿਆਂ ਨੂੰ ਮੁਫ਼ਤ ਸਿੱਖਿਆ ਦੇ ਕੇ ਡਾਕਟਰ ਅਤੇ ਇੰਜੀਨੀਅਰ ਬਣਾਇਆ ਜਾ ਰਿਹਾ ਹੈ। ਫਾਊਂਡੇਸ਼ਨ ਦੀ ਉਪ ਪ੍ਰਧਾਨ ਪਰਮਜੀਤ ਕੌਰ ਨੇ ਕਿਹਾ ਕਿ ਸੰਸਥਾ, ਭਵਿੱਖ ਵਿੱਚ ਵੀ ਵਿਭਾਗ ਨੂੰ ਮਦਦ ਦਿੰਦੀ ਰਹੇਗੀ। ਸੰਸਥਾ ਵੱਲੋਂ 10 ਤੋਂ ਬਾਅਦ ਉਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਚੁਣਿਆ ਜਾਂਦਾ ਹੈ, ਜੋ ਕਿਸੇ ਕਾਰਨ ਪੜ੍ਹਾਈ ਦਾ ਖਰਚਾ ਨਹੀਂ ਕਰ ਸਕਦੇ। ਇਨ੍ਹਾਂ ਬੱਚਿਆਂ ਨੂੰ ਜਮ੍ਹਾਂ 1 ਅਤੇ ਜਮ੍ਹਾਂ 2 ਦੀ ਪੜ੍ਹਾਈ ਦੇ ਨਾਲ ਹੀ ਡਾਕਟਰੀ ਅਤੇ ਇੰਜੀਨੀਅਰਿੰਗ ਦੀ ਪ੍ਰੀਖਿਆ ਦੀ ਤਿਆਰੀ ਕਰਵਾਈ ਜਾਂਦੀ ਹੈ। ਸੰਸਥਾ ਵੱਲੋ ਪੜ੍ਹਾਈ ਕਰ ਚੁੱਕੇ ਕਈ ਵਿਦਿਆਰਥੀ ਡਾਕਟਰ ਅਤੇ ਇੰਜੀਨੀਅਰ ਬਣੇ ਹਨ। ਇਸ ਮੌਕੇ ਏ. ਸੀ. ਐੱਸ. ਡਾ. ਪ੍ਰਭਜੋਤ ਕੌਰ ਕਲਸੀ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਤੇਜਿੰਦਰ ਕੌਰ, ਡਾ. ਅੰਕੁਰ ਕੌਸ਼ਲ ਆਦਿ ਹਾਜ਼ਰ ਸਨ।

# ਸਰਕਾਰੀ ਹਾਈ ਸਕੂਲ ਬਸਰਾਏ ਦੇ ਵਿਦਿਆਰਥੀਆਂ ਨੇ ਗਤਕਾ ਤੇ ਕਰਾਟੇ ਮੁਕਾਬਲੇ 'ਚ ਦਿਖਾਏ ਜੌਹਰ



ਧਾਰੀਵਾਲ/ਹਰਚੋਵਾਲ (ਮਨਦੀਪ ਸਿੰਘ ਵਿੱਕੀ)-ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦੇ ਨਿਰਦੇਸ਼ਾਂ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਪਰਮਜੀਤ ਦੀ ਰਹਿਨੁਮਾਈ ਹੇਠ ਕਰਵਾਈਆਂ ਗਈਆਂ 69ਵੀਆਂ ਜ਼ੋਨਲ ਸਕੂਲ ਖੇਡਾਂ ਵਿੱਚ ਸਰਕਾਰੀ ਹਾਈ ਸਕੂਲ ਬਸਰਾਏ ਦੇ ਵਿਦਿਆਰਥੀਆਂ ਨੇ ਗੱਤਕਾ ਅਤੇ ਕਰਾਟੇ ਮੁਕਾਬਲਿਆਂ ਵਿੱਚ ਮੱਲਾਂ ਮਾਰ ਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਬੰਧੀ ਬਸਰਾਏ ਸਕੂਲ ਦੇ ਹੈੱਡਮਾਸਟਰ ਕਮ ਬਲਾਕ ਨੋਡਲ ਅਫਸਰ ਵਿਜੈ ਕੁਮਾਰ ਨੇ ਦੱਸਿਆ ਸਕੂਲ ਦੇ ਵਿਦਿਆਰਥੀਆਂ ਨੇ ਅੰਡਰ 17 ਗਤਕਾ ਕੁੜੀਆਂ ਨੇ ਜ਼ੋਨ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ ਅਤੇ ਜ਼ਿਲ੍ਹੇ ਵਿੱਚੋਂ ਤੀਜਾ ਸਥਾਨ ਹਾਸਿਲ ਕੀਤਾ। ਵਿਦਿਆਰਥਣ ਸਿਮਰਨਜੀਤ ਕੌਰ ਦੀ ਸਟੇਟ ਪੱਧਰ ਲਈ ਸਿਲੈਕਸ਼ਨ ਹੋਈ। ਇਸੇ ਤਰ੍ਹਾਂ ਅੰਡਰ 17 ਗਤਕਾ ਮੁੰਡਿਆਂ ਨੇ ਜੋਨ ਵਿੱਚੋਂ ਦੂਜੀ ਪੁਜੀਸਨ ਹਾਸਿਲ ਕੀਤੀ ਅਤੇ ਜ਼ਿਲ੍ਹੇ ਵਿੱਚ ਵਧੀਆ ਪ੍ਰਦਰਸਨ ਕੀਤਾ। ਕਰਾਟੇ ਅੰਡਰ 14 ਕੁੜੀਆਂ ਨੇ ਪਹਿਲੀ, ਦੂਜੀ ਅਤੇ ਤੀਜੀ ਪੁਜ਼ੀਸ਼ਨ ਹਾਸਿਲ ਕੀਤੀ । ਅੰਡਰ 17 ਕੁੜੀਆਂ ਪਹਿਲੀ ਅਤੇ ਦੂਜੀ ਪੁਜ਼ੀਸ਼ਨ ਹਾਸਲ ਕੀਤੀ। ਇਸੇ ਤਰ੍ਹਾਂ ਅੰਡਰ 19 ਕੁੜੀਆਂ ਨੇ ਪਹਿਲੀ ਪੁਜੀਸ਼ਨ ਹਾਸਿਲ ਕੀਤੀ ਅਤੇ ਜ਼ਿਲ੍ਹੇ ਵਿੱਚੋਂ ਸਿਮਰਨਜੀਤ ਕੌਰ ਨੇ ਜ਼ਿਲ੍ਹੇ ਵਿੱਚੋਂ ਪਹਿਲੀ ਪੁਜ਼ੀਸ਼ਨ ਹਾਸਿਲ ਕੀਤੀ ਅਤੇ ਸਟੇਟ ਪੱਧਰ ਲਈ ਆਪਣੀ ਜਗ੍ਹਾ ਬਣਾਈ। ਕਰਾਟੇ ਅੰਡਰ 17 ਹਰਮਨਪ੍ਰੀਤ ਕੌਰ ਨੇ ਜ਼ਿਲ੍ਹੇ ਵਿੱਚੋਂ ਦੂਜਾ ਸਥਾਨ ਹਾਸਿਲ ਕੀਤਾ । ਜੀਆ ਅੰਡਰ 19 ਨੇ ਜ਼ਿਲ੍ਹੇ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਵਾਰਸ ਮੱਟੂ ਨੇ ਜੋਨ ਅਤੇ ਜਿਲ੍ਹੇ ਵਿੱਚੋਂ ਯੋਗ ਵਿੱਚ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ ਅਤੇ ਸਟੇਟ ਲਈ ਉਸਨੂੰ ਚੁਣਿਆ ਗਿਆ। ਸਕੂਲ ਪਹੁੰਚਣ ਤੇ ਹੈੱਡਮਾਸਟਰ ਵੱਲੋਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਭਵਿੱਖ ਲਈ ਵਿਦਿਆਰਥੀਆਂ ਨੂੰ ਸੁਭ ਕਾਮਨਾਵਾਂ ਦਿੱਤੀਆਂ ਅਤੇ ਡੀ. ਪੀ. ਈ. ਕੁਲਦੀਪ ਕੌਰ ਨੂੰ ਮੁਬਾਰਕਬਾਦ ਦਿੰਦਿਆਂ, ਭਵਿੱਖ ਵਿੱਚ ਸਕੂਲ ਲਈ ਹੋਰ ਵੀ ਮੈਡਲ ਪ੍ਰਾਪਤੀ ਅਤੇ ਮਿਹਨਤ ਲਈ ਸੁੱਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

# ਬੀ ਕੇ ਯੂ ਸ਼ਾਦੀਪੁਰ ਵੱਲੋਂ ਫਸਲਾਂ ਦੇ ਖ਼ਰਾਬੇ ਸੰਬੰਧੀ ਡੀ ਸੀ ਪਟਿਆਲਾ ਤੇ ਤਹਿਸੀਲਦਾਰ ਸਮਾਣਾ ਨੂੰ ਮੰਗ ਪੱਤਰ



ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)-ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਬੁੱਧਵਾਰ ਡੀ ਸੀ ਦਫ਼ਤਰ ਪਟਿਆਲਾ ਅਤੇ ਤਹਿਸੀਲਦਾਰ ਸਮਾਣਾ ਨੂੰ ਮੌਸਮ ਅਤੇ ਹੜ੍ਹਾਂ ਨਾਲ ਖ਼ਰਾਬ ਹੋਈਆਂ ਫਸਲਾਂ ਦੇ ਮੁਆਵਜ਼ੇ ਸੰਬੰਧੀ ਮੰਗ ਪੱਤਰ ਮੁੱਖ ਮੰਤਰੀ ਦੇ ਨਾਂਅ ਸੌਂਪਿਆ ਗਿਆ। ਸੀ ਐਮ ਫੀਲਡ ਅਫਸਰ ਨੂੰ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਜਲਦੀ ਤੋਂ ਜਲਦੀ 70 ਹਜ਼ਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਕਿਸਾਨਾਂ ਨੂੰ ਦੇਣ ਦੀ ਮੰਗ ਕੀਤੀ ਗਈ। 20 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਸਰਕਾਰ ਨੇ ਜੋ ਐਲਾਨ ਕੀਤਾ ਹੈ ਉਹ ਜਲਦੀ ਤੋਂ ਜਲਦੀ ਕਿਸਾਨਾਂ ਦੇ ਖਾਤਿਆਂ ਵਿੱਚ ਪਾਇਆ ਜਾਵੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ਾਦੀਪੁਰ ਨੇ ਕਿਹਾ ਅਸੀਂ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਜੋ ਚਾਈਨਾ ਵਾਇਰਸ ਦੇ ਨਾਲ ਮਧਰੇ ਪੇਡੇ ਰਹਿ ਗਏ ਉਹਦੇ ਨਾਲ ਵੀ ਬਹੁਤ ਵੱਡੇ ਪੱਧਰ ਤੇ ਫਸਲਾਂ ਦਾ ਨੁਕਸਾਨ ਹੋਇਆ ਹੈ। ਉਸ ਦੀ ਵੀ ਤੁਰੰਤ ਗਿਰਦਾਵਰੀ ਕਰਾ ਕੇ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾਵੇ ਅਤੇ ਜੋ ਸੁਪਰੀਮ ਕੋਰਟ ਦੀ ਟਿੱਪਣੀ ਤੇ ਪੰਜਾਬ ਸਰਕਾਰ ਬੜੀ ਸਖਤ ਹੋਈ ਪਈ ਹੈ ਉਹਦੇ ਸੰਬੰਧ ਵਿੱਚ ਵੀ ਬੀ ਕੇ ਯੂ ਸ਼ਾਦੀਪੁਰ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਸਰਕਾਰ ਪੂਰੀ ਮਸ਼ੀਨਰੀ ਪਿੰਡਾਂ ਵਿੱਚ ਪਹੁੰਚਦੀ ਕਰੇ। ਪਰਵਾਸੀਆਂ ਸੰਬੰਧੀ ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੇ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਵੱਲੋਂ ਕਿਹਾ ਕਿ ਪ੍ਰਵਾਸੀਆਂ ਤੋਂ ਬਗੈਰ ਪੰਜਾਬ ਦਾ ਵੀ ਗੁਜ਼ਾਰਾ ਨਹੀਂ, ਲੇਬਰ ਤੋਂ ਬਗੈਰ ਕਿਸਾਨ ਦਾ ਵੀ ਨਹੀਂ ਸਰਦਾ, ਜੇਕਰ ਲੇਬਰ ਨੂੰ ਆਪਾਂ ਪੰਜਾਬ 'ਚ ਨਹੀਂ ਆਉਣ ਦਿੰਦੇ ਤਾਂ ਐਗਰੀਕਲਚਰ ਤੇ ਫੈਕਟਰੀਆਂ, ਮੰਡੀਆਂ ਸਮੇਤ ਸਾਰੇ ਦਾ ਸਾਰਾ ਢਾਂਚਾ ਤਬਾਹ ਹੋ ਜਾਏਗਾ।ਬੀਕੇਯੂ ਸ਼ਾਦੀਪੁਰ ਮੰਗ ਕਰਦੀ ਹੈ ਕਿ ਸਰਕਾਰ ਸਖਤ ਕਾਨੂੰਨ ਬਣਾਵੇ। ਜਿਹੜੀ ਹਰਕਤ ਹੁਸ਼ਿਆਰਪੁਰ ਅਤੇ ਕਮਿਆਣਾ ਪਿੰਡ ਵਿੱਚ ਹੋਈ ਹੈ ਉਹ ਨਿੰਦਣਯੋਗ ਹੈ। ਕੋਈ ਸਖਤ ਕਾਨੂੰਨ ਹੋਵੇਗਾ ਤਾਂ ਪ੍ਰਵਾਸੀ ਹੋਵੇ ਜਾਂ ਪੰਜਾਬੀ ਕੋਈ ਗਲਤ ਹਰਕਤ ਕਰਨ ਤੋਂ ਪਹਿਲਾਂ 100 ਵਾਰ ਸੋਚੇਗਾ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਹਲਦੀ ਰੋਗ ਨਾਲ ਝੋਨੇ ਦੇ ਮੰਡੀਕਰਨ ਦੀ ਸਮੱਸਿਆ ਆਉਣ ਦਾ ਖਤਰਾ ਹੈ। ਸਰਕਾਰ ਐਲਾਨ ਕਰੇ ਕਿ ਇਸ ਨਾਲ ਫਸਲ ਨੂੰ ਮੰਡੀਆਂ ਵਿੱਚ ਕੋਈ ਦਿੱਕਤ ਨਾ ਆਵੇ ਤੇ ਕਿਸਾਨ ਮੰਡੀਆਂ ਵਿੱਚ ਪ੍ਰੇਸ਼ਾਨ ਨਾ ਹੋਵੇ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੇ ਪ੍ਰਧਾਨ ਤੇ ਐਸ ਕੇ ਐਮ ਦੇ ਆਗੂ ਬੂਟਾ ਸਿੰਘ ਸ਼ਾਦੀਪੁਰ, ਕੈਪਟਨ ਮੇਜਰ ਸਿੰਘ ਭੁਪਿੰਦਰ ਸਿੰਘ ਸ਼ੰਕਰਪੁਰ, ਗੁਰਲਾਲ ਸਿੰਘ ਖੇੜੀ, ਗੁਰਜਿੰਦਰ ਸਿੰਘ ਕਾਲਾ ਗੱਜੂਮਾਜਰਾ, ਬਿੰਦਰ ਸਿੰਘ ਲਹੋਰੀਆ, ਬਲਵਿੰਦਰ ਸਿੰਘ , ਸੰਸਾਰ ਸਿੰਘ ਸ਼ਾਦੀਪੁਰ, ਲੱਖਾ ਸਿੰਘ ਸੰਧੂ ਆਈ ਟੀ ਸੈਲ ਵਿੰਦਰ ਸਿੰਘ ਲਾਹੋਰੀਆ, ਰਣਜੀਤ ਸਿੰਘ ਬਲਾਕ ਪ੍ਰਧਾਨ, ਜਸਵੀਰ ਸਿੰਘ, ਸੁਖਦੇਵ ਸਿੰਘ, ਕਾਬਲ ਸਿੰਘ, ਗੁਰਭੇਜ ਸਿੰਘ ਸਰਪੰਚ, ਯਾਦਵਿੰਦਰ ਸਿੰਘ ਅਤੇ ਹੋਰ ਸਾਥੀ ਸਨ ਮੌਜੂਦ ਸਨ।

# ਚੋਣਾਂ ਸੰਬੰਧੀ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਕਾਰਜਸ਼ੀਲ ਕੀਤਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਚੋਣਾਂ ਸੰਬੰਧੀ ਹਰ ਤਰ੍ਹਾਂ ਦੀ ਸਹੀ, ਸਟੀਕ ਅਤੇ ਸਮੇਂ ਸਿਰ ਜਾਣਕਾਰੀ ਆਮ ਲੋਕਾਂ ਤੱਕ ਪਹੁੰਚੇ, ਇਸ ਲਈ ਮੁੱਖ ਚੋਣ ਦਫ਼ਤਰ ਪੰਜਾਬ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਪੂਰੀ ਤਰ੍ਹਾਂ ਕਾਰਜਸ਼ੀਲ ਕੀਤਾ ਗਿਆ ਹੈ। ਇਸ ਸੰਬੰਧੀ ਜਾਣਕਾਰੀ ਚੋਣ ਤਹਿਸੀਲਦਾਰ ਹਰਬੰਸ ਸਿੰਘ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਲੋਕ ਹੁਣ ਫੇਸਬੁੱਕ, ਇੰਸਟਾਗ੍ਰਾਮ, ਟਵੀਟਰ ਤੇ ਯੂਟਿਊਬ 'ਤੇ ਉਪਲਬਧ ਮੁੱਖ ਚੋਣ ਦਫ਼ਤਰ ਦੇ ਅਧਿਕਾਰਤ ਅਕਾਊਂਟ ਨਾਲ ਜੁੜ ਸਕਦੇ ਹਨ। ਸਿਰਫ਼ ਕਿਊ.ਆਰ ਕੋਡ ਸਕੈਨ ਕਰਕੇ ਇਹ ਅਕਾਊਂਟ ਫਾਲੋਅ ਕੀਤੇ ਜਾ ਸਕਦੇ ਹਨ ਅਤੇ ਚੋਣਾਂ ਸੰਬੰਧੀ ਮਹੱਤਵਪੂਰਨ ਜਾਣਕਾਰੀ, ਨਵੀਨਤਮ ਅੱਪਡੇਟਾਂ ਅਤੇ ਮੁੱਖ ਚੋਣ ਅਧਿਕਾਰੀ ਦੀਆਂ ਹਦਾਇਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।ਉਨ੍ਹਾਂ ਕਿਹਾ ਕਿ ਆਮ ਲੋਕਾਂ ਨਾਲ ਸਿੱਧਾ ਰਾਬਤਾ ਬਣਾਉਣ ਅਤੇ ਉਨ੍ਹਾਂ ਤੱਕ ਹਰ ਲੋੜੀਂਦੀ ਜਾਣਕਾਰੀ ਪਹੁੰਚਾਉਣ ਲਈ ਸੋਸ਼ਲ ਮੀਡੀਆ ਸਭ ਤੋਂ ਪ੍ਰਭਾਵਸ਼ਾਲੀ ਮਾਧਿਅਮ ਵਜੋਂ ਉਭਰਿਆ ਹੈ। ਇਸੇ ਲਈ ਵੱਧ ਤੋਂ ਵੱਧ ਵੋਟਰਾਂ ਤੱਕ ਪਹੁੰਚ ਬਣਾਉਣ ਲਈ ਮੁੱਖ ਚੋਣ ਦਫ਼ਤਰ ਵੱਲੋਂ ਸੋਸ਼ਲ ਮੀਡੀਆ ਹੈਂਡਲ ਨੂੰ ਕਾਰਜਸ਼ੀਲ ਅਤੇ ਸਰਗਰਮ ਰੱਖਿਆ ਗਿਆ ਹੈ

# ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਦੀ ਟੀਮ ਵੱਲੋਂ ਹੜ੍ਹ ਪੀੜਤ ਲੋਕਾਂ ਲਈ ਸੁਹਿਰਦ ਉਪਰਾਲਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਹੜ੍ਹ ਪ੍ਰਭਾਵਤ ਲੋਕਾਂ ਦੀ ਮਦਦ ਲਈ ਪਿੰਗਲਵਾੜਾ ਸੰਸਥਾ ਦੀ ਟੀਮ, ਕੁੰਵਰ ਵਿਜੈ ਪ੍ਰਤਾਪ ਸਿੰਘ, ਐਮਐਲਏ ਦੇ ਨਾਲ ਸਵੇਰੇ-ਸਾਰ ਰਵਾਨਾ ਹੋਈ, ਜਿਸ ਦਾ ਮਿਸ਼ਨ ਸਭ ਤੋਂ ਵੱਧ ਪ੍ਰਭਾਵਿਤ ਇਲਾਕੇ ਵਿੱਚ ਪਹੁੰਚਣਾ ਅਤੇ ਪੀੜਤ ਪਰਿਵਾਰਾਂ ਨੂੰ ਪਹਿਲ ਦੇ ਅਧਾਰ ਤੇ ਤੁਰੰਤ ਸਹਾਇਤਾ ਪ੍ਰਦਾਨ ਕਰਨਾ ਸੀ। ਪਿੰਗਲਵਾੜਾ ਸੰਸਥਾ ਦੀ ਟੀਮ ਜ਼ਰੂਰੀ ਰਾਹਤ ਸਮੱਗਰੀ ਦੀ ਇੱਕ ਵਿਸ਼ਾਲ ਸਮੱਗਰੀ ਲੈ ਕੇ ਗਈ ਵਿਸ਼ੇਸ਼ ਕਰਕੇ ਜਿਸ ਵਿੱਚ ਪਸ਼ੂ-ਜਾਨਵਰਾਂ ਲਈ ਚਾਰਾ, ਪ੍ਰਭਾਵਿਤ ਪਰਿਵਾਰਾਂ ਲਈ ਕੁਝ ਕੱਪੜੇ, ਕੰਬਲ, ਸੁੱਕਾ ਦੁੱਧ, ਕੁੱਝ ਖਾਣ-ਪੀਣ ਦੀਆਂ ਚੀਜ਼ਾਂ ਅਤੇ ਗੈਸ-ਚੁੱਲ੍ਹਾ ਸਿਲੰਡਰ ਖਾਣਾ ਪਕਾਉਣ ਲਈ ਵੰਡੇ ਗਏ। ਬਿਮਾਰ ਲੋਕਾਂ ਨੂੰ ਡਾਕਟਰੀ ਸਹੂਲਤ ਦੇਣਾ ਇਸ ਮਿਸ਼ਨ ਦਾ ਇੱਕ ਅਹਿਮ ਹਿੱਸਾ ਰਿਹਾ, ਸੈਂਕੜੇ ਵਿਅਕਤੀਆਂ ਨੂੰ ਟੈਟਨਸ ਅਤੇ ਬੀ-ਹੈਪੇਟਾਈਟਸ ਦੇ ਟੀਕੇ ਲਗਾ ਕੇ ਨਾਲ-ਨਾਲ ਹੋਰ ਲੋੜੀਂਦੀਆਂ ਦਵਾਈਆਂ ਦਿੱਤੀਆਂ ਗਈਆਂ। ਮਕੋੜਾ ਪੱਤਣ ਤੋਂ ਦਰਿਆ ਰਾਵੀ-ਪਾਰ ਵੱਖ-ਵੱਖ ਪਿੰਡਾਂ ਤੂਰ, ਚਿਬ, ਭਰਿਆਲ, ਲਾਸਿਆਂ ਵਾਇਆ, ਡੇਰਾ ਕਾਜਲਾ ਪਿੰਡਾਂ ਵਿੱਚੋਂ ਲੰਘਦੇ ਹੋਏ ਪਾਣੀ ਦੇ ਉੱਚ ਪੱਧਰ ਕਾਰਨ ਪਹਿਲਾਂ ਸਫ਼ਰ ਕਿਸ਼ਤੀ ਰਾਹੀਂ ਅਤੇ ਫਿਰ ਟਰੈਕਟਰਾਂ ਰਾਹੀਂ ਪੈਂਡਾ ਤੈਅ ਕਰਨਾ ਪਿਆ। ਸਥਾਨਕ ਪਿੰਡ ਵਾਸੀਆਂ ਨੇ ਆਪਣੇ ਟਰੈਕਟਰ ਅਤੇ ਟਰਾਲੀਆਂ ਪ੍ਰਦਾਨ ਕਰਕੇ ਅਹਿਮ ਭੂਮਿਕਾ ਨਿਭਾਈ ਅਤੇ ਇਹ ਯਕੀਨੀ ਬਣਾਇਆ ਕਿ ਰਾਹਤ ਸਮੱਗਰੀ ਅਤੇ ਦਵਾਈਆਂ ਉਹਨਾਂ ਦੇ ਪਿੰਡਾਂ ਦੇ ਹਰ ਲੋੜਵੰਦ ਤੱਕ ਪੁੱਜਦਾ ਕੀਤੀਆਂ। ਪਿੰਗਲਵਾੜਾ ਦੀ ਪ੍ਰਧਾਨ ਬੀਬੀ (ਡਾ.) ਇੰਦਰਜੀਤ ਕੌਰ ਨੇ ਕਿਹਾ ਕਿ ਭਵਿੱਖ ਵਿੱਚ ਵੀ ਹੜ੍ਹ ਪ੍ਰਭਾਵਤ ਲੋਕਾਂ ਦੀ ਸੇਵਾ ਦਾ ਕਾਰਜ ਜਾਰੀ ਰਹੇਗਾ।

# ਆਰ ਐੱਮ ਪੀ ਡਾਕਟਰ 27 ਨੂੰ ਪੱਖੋਕੇ, ਟਾਹਲੀ ਸਾਹਿਬ ਤੇ ਹਰੂਵਾਲ ਵਿਖੇ ਲਗਾਉਣਗੇ ਮੈਡੀਕਲ ਕੈਂਪ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੇ ਆਰਐੱਮਪੀ ਡਾਕਟਰਾਂ ਵੱਲੋਂ ਐਸੋਸੀਏਸ਼ਨ ਦੇ ਜ਼ਿਲ੍ਹਾ ਜਨਰਲ ਸਕੱਤਰ ਡਾ. ਅਸ਼ੋਕ ਕੁਮਾਰ ਬਟਾਲਾ ਦੇ ਵਿਸ਼ੇਸ਼ ਉਪਰਾਲੇ ਸਦਕਾ ਜ਼ਿਲ੍ਹਾ ਪ੍ਰਧਾਨ ਡਾਕਟਰ ਚਮਨ ਲਾਲ ਬਟਾਲਾ ਦੀ ਅਗਵਾਈ ਹੇਠ ਪੰਜਾਬ ਵਿੱਚ ਆਏ ਹੜਾਂ ਕਾਰਨ ਕੁਦਰਤ ਦੇ ਭਾਣੇ ਰੂਪੀ ਦੁਖਾਂਤ ਦੇ ਮਾਰੇ ਇਸ ਸੰਕਟ ਦੇ ਸਮੇਂ ਵਿੱਚ ਹੜ੍ਹ ਪੀੜਤ ਲੋਕਾਂ ਨੂੰ ਮੁੱਢਲੀ ਸਿਹਤ ਸਹੂਲਤ ਦੇਣ ਲਈ ਕਰਤਾਰਪੁਰ ਕਾਰੀਡੋਰ ਦੇ ਇਲਾਕੇ 'ਚ ਪਿੰਡ ਪੱਖੋਕੇ ਟਾਹਲੀ ਸਾਹਿਬ ਅਤੇ ਪਿੰਡ ਹਰੂਵਾਲ ਵਿਖੇ 27 ਸਤੰਬਰ ਨੂੰ ਦਿਨ ਸਨਿਚਰਵਾਰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਮੈਡੀਕਲ ਕੈਂਪ ਲਗਾਏ ਜਾਣਗੇ। ਇਸ ਸਬੰਧੀ ਜਾਣਕਾਰੀ ਜ਼ਿਲ੍ਹਾ ਪ੍ਰੈੱਸ ਸਕੱਤਰ ਡਾਕਟਰ ਲਖਵਿੰਦਰ ਸਿੰਘ ਸੰਧੂ ਔਲਖ ਨੇ ਦੱਸਿਆ ਕਿ ਇਸ ਮੈਡੀਕਲ ਕੈਂਪ ਵਿੱਚ ਵੈਦ ਹਕੀਮ ਅਤੇ ਆਰਐੱਮਪੀ ਡਾਕਟਰ ਵਿਸ਼ੇਸ਼ ਤੌਰ ਤੇ ਪਹੁੰਚ ਕੇ ਮਰੀਜ਼ਾਂ ਦਾ ਚੈੱਕਅਪ ਕਰਨਗੇ ਅਤੇ ਫਰੀ ਦਵਾਈਆਂ ਦਿੱਤੀਆਂ ਜਾਣਗੀਆਂ। ਡਾਕਟਰ ਸੰਧੂ ਔਲਖ ਨੇ ਜ਼ਿਲੇ ਭਰ ਦੇ ਵੈਦ ਹਕੀਮ ਅਤੇ ਆਰਐੱਮਪੀ ਡਾਕਟਰਾਂ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਕਿ ਡਾਕਟਰ ਸਾਥੀ ਆਪਣੇ ਨਿੱਜੀ ਰੁਝੇਵਿਆਂ ਨੂੰ ਤਿਆਗ ਕੇ ਸੇਵਾ ਭਾਵਨਾ ਨੂੰ ਸਮਰਪਿਤ ਹੋ ਕੇ ਮੈਡੀਕਲ ਕੈਂਪਾਂ ਵਿੱਚ ਸਮੇਂ ਸਿਰ ਪਹੁੰਚਣ ਦੀ ਕਿਰਪਾਲਤਾ ਕਰਨ।

# ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨਾਂ ਨੇ ਹੜ੍ਹ ਪੀੜਤਾਂ ਲਈ ਵੱਖ-ਵੱਖ ਪਿੰਡਾਂ 'ਚ ਮੁਫਤ ਮੈਡੀਕਲ ਕੈਂਪ ਲਗਾਏ



ਪੱਟੀ (ਬਲਦੇਵ ਸਿੰਘ ਸੰਧੂ)-ਕੁਦਰਤੀ ਆਫਤਾਂ ਦੇ ਨਾਲ ਹੋਏ ਉਜਾੜੇ ਵਿੱਚ ਜਿਲਾ ਤਰਨ ਤਾਰਨ ਤੇ ਜ਼ਿਲ੍ਹਾ ਫਿਰੋਜ਼ਪੁਰ ਤੇ ਵੱਸੇ ਹੋਏ ਪਿੰਡਾਂ ਵਿੱਚ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਜ਼ਿਲਾ ਤਰਨ ਤਾਰਨ ਦੀ ਅਗਵਾਈ ਵਿੱਚ ਬਠਿੰਡਾ ਜ਼ਿਲੇ ਦੇ ਰਾਮਪੁਰਾ ਫੂਲ ਬਲਾਕ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਜਾ ਕੇ ਮੈਡੀਕਲ ਕੈਂਪ ਲਗਾਏ ਗਏ ਜਿਸ ਪਿੰਡ ਧੀਰਾ ਘਾਰਾ, ਟੱਲੀ ਗੁਲਾਮ, ਗੁਰਦੁਆਰਾ ਢਾਬ ਸਰ ਸਾਹਿਬ, ਫੁੱਲਾਂ ਵਾਲੀ ਬਸਤੀ ਅਤੇ ਘੜੁੰਮ ਵਿੱਚ ਸਿਹਤ ਸਹੂਲਤਾਂ ਦਿੱਤੀਆਂ ਗਈਆਂ। ਡਾ. ਨਛੱਤਰ ਸਿੰਘ ਚੀਮਾ ਨੇ ਦੱਸਿਆ ਕਿ ਤਕਰੀਬਨ ਇੱਕ ਮਹੀਨੇ ਦੇ ਨੇੜੇ ਹੜ੍ਹਾਂ ਦੀ ਮਾਰ ਹੇਠ ਆਏ ਇਨ੍ਹਾਂ ਪਿੰਡਾਂ ਵਿੱਚ ਜੀਵਨ ਬਸਰ ਕਰਨਾ ਬਹੁਤ ਔਖਾ ਹੋਇਆ ਪਿਆ ਹੈ। ਜਿੱਥੇ ਮੈਡੀਕਲ ਸੇਵਾਵਾਂ ਦੀ ਜ਼ਰੂਰਤ ਹੈ ਉਸ ਦੇ ਨਾਲ ਨਾਲ ਡੰਗਰਾਂ ਲਈ ਚਾਰੇ ਦੀ ਵੀ ਲੋੜ ਹੈ। ਇਸ ਮੌਕੇ ਮੌਜੂਦ ਡਾਕਟਰ ਗੁਰਜੀਤ ਸਿੰਘ ਦੁੱਬਲੀ ਸੂਬਾ ਆਗੂ ਮੈਂਬਰ ਨੇ ਦੱਸਿਆ ਕਿ ਜਿੰਨਾ ਚਿਰ ਪਾਣੀ ਦੀ ਮਾਰ ਵਾਲਾ ਇਲਾਕਾ ਆਪਣੇ ਪੈਰਾਂ ਸਿਰ ਦੁਬਾਰਾ ਤੋਂ ਨਹੀਂ ਹੋ ਜਾਂਦਾ ਸਾਡੀ ਐਸੋਸੀਏਸ਼ਨ ਇਸੇ ਤਰ੍ਹਾਂ ਇਥੇ ਮੈਡੀਕਲ ਸੇਵਾਵਾਂ ਨਿਭਾਉਂਦੀ ਰਹੇਗੀ। ਬਠਿੰਡਾ ਜ਼ਿਲ੍ਹੇ ਤੋਂ ਆਏ ਹੋਏ ਆਗੂਆਂ ਨੇ ਇਸ ਇਲਾਕੇ ਦਾ ਅੱਖੀਂ ਹਾਲ ਦੇਖ ਕੇ ਬਹੁਤ ਅਫਸੋਸ ਕੀਤਾ ਅਤੇ ਉਜੜੇ ਹੋਏ ਲੋਕਾਂ ਦੇ ਬੁਲੰਦ ਹੌਂਸਲੇ ਵੇਖ ਕੇ ਉਨ੍ਹਾਂ ਕਿਹਾ ਇਹ ਲੋਕ ਜਲਦੀ ਹੀ ਇਸ ਮੁਸੀਬਤ 'ਚੋਂ ਬਾਹਰ ਆਉਣਗੇ। ਇਸ ਮੌਕੇ ਡਾ. ਹਰਜਿੰਦਰ ਸਿੰਘ ਭਾਈ ਰੂਪਾ, ਡਾਕਟਰ ਦਰਸ਼ਨ ਸਿੰਘ ਕੋਠੇ ਭਾਈ ਰੂਪਾ, ਡਾਕਟਰ ਦਰਸ਼ਨ ਸਿੰਘ ਮਾਨ ਭਾਈ ਰੂਪਾ, ਡਾਕਟਰ ਗੁਰਾਂ ਦਿੱਤਾ ਸਿੰਘ ਮਹਿਲ ਭਾਈ ਰੂਪਾ, ਡਾਕਟਰ ਪਾਲ ਸਿੰਘ ਗੁਮਟੀ ਅਤੇ ਡਾਕਟਰ ਕੁਲਦੀਪ ਸਿੰਘ ਭਾਈ ਰੂਪਾ ਅਤੇ ਜ਼ਿਲ੍ਹਾ ਤਰਨ ਤਾਰਨ ਤੋਂ ਡਾਕਟਰ ਸੁਖਚੈਨ ਸਿੰਘ ਬੋਪਾਰਾਏ ਆਦਿ ਸ਼ਾਮਿਲ ਸਨ।

# ਪੰਜਾਬੀ ਯੂਨੀਵਰਸਿਟੀ ਦੇ 'ਬੋਟੈਨੀਕਲ ਗਾਰਡਨ' ਨੂੰ ਮਿਲਿਆ ਜਪਾਨੀ ਤਕਨੀਕ ਨਾਲ਼ ਤਿਆਰ ਟਰੈਕਟਰ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬੀ ਯੂਨੀਵਰਸਿਟੀ ਦੇ ਬੋਟੈਨੀਕਲ ਗਾਰਡਨ ਦੀ ਸਾਂਭ-ਸੰਭਾਲ਼ ਲਈ ਪ੍ਰਸਿੱਧ ਕੰਪਨੀ ਸੇਫ਼ੈਕਸ ਕੈਮੀਕਲਜ਼ (ਇੰਡੀਆ) ਲਿਮਟਿਡ, ਨਵੀਂ ਦਿੱਲੀ ਵੱਲੋਂ ਯੂਨੀਵਰਸਿਟੀ ਦੇ ਬਨਸਪਤੀ ਵਿਗਿਆਨ ਵਿਭਾਗ ਨੂੰ ਆਧੁਨਿਕ ਜਪਾਨੀ ਤਕੀਨਕ ਨਾਲ਼ ਤਿਆਰ ਇੱਕ ਟ੍ਰੈਕਟਰ ਮੁਹੱਈਆ ਕਰਵਾਇਆ ਗਿਆ ਹੈ। ਕੰਪਨੀ ਵੱਲੋਂ ਸੀ. ਐੱਸ. ਆਰ. ਗ੍ਰਾਂਟ ਤਹਿਤ ਦਾਨ ਕੀਤੇ ਗਏ ਇਸ ਟ੍ਰੈਕਟਰ ਦੇ ਨਾਲ਼ ਰੋਟਾਵੇਟਰ ਅਤੇ ਖੇਤੀਬਾੜੀ ਸਬੰਧੀ ਵਰਤੋਂ ਲਈ ਹੋਰ ਔਜ਼ਾਰ ਜਿਵੇਂ ਕਿ ਘਾਹ ਕੱਟਣ ਵਾਲੇ ਆਧੁਨਿਕ ਉਪਕਰਣ ਆਦਿ ਵੀ ਪ੍ਰਦਾਨ ਕੀਤੇ ਗਏ ਹਨ ।ਕੰਪਨੀ ਪ੍ਰਤੀਨਿਧੀ ਸ੍ਰੀ ਐੱਸ.ਕੇ. ਚੌਧਰੀ, ਜੋ ਕਿ ਯੂਨੀਵਰਸਿਟੀ ਦੇ ਬਨਸਪਤੀ ਵਿਭਾਗ ਦੇ ਹੀ ਸਾਬਕਾ ਵਿਦਿਆਰਥੀ ਹਨ, ਵੱਲੋਂ ਟ੍ਰੈਕਟਰ ਸਮੇਤ ਸਾਰਾ ਸਮਾਨ ਵਿਭਾਗ ਨੂੰ ਸੌਂਪਿਆ ਗਿਆ।ਇਸ ਮੌਕੇ ਹਾਜ਼ਰ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕੰਪਨੀ ਦਾ ਉਚੇਚਾ ਧੰਨਵਾਦ ਕਰਦਿਆਂ ਉਮੀਦ ਪ੍ਰਗਟਾਈ ਕਿ ਬਨਸਪਤੀ ਵਿਭਾਗ ਦਾ ਬੋਟੈਨੀਕਲ ਗਾਰਡਨ, ਜੋ ਕਿ ਵਿਸ਼ਵ ਪੱਧਰੀ ਪ੍ਰਸਿੱਧ ਬਗੀਚਿਆਂ ਵਿਚੋਂ ਇੱਕ ਹੈ, ਹੁਣ ਆਧੁਨਿਕ ਔਜ਼ਾਰਾਂ ਦੇ ਆਉਣ ਨਾਲ਼ ਹੋਰ ਬੁਲੰਦੀਆਂ ਹਾਸਿਲ ਕਰੇਗਾ। ਉਨ੍ਹਾਂ ਕਿਹਾ ਕਿ ਕਾਰਪੋਰੇਟ ਅਦਾਰਿਆਂ ਵੱਲੋਂ ਜਨਤਕ ਅਦਾਰਿਆਂ ਦੀ ਬਿਹਤਰੀ ਅਤੇ ਸੰਚਾਲਨ ਵਿੱਚ ਅਜਿਹੇ ਯੋਗਦਾਨ ਪਾਉਣ ਦੇ ਕਦਮਾਂ ਦਾ ਖੁੱਲ੍ਹੇ ਦਿਲ ਨਾਲ਼ ਸਵਾਗਤ ਹੋਣਾ ਚਾਹੀਦਾ ਹੈ। ਇੱਕ ਹੋਰ ਅਹਿਮ ਟਿੱਪਣੀ ਵਿੱਚ ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਨਾਲ਼ ਆਪਣੀ ਭਾਵਕ ਸਾਂਝ ਰੱਖਣ ਵਾਲ਼ੇ ਸਾਬਕਾ ਵਿਦਿਆਰਥੀ ਯੂਨੀਵਰਸਿਟੀ ਦਾ ਅਸਲ ਸਰਮਾਇਆ ਹਨ। ਕੰਪਨੀ ਪ੍ਰਤੀਨਿਧੀ ਸ੍ਰੀ ਐਸ.ਕੇ. ਚੌਧਰੀ, ਨੇ ਇਸ ਮੌਕੇ ਬੋਲਦਿਆਂ ਆਪਣੇ ਬਨਸਪਤੀ ਵਿਭਾਗ ਅਤੇ ਯੂਨੀਵਰਸਿਟੀ ਪ੍ਰਤੀ ਸ਼ੁਭ ਇਛਾਵਾਂ ਅਤੇ ਭਾਵੁਕ ਯਾਦਾਂ ਦਾ ਇਜ਼ਹਾਰ ਕੀਤਾ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਨ੍ਹਾਂ ਯੰਤਰਾਂ ਨਾਲ਼ ਉਨ੍ਹਾਂ ਦੇ ਵਿਭਾਗ ਦਾ ਬੋਟੈਨੀਕਲ ਗਾਰਡਨ ਹੋਰ ਵਧੀਆ ਅਤੇ ਸੁੰਦਰ ਦਿੱਖ ਪ੍ਰਾਪਤ ਕਰਨ ਵਿੱਚ ਕਾਮਯਾਬ ਹੋਵੇਗਾ। ਵਿਭਾਗ ਮੁਖੀ ਪ੍ਰੋ. ਗੀਤਿਕਾ ਸਰਹਿੰਦੀ ਨੇ ਇਸ ਮੌਕੇ ਧੰਨਵਾਦ ਦਾ ਪ੍ਰਗਟਾਵਾ ਕਰਦਿਆਂ ਖ਼ੁਸ਼ੀ ਸਹਿਤ ਦੱਸਿਆ ਕਿ ਨਿਸ਼ਚੇ ਹੀ ਇਹ ਟ੍ਰੈਕਟਰ ਅਤੇ ਔਜ਼ਾਰ ਵਿਭਾਗ ਦੇ 22 ਏਕੜ ਵਿਚ ਸਥਾਪਿਤ ਬੋਟੈਨੀਕਲ ਗਾਰਡਨ ਅਤੇ ਕੰਜ਼ਰਵੇਟਰੀ ਦੀ ਸਾਂਭ-ਸੰਭਾਲ਼ ਲਈ ਬਹੁਤ ਕਾਰਗਰ ਸਾਬਤ ਹੋਣਗੇ।

## ...ਸ.ਫ਼ਾ 3 ਦੇ ਬਾਕੀ

### ਲੇਹ 'ਚ ਤਾਕਤ ਦੀ ...

ਹਸਪਤਾਲ ਲਿਜਾਣ 'ਤੇ ਲੋਕਾਂ ਵਿੱਚ ਬਹੁਤ ਜ਼ਿਆਦਾ ਰੋਸ ਜਾਗਿਆ ਤੇ ਅੱਜ ਪੂਰੇ ਲੇਹ ਵਿੱਚ ਬੰਦ ਦਾ ਐਲਾਨ ਕੀਤਾ ਗਿਆ। ਫਿਰ ਨੌਜਵਾਨ ਹਜ਼ਾਰਾਂ ਦੀ ਗਿਣਤੀ ਵਿੱਚ ਬਾਹਰ ਆ ਗਏ। ਕੁਝ ਲੋਕ ਸੋਚਦੇ ਹਨ ਕਿ ਇਹ ਲੋਕ ਸਾਡੇ ਹਮਾਇਤੀ ਸਨ, ਪਰ ਮੈਂ ਕਹਾਂਗਾ ਕਿ ਇਸ ਮੁੱਦੇ 'ਤੇ ਪੂਰਾ ਲੱਦਾਖ ਸਾਡਾ ਹਮਾਇਤੀ ਹੈ। ਇਹ ਨੌਜਵਾਨ ਪੀੜ੍ਹੀ ਦੀ ਭੜਾਸ ਸੀ। ਇੱਕ ਤਰ੍ਹਾਂ ਦਾ ਜੈੱਨ ਜ਼ੀ ਇਨਕਲਾਬ, ਜਿਹੜਾ ਉਨ੍ਹਾਂ ਨੂੰ ਸੜਕਾਂ 'ਤੇ ਲਿਆਇਆ। ਪੰਜ ਸਾਲਾਂ ਤੋਂ ਉਹ ਬੇਰੁਜ਼ਗਾਰ ਹਨ, ਉਨ੍ਹਾਂ ਨੂੰ ਨੌਕਰੀਆਂ ਤੋਂ ਬਾਹਰ ਰੱਖਿਆ ਜਾ ਰਿਹਾ ਹੈ। ਲੱਦਾਖ ਦਾ ਖਿਆਲ ਨਹੀਂ ਰੱਖਿਆ ਜਾ ਰਿਹਾ। ਤੁਸੀਂ ਨੌਜਵਾਨਾਂ ਨੂੰ ਰੁਜ਼ਗਾਰ ਨਾ ਦਿਓ ਤੇ ਫਿਰ ਉਨ੍ਹਾਂ ਦੇ ਜਮਹੂਰੀ ਹੱਕ ਵੀ ਖੋਹ ਲਓ। ਅੱਜ ਇੱਥੇ ਜਮਹੂਰੀਅਤ ਦਾ ਕੋਈ ਵੀ ਮੰਚ ਨਹੀਂ। ਛੇਵੀਂ ਅਨੁਸੂਚੀ ਵਿੱਚ ਸ਼ਾਮਲ ਕਰਨ ਦਾ ਵਚਨ ਦਿੱਤਾ ਸੀ, ਉਹ ਵੀ ਨਹੀਂ ਪੁਗਾਇਆ। ਮੈਂ ਲੱਦਾਖ ਦੀ ਨੌਜਵਾਨ ਪੀੜ੍ਹੀ ਨੂੰ ਅਪੀਲ ਕਰਦਾ ਹਾਂ ਕਿ ਜੋ ਵੀ ਹੋਵੇ, ਉਹ ਹਿੰਸਾ ਦੇ ਰਾਹ 'ਤੇ ਨਾ ਚੱਲਣ। ਅਸੀਂ ਕਈ ਸਾਲਾਂ ਤੋਂ ਭੁੱਖ ਹੜਤਾਲ ਕਰ ਰਹੇ ਹਾਂ ਅਤੇ ਜੇ ਅਸੀਂ ਅੰਤ ਵਿੱਚ ਹਿੰਸਾ ਕਰ ਬੈਠੇ ਤਾਂ ਸਾਰਾ ਕੀਤਾ-ਕਰਾਇਆ ਐਵੇਂ ਜਾਣਾ।'

ਮੋਦੀ ਸਰਕਾਰ ਨੇ 5 ਅਗਸਤ 2019 ਨੂੰ ਜੰਮੂ-ਕਸ਼ਮੀਰ ਦਾ ਰਾਜ ਦਾ ਦਰਜਾ ਖਤਮ ਕਰਕੇ ਜੰਮੂ-ਕਸ਼ਮੀਰ ਅਤੇ ਲੱਦਾਖ ਦੋ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦਿੱਤੇ ਸਨ। ਲੱਦਾਖ ਦੇ ਲੋਕ ਉਦੋਂ ਤੋਂ ਹੀ ਆਪਣੀ ਜ਼ਮੀਨ, ਸੰਸਕ੍ਰਿਤੀ ਤੇ ਵਸੀਲਿਆਂ ਦੀ ਰਾਖੀ ਲਈ ਰਾਜ ਦਾ ਦਰਜਾ ਮੰਗ ਰਹੇ ਹਨ। ਅੰਦੋਲਨਕਾਰੀਆਂ ਦੀਆਂ ਮੰਗਾਂ ਹਨ ਕਿ ਲੱਦਾਖ ਨੂੰ ਪੂਰਨ ਰਾਜ ਦਾ ਦਰਜਾ ਦਿੱਤਾ ਜਾਵੇ, ਲੱਦਾਖ ਨੂੰ ਸੰਵਿਧਾਨ ਦੀ ਛੇਵੀਂ ਅਨੁਸੂਚੀ ਵਿੱਚ ਸ਼ਾਮਲ ਕੀਤਾ ਜਾਵੇ, ਇਕੱਲੀ ਲੱਦਾਖ ਦੀ ਥਾਂ ਕਾਰਗਿਲ ਤੇ ਲੇਹ ਦੋ ਲੋਕ ਸਭਾ ਸੀਟਾਂ ਬਣਾਈਆਂ ਜਾਣ ਅਤੇ ਸਰਕਾਰੀ ਨੌਕਰੀਆਂ ਵਿੱਚ ਸਥਾਨਕ ਲੋਕਾਂ ਦੀ ਭਰਤੀ ਕੀਤੀ ਜਾਵੇ।

ਪੁਲਸ ਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਝੜਪ ਹੋਣ ਤੋਂ ਬਾਅਦ ਆਖਰੀ ਦਿਨ ਚਾਰ ਦਿਨਾ ਸਾਲਾਨਾ ਲੱਦਾਖ ਸਮਾਗਮ ਰੱਦ ਕਰ ਦਿੱਤਾ ਗਿਆ। ਲੈਫਟੀਨੈਂਟ ਗਵਰਨਰ ਕਵਿੰਦਰ ਗੁਪਤਾ ਇਸ ਤਿਉਹਾਰ ਦੇ ਸਮਾਪਤੀ ਸਮਾਰੋਹ ਵਿੱਚ ਸ਼ਾਮਲ ਹੋਣ ਵਾਲੇ ਸਨ। ਪ੍ਰਸ਼ਾਸਨ ਨੇ ਅਣਚਾਹੇ ਹਾਲਾਤ ਕਾਰਨ ਲੱਦਾਖ ਫੈਸਟੀਵਲ ਦੇ ਆਖਰੀ ਦਿਨ ਅਤੇ ਸਮਾਪਤੀ ਸਮਾਰੋਹ ਨੂੰ ਰੱਦ ਕਰਨ ਦਾ ਐਲਾਨ ਕੀਤਾ।

### ਚੈਤਨਿਆਨੰਦ 'ਤੇ 17...

ਆਪਣੇ ਫ਼ੋਨ ਦੀ ਵਰਤੋਂ ਬਹੁਤ ਘੱਟ ਕਰ ਰਿਹਾ ਹੈ। ਸ਼ਾਰਦਾ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਨੇ ਸਵਾਮੀ ਚੈਤਨਿਆਨੰਦ ਸਰਸਵਤੀ ਉਰਫ਼ ਪਾਰਥਸਾਰਥੀ ਵਿਰੁੱਧ ਵਿਦਿਆਰਥਣਾਂ ਨਾਲ ਛੇੜਛਾੜ ਕਰਨ ਦੇ ਦੋਸ਼ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। ਪੁਲਸ ਜਾਂਚ ਦੌਰਾਨ 32 ਵਿਦਿਆਰਥਣਾਂ ਦੇ ਬਿਆਨ ਦਰਜ ਕੀਤੇ ਗਏ, ਜਿਨ੍ਹਾਂ ਵਿੱਚੋਂ 17 ਨੇ ਅਪਮਾਨਜਨਕ ਭਾਸ਼ਾ, ਅਸ਼ਲੀਲ ਸੁਨੇਹੇ ਅਤੇ ਅਣਚਾਹੇ ਸਰੀਰਕ ਸੰਪਰਕ ਦਾ ਦੋਸ਼ ਲਾਇਆ ਹੈ।

### ਕੇਰਲਾ ਦੇ ਮੰਤਰੀ ਵੱਲੋਂ ਪੰਜਾਬ...

ਲਾਭਪਾਤਰੀਆਂ ਨੂੰ ਮੁਫ਼ਤ ਕਣਕ ਵੰਡੀ ਜਾਂਦੀ ਹੈ। ਕਣਕ ਦੀ ਵੰਡ ਵਿੱਚ ਪਾਰਦਰਸ਼ਤਾ ਬਣਾਈ ਰੱਖਣ ਲਈ ਹਰੇਕ ਐਫ.ਪੀ.ਐਸ. ਨੂੰ ਈ-ਪੀਓਐਸ ਮਸ਼ੀਨਾਂ ਪ੍ਰਦਾਨ ਕੀਤੀਆਂ ਗਈਆਂ ਹਨ। ਸ੍ਰੀ ਕਟਾਰੂਚੱਕ ਨੇ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ ਕਿਸਾਨਾਂ ਦੀਆਂ ਫ਼ਸਲਾਂ ਦੀ ਖਰੀਦ ਲਈ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ), ਜੋ ਕਿ ਮੌਜੂਦਾ ਝੋਨੇ ਦੇ ਸੀਜ਼ਨ ਵਿੱਚ 2389 ਰੁਪਏ ਪ੍ਰਤੀ ਕੁਇੰਟਲ ਹੈ, 'ਤੇ ਯਕੀਨੀ ਬਣਾਈ ਜਾਂਦੀ ਹੈ।

ਅਨਿਲ ਨੇ ਕਿਹਾ ਕਿ ਪੰਜਾਬ ਨੂੰ ਦੇਸ਼ ਦੇ ਅੰਨ ਭੰਡਾਰ ਵਜੋਂ ਜਾਣਿਆ ਜਾਂਦਾ ਹੈ ਅਤੇ ਉਹਨਾਂ ਨੇ ਸੂਬੇ ਵਿੱਚ ਆਏ ਭਾਰੀ ਹੜ੍ਹਾਂ ਦੇ ਬਾਵਜੂਦ ਲੋਕਾਂ ਦੀ ਚੜ੍ਹਦੀ ਕਲਾ ਦੀ ਭਾਵਨਾ ਦੀ ਪ੍ਰਸ਼ੰਸਾ ਕੀਤੀ।

ਇਸ ਮੌਕੇ ਕਟਾਰੂਚੱਕ ਦੁਆਰਾ ਕੇਰਲਾ ਦੇ ਮੰਤਰੀ ਨੂੰ ਸਨਮਾਨਿਤ ਵੀ ਕੀਤਾ ਗਿਆ, ਜਿੱਥੇ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਪੰਜਾਬ ਦੇ ਪ੍ਰਮੁੱਖ ਸਕੱਤਰ ਰਾਹੁਲ ਤਿਵਾੜੀ, ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ, ਵਧੀਕ ਡਾਇਰੈਕਟਰ ਡਾ. ਅੰਜੁਮਨ ਭਾਸਕਰ ਤੇ ਅਜੈਵੀਰ ਸਿੰਘ ਸਰਾਓ ਅਤੇ ਜੀਐਮ ਵਿੱਤ ਸਰਵੇਸ਼ ਕੁਮਾਰ ਮੌਜੂਦ ਸਨ।

### ਰਾਜੋਆਣਾ ਨੂੰ ਹੁਣ ਤੱਕ ...

ਜੇ ਮੌਤ ਦੀ ਸਜ਼ਾ ਖਤਮ ਹੋਣੀ ਹੈ, ਤਾਂ ਕਮਿਊਟੇਸ਼ਨ ਹੋਣੀ ਚਾਹੀਦੀ ਹੈ। ਜੇ ਕਮਿਊਟੇਸ਼ਨ ਹੁੰਦੀ ਹੈ, ਤਾਂ ਉਹ ਬਾਹਰ ਆ ਸਕਦਾ ਹੈ। ਇਹ ਦਲੀਲ ਦਿੰਦੇ ਹੋਏ ਕਿ ਰਾਜੋਆਣਾ ਇੱਕ ਭਾਰਤੀ ਨਾਗਰਿਕ ਸੀ, ਰੋਹਤਗੀ ਨੇ ਕਿਹਾ ਕਿ ਇਹ ਕੋਈ ਭਾਰਤ-ਪਾਕਿਸਤਾਨ ਮੁੱਦਾ ਨਹੀਂ ਸੀ। ਉਨ੍ਹਾ ਕਿਹਾ ਕਿ ਸਿਖਰਲੀ ਅਦਾਲਤ ਨੇ ਕਿਹਾ ਹੈ ਕਿ ਰਾਜੋਆਣਾ ਨੇ ਖੁਦ ਰਹਿਮ ਦੀ ਪਟੀਸ਼ਨ ਦਾਇਰ ਨਹੀਂ ਕੀਤੀ, ਬਲਕਿ ਇਹ ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਕੀਤੀ ਗਈ ਸੀ। ਬੈਂਚ ਨੇ ਕੇਸ ਦੀ ਸੁਣਵਾਈ 15 ਅਕਤੂਬਰ ਤੱਕ ਮੁਲਤਵੀ ਕਰ ਦਿੱਤੀ ਅਤੇ ਕਿਹਾ ਕਿ ਕੇਂਦਰ ਦੀ ਬੇਨਤੀ 'ਤੇ ਮਾਮਲੇ ਨੂੰ ਮੁਲਤਵੀ ਨਹੀਂ ਕੀਤਾ ਜਾਵੇਗਾ। 20 ਜਨਵਰੀ ਨੂੰ ਸਿਖਰਲੀ ਅਦਾਲਤ ਨੇ ਕੇਂਦਰ ਨੂੰ ਉਸ ਦੀ ਰਹਿਮ ਦੀ ਪਟੀਸ਼ਨ 'ਤੇ ਫੈਸਲਾ ਲੈਣ ਲਈ ਕਿਹਾ ਸੀ।

# ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਦਾ ਸਥਾਪਨਾ ਦਿਵਸ ਮਨਾਉਣ ਦੀਆਂ ਤਿਆਰੀਆਂ ਜ਼ੋਰਾਂ 'ਤੇ

ਸੰਗਰੂਰ (ਪ੍ਰਵੀਨ ਸਿੰਘ)-ਸੰਗਰੂਰ ਸੀਨੀਅਰ ਸਿਟੀਜ਼ਨ ਭਲਾਈ ਸੰਸਥਾ (ਰਜਿ.) ਦੇ ਪ੍ਰਧਾਨ ਡਾ. ਨਰਵਿੰਦਰ ਕੌਸ਼ਲ ਨੇ ਦੱਸਿਆ ਕਿ ਸੰਸਥਾ ਨੂੰ ਹੋਂਦ 'ਚ ਆਇਆਂ 25 ਸਾਲ ਹੋ ਗਏ ਹਨ।ਸੰਸਥਾ ਬਜ਼ੁਰਗਾਂ ਦੇ ਮਾਨ-ਸਨਮਾਨ ਤੇ ਸਤਿਕਾਰ ਦੇ ਨਾਲ-ਨਾਲ ਸਮਾਜ ਭਲਾਈ ਦੇ ਕੰਮਾਂ ਨੂੰ ਵੀ ਸਮਰਪਤ ਹੈ।ਡਾ. ਕੌਸ਼ਲ ਨੇ ਕਿਹਾ ਕਿ ਸੰਸਥਾ ਦਾ ਸਿਲਵਰ ਜੁਬਲੀ ਸਥਾਪਨਾ ਦਿਵਸ ਤੇ ਵਿਸ਼ਵ ਸੀਨੀਅਰ ਸਿਟੀਜ਼ਨ ਦਿਹਾੜਾ ਸੰਸਥਾ ਦੇ ਵਿਹੜੇ ਬਨਾਸਰਬਾਗ ਵਿਖੇ 1 ਅਕਤੂਬਰ ਨੂੰ ਸਵੇਰੇ 10:00 ਵਜੇ ਤੋਂ 02:00 ਵਜੇ ਤੱਕ ਮਨਾਇਆ ਜਾ ਰਿਹਾ ਹੈ, ਜਿਸ 'ਚ ਬਜ਼ੁਰਗਾਂ ਦੇ ਮਾਨ ਸਤਿਕਾਰ ਅਤੇ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਲਾਂ ਤੇ ਵਿਚਾਰਾਂ ਕੀਤੀਆਂ ਜਾਣਗੀਆਂ।ਸੰਸਥਾ ਦਾ ਵਫ਼ਦ ਪ੍ਰਧਾਨ ਡਾ. ਨਰਵਿੰਦਰ ਕੌਸ਼ਲ, ਚੇਅਰਮੈਨ ਇੰਜ: ਪ੍ਰਵੀਨ ਬਾਂਸਲ, ਜਨਰਲ ਸਕੱਤਰ ਜਗਜੀਤ ਸਿੰਘ ਜੱਸਲ, ਸੀਨੀਅਰ ਮੀਤ ਪ੍ਰਧਾਨ ਤੇ ਸੂਬਾਈ ਪੈਨਸ਼ਨਰ ਆਗੂ ਸ੍ਰੀ ਰਾਜ ਕੁਮਾਰ ਅਰੋੜਾ ਦੀ ਅਗਵਾਈ ਵਿੱਚ ਜ਼ਿਲ੍ਹਾ ਸਮਾਜਿਕ ਤੇ ਸੁਰੱਖਿਆ ਅਫ਼ਸਰ ਡਾ. ਮੈਡਮ ਲਵਲੀਨ ਵੜਿੰਗ ਨੂੰ ਉਨ੍ਹਾਂ ਦੇ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮਿਲਿਆ ਤੇ ਸਮਾਗਮਾਂ ਦੇ ਵਿੱਚ ਪਹੁੰਚਣ ਲਈ ਬੇਨਤੀ ਕੀਤੀ ਅਤੇ ਸੱਦਾ ਪੱਤਰ ਦਿੱਤਾ ਗਿਆ।ਐਸੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਰਾਜ ਕੁਮਾਰ ਅਰੋੜਾ, ਜਨਰਲ ਸਕੱਤਰ ਜਗਜੀਤ ਸਿੰਘ ਜੱਸਲ ਨੇ ਦੱਸਿਆ ਕਿ ਸਮਾਗਮਾਂ ਦੀਆਂ ਤਿਆਰੀਆਂ ਪੂਰੇ ਜ਼ੋਰ-ਸ਼ੋਰ ਨਾਲ ਕੀਤੀਆਂ ਜਾ ਰਹੀਆਂ ਹਨ।ਵੱਖ-ਵੱਖ ਕਮੇਟੀਆਂ ਬਣਾ ਕੇ ਕੰਮ ਦੀ ਵੰਡ ਕਰ ਦਿੱਤੀ ਗਈ ਹੈ। ਸਮਾਗਮਾਂ ਦੌਰਾਨ ਬਜ਼ੁਰਗਾਂ, ਆਏ ਮਹਿਮਾਨਾਂ ਤੇ ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ ਨੂੰ ਸਨਮਾਨਿਤ ਕੀਤਾ ਜਾਵੇਗਾ।ਡਾ. ਲਵਲੀਨ ਨੇ ਸੰਸਥਾ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸਲਾਘਾ ਕਰਦਿਆਂ ਕਿਹਾ ਕਿ ਵਿਭਾਗ ਵੱਲੋਂ ਸੰਸਥਾ ਨੂੰ ਹਰ ਤਰ੍ਹਾਂ ਦਾ ਸਹਿਯੋਗ ਮਿਲੇਗਾ ਤੇ ਸਮਾਗਮਾਂ 'ਚ ਵੀ ਸ਼ਿਰਕਤ ਕੀਤੀ ਜਾਵੇਗੀ।

# ਜ਼ੋਨਲ ਕਲਾ ਉਤਸਵ ਮੁਕਾਬਲੇ 'ਚ ਉੱਚ-ਕੋਟੀ ਦਾ ਪ੍ਰਦਰਸ਼ਨ



ਤਰਨਤਾਰਨ (ਪ੍ਰਿਤਪਾਲ ਸਿੰਘ)-ਪਿਛਲੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜ਼ੋਨਲ ਪੱਧਰੀ ਕਲਾ ਉਤਸਵ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਕਈ ਵੰਨਗੀਆਂ ਦੇ ਮੁਕਾਬਲੇ ਸਨ। ਇਹ ਮੁਕਾਬਲੇ ਵਿਦਿਆਰਥੀਆਂ ਦੀ ਸੁਹਜ ਕਲਾ ਨੂੰ ਨਿਖਾਰਨ ਲਈ ਸੰਗੀਤ ਦੇ ਗਾਇਨ ਵਾਧਨ ਅਤੇ ਨਾਚ ਆਦਿਕ ਕਲਾਵਾਂ ਦੀ ਪੇਸ਼ਕਾਰੀ ਅਤੇ ਰੰਗ ਮੰਚ ਦੀ ਨਾਟਕ ਵਿਧਾ ਨਾਲ ਵੀ ਸੰਬੰਧਿਤ ਸਨ।ਜ਼ਿਲਾ ਪੱਧਰੀ ਮੁਕਾਬਲਿਆਂ ਵਿੱਚ ਵੋਕਲ ਮਿਊਜ਼ਿਕ ਗਰੁੱਪ ਦੀ ਭਗਤੀ ਸੰਗੀਤ ਸ਼੍ਰੇਣੀ ਵਿੱਚ ਪਹਿਲੇ ਦਰਜੇ 'ਤੇ ਆਉਣ ਤੋਂ ਬਾਅਦ ਹੁਣ ਜ਼ੋਨਲ ਪੱਧਰੀ ਮੁਕਾਬਲੇ ਖਾਲਸਾ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਸ੍ਰੀ ਅੰਮ੍ਰਿਤਸਰ ਵਿਖੇ ਕਰਵਾਏ ਗਏ, ਜਿਸ ਵਿੱਚ ਬਹੁਤ ਹੀ ਸਖ਼ਤ ਮੁਕਾਬਲੇ ਦੇ ਬਾਵਜੂਦ ਤਰਨ ਤਾਰਨ ਜ਼ਿਲ੍ਹੇ ਦੀ ਅਗਵਾਈ ਕਰਦਿਆਂ ਗੁਰੂ ਅਮਰਦਾਸ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੇ ਹੋਣਹਾਰ ਵਿਦਿਆਰਥੀਆਂ ਨੇ ਆਪਣੇ ਸੰਗੀਤ ਅਧਿਆਪਕ ਹਰਜੀਤ ਸਿੰਘ ਦੁਆਰਾ ਤਿਆਰ ਕਰਵਾਈ ਭਗਤੀ ਸੰਗੀਤ ਦੀ ਪੇਸ਼ਕਾਰੀ ਬਾਕਮਾਲ ਪੇਸ਼ ਕਰਕੇ ਇਸ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਉੱਤਮ ਦਰਜੇ ਦੀ ਪ੍ਰਾਪਤੀ ਨਾਲ ਵਿਦਿਆਰਥੀਆਂ ਨੇ ਆਪਣੇ ਮਾਪਿਆਂ, ਅਧਿਆਪਕਾਂ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ।ਇਸ ਸ਼ਾਨਦਾਰ ਪ੍ਰਾਪਤੀ ਤੋਂ ਖ਼ੁਸ਼ ਹੁੰਦਿਆਂ ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰ. ਮਨੀਸ਼ਾ ਸੂਦ ਨੇ ਭਗਤੀ ਸੰਗੀਤ ਦੀ ਤਿਆਰੀ ਕਰਵਾਉਣ ਵਾਲੇ ਅਧਿਆਪਕ ਅਤੇ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਭਰਪੂਰ ਸ਼ਲਾਘਾ ਕਰਦਿਆਂ ਵਧਾਈ ਦਿੱਤੀ ਅਤੇ ਅਗਾਂਹ ਆਉਣ ਵਾਲੇ ਮੁਕਾਬਲਿਆਂ ਵਿੱਚ ਹੋਰ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

25 Sep Page 11-Majha-25.qxd 9/24/2025 11:23 PM Page 1



# 26 ਦੇ ਧਰਨਿਆਂ ਦੀਆਂ ਤਿਆਰੀਆਂ ਮੁਕੰਮਲ: ਭੱਟੀ ਰਾਜੋਕੇ



ਵਲਟੋਹਾ (ਰਣਜੀਤ ਸਿੰਘ ਵਲਟੋਹਾ)- ਗੁਰਬੀਰ ਸਿੰਘ ਭੱਟੀ ਰਾਜੋਕੇ, ਲਾਜ਼ਰ ਲਾਖਣਾ, ਗੁਰਲਾਲ ਸਿੰਘ ਅਮਰਕੋਟ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਹੜ੍ਹਾਂ ਦੌਰਾਨ ਹੋਇਆ ਨੁਕਸਾਨ ਸਰਕਾਰ ਨੇ ਭਰਨਾ ਤਾਂ ਕੀ ਉਲਟਾ ਕਿਸਾਨਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਵਾਲੀ ਗੱਲ ਜ਼ਰੂਰ ਕੀਤੀ ਹੈ। 4 ਲੱਖ ਏਕੜ ਫ਼ਸਲ ਤਬਾਹ ਹੋਈ ਹੈ ਤੇ ਸਰਕਾਰ 20 ਹਜ਼ਾਰ ਰੁਪਏ ਪ੍ਰਤੀ ਏਕੜ ਫਸਲੀ ਮੁਆਵਜ਼ਾ ਦੇ ਕੇ ਪੱਲਾ ਛੁਡਵਾਉਣਾ ਚਾਹੁੰਦੀ ਹੈ ਅਤੇ ਆਪਣੇ ਆਪ ਨੂੰ ਲੋਕਾਂ ਦੀ ਹਮਾਇਤੀ ਸਰਕਾਰ ਦੱਸਦੀ ਹੈ। ਮਜ਼ਦੂਰਾਂ ਦਾ ਨਾਂਅ ਤੱਕ ਨਹੀਂ ਲਿਆ ਗਿਆ। ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਜਿਥੇ ਕਿਸਾਨਾਂ ਦਾ ਮੁਆਵਜ਼ਾ ਵਧਾਉਣ ਦੀ ਗੱਲ ਕਰਦੀ ਹੈ ਉਥੇ ਹੀ ਮਜ਼ਦੂਰਾਂ ਦੀ ਗਿਰਦਾਵਰੀ ਕਰਵਾ ਕੇ ਬਣਦਾ ਮੁਆਵਜ਼ਾ ਮਜ਼ਦੂਰਾਂ ਨੂੰ ਦੇਣ ਦੀ ਵੀ ਮੰਗ ਕਰਦੀ ਹੈ।ਇਸ ਲਈ 26 ਸਤੰਬਰ ਨੂੰ ਪੰਜਾਬ ਦੇ ਸਾਰੇ ਡੀਸੀ ਦਫ਼ਤਰਾਂ ਦੇ ਅੱਗੇ ਧਰਨੇ ਦੇ ਕੇ ਮੰਗ ਪੱਤਰ ਦਿੱਤੇ ਜਾਣਗੇ ਅਤੇ ਮੁੱਖ ਮੰਤਰੀ ਤੱਕ ਉਪਰੋਕਤ ਮੰਗਾਂ ਪਹੁੰਚਾਈਆਂ ਜਾਣਗੀਆਂ।

ਭੱਟੀ ਨੇ ਲੋਕਾਂ ਨੂੰ ਧਰਨਿਆਂ ਵਿੱਚ ਪਹੁੰਚਣ ਦੀ ਅਪੀਲ ਵੀ ਕੀਤੀ।ਇਸ ਮੌਕੇ ਉਨ੍ਹਾਂ ਨਾਲ ਰੇਸ਼ਮ ਸਿੰਘ, ਜੱਸਾ ਸਿੰਘ ਬਾਸਰਕੇ, ਗਿੰਦਾ ਰਾਜੋਕੇ ਅਤੇ ਭੋਲਾ ਸਿੰਘ ਆਦਿ ਹਾਜ਼ਰ ਸਨ।

# ਵੋਟਰ ਸੋਸ਼ਲ ਮੀਡੀਆ ਰਾਹੀਂ ਲੈ ਸਕਣਗੇ ਚੋਣ ਵਿਭਾਗ ਸਬੰਧੀ ਹਰ ਤਾਜ਼ਾ ਜਾਣਕਾਰੀ: ਡੀ ਸੀ



ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ)-ਚੋਣਾਂ ਸਬੰਧੀ ਹਰ ਤਰ੍ਹਾਂ ਦੀ ਸਹੀ, ਸਟੀਕ ਅਤੇ ਸਮੇਂ ਸਿਰ ਜਾਣਕਾਰੀ ਆਮ ਲੋਕਾਂ ਤੱਕ ਪਹੁੰਚੇ, ਇਸ ਲਈ ਮੁੱਖ ਚੋਣ ਦਫ਼ਤਰ ਪੰਜਾਬ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਪੂਰੀ ਤਰ੍ਹਾਂ ਕਾਰਜਸ਼ੀਲ ਕੀਤਾ ਗਿਆ ਹੈ।ਇਸ ਸਬੰਧੀ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸਾਕਸ਼ੀ ਸਾਹਨੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਹੁਣ ਲੋਕ ਫੇਸਬੁੱਕ, ਇੰਸਟਾਗ੍ਰਾਮ, ਟਵੀਟਰ ਤੇ ਯੂਟਿਊਬ ਤੇ ਉਪਲਬਧ ਮੁੱਖ ਚੋਣ ਦਫ਼ਤਰ ਦੇ ਅਧਿਕਾਰਤ ਅਕਾਊਂਟ ਨਾਲ ਜੁੜ ਸਕਦੇ ਹਨ ਅਤੇ ਚੋਣਾਂ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਲੈ ਸਕਣ ਗੇ।ਸਿਰਫ਼ ਕਿਊ ਆਰ ਕੋਡ ਸਕੈਨ ਕਰਕੇ ਇਹ ਅਕਾਊਂਟ ਫਾਲੋ ਕੀਤੇ ਜਾ ਸਕਦੇ ਹਨ ਅਤੇ ਚੋਣਾਂ ਸਬੰਧੀ ਮਹੱਤਵਪੂਰਨ ਜਾਣਕਾਰੀ, ਨਵੀਨਤਮ ਅਪਡੇਟ ਅਤੇ ਮੁੱਖ ਚੋਣ ਅਫ਼ਸਰ ਵੱਲੋਂ ਜਾਰੀ ਹਦਾਇਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।ਉਨ੍ਹਾਂ ਕਿਹਾ ਕਿ ਆਮ ਲੋਕਾਂ ਨਾਲ ਸਿੱਧਾ ਰਾਬਤਾ ਬਣਾਉਣ ਅਤੇ ਉਨ੍ਹਾਂ ਤੱਕ ਹਰ ਲੋੜੀਂਦੀ ਜਾਣਕਾਰੀ ਪਹੁੰਚਾਉਣ ਲਈ ਸੋਸ਼ਲ ਮੀਡੀਆ ਸਭ ਤੋਂ ਪ੍ਰਭਾਵਸ਼ਾਲੀ ਮਾਧਿਅਮ ਵਜੋਂ ਉਭਰਿਆ ਹੈ।ਇਸ ਲਈ ਵੱਧ ਤੋਂ ਵੱਧ ਵੋਟਰਾਂ ਤੱਕ ਪਹੁੰਚ ਬਣਾਉਣ ਲਈ ਮੁੱਖ ਚੋਣ ਦਫ਼ਤਰ ਵੱਲੋਂ ਸੋਸ਼ਲ ਮੀਡੀਆ ਹੈਂਡਲ ਨੂੰ ਕਾਰਜਸ਼ੀਲ ਅਤੇ ਸਰਗਰਮ ਰੱਖਿਆ ਗਿਆ ਹੈ।ਇਹ ਲੋਕਾਂ ਨੂੰ ਸਟੀਕ ਜਾਣਕਾਰੀ ਦੇਣ ਲਈ ਇਕ ਅਹਿਮ ਉਪਰਾਲਾ ਹੈ, ਨਾਗਰਿਕਾ ਨੂੰ ਵੱਧ ਤੋਂ ਵੱਧ ਇਸ ਨਾਲ ਜੁੜ ਕੇ ਇਸ ਦਾ ਲਾਹਾ ਲੈਣਾ

# ਮੰਜੀਰੀ ਜੱਟਾਂ, ਫਰਵਾਲ, ਬਸਾਊ ਬਾੜਵਾਂ ਤੇ ਰਮਕਾਲਮਾ 'ਚ ਲਗਾਏ ਮੈਗਾ ਮੈਡੀਕਲ ਕੈਂਪ



ਪਠਾਨਕੋਟ, (ਦਵਿੰਦਰ ਸਿੰਘ)- ਵਿਧਾਨ ਸਭਾ ਹਲਕਾ ਭੋਆ ਦੇ ਹੜ੍ਹ ਪ੍ਰਭਾਵਿਤ ਪਿੰਡ ਮੰਜੀਰੀ ਜੱਟਾਂ, ਫਰਵਾਲ, ਬਸਾਊ ਬਾੜਵਾਂ ਅਤੇ ਰਮਕਾਲਮਾ ਵਿਖੇ ਮੈਗਾ ਮੈਡੀਕਲ ਕੈਂਪ ਲਗਾਏ ਗਏ।ਇਸ ਮੌਕੇ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਮੈਡੀਕਲ ਕੈਂਪਾਂ ਦਾ ਦੌਰਾ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਸੇਮ ਯੂਥ ਪ੍ਰਧਾਨ ਭੋਆ, ਹੈਰੀ, ਸਾਹਿਲ ਰਮਕਾਲਮਾ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਸੁਰਜੀਤ ਸਿੰਘ ਲਵਲੀ ਬਲਾਕ ਪ੍ਰਧਾਨ, ਮੁਨੀਸ਼ ਗੁਪਤਾ ਸਰਪੰਚ ਬਮਿਆਲ, ਦਲਬੀਰ ਸਿੰਘ ਫਰਵਾਲ, ਮੁਕੇਸ਼ ਸ਼ਰਮਾ, ਸਰੋਜ ਬਾਲਾ ਸਰਪੰਚ ਰਮਕਾਲਮਾ, ਰੋਸ਼ਨ ਭਗਤ ਜ਼ਿਲ੍ਹਾ ਪ੍ਰਧਾਨ ਐੱਸਸੀ ਵਿੰਗ, ਸੋਹਣ ਸ਼ਾਹਪੁਰਕੰਡੀ ਅਤੇ ਪਾਰਟੀ ਦੇ ਹੋਰ ਕਾਰਕਰਤਾ ਵੀ ਹਾਜ਼ਰ ਸਨ।ਜਾਣਕਾਰੀ ਦਿੰਦਿਆਂ ਕਟਾਰੂਚੱਕ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੇ ਬਹੁਤ ਸਾਰੇ ਖੇਤਰ ਅੰਦਰ ਹੜ੍ਹਾਂ ਦੀ ਕੁਦਰਤੀ ਮਾਰ ਪਈ ਹੈ ਅਤੇ ਹੁਣ ਹੌਲੀ-ਹੌਲੀ ਸਥਿਤੀ ਸੁਧਰ ਰਹੀ ਹੀ।ਲੋਕਾਂ ਨੂੰ ਫ੍ਰੀ ਦਵਾਈਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਅੱਜ ਪਿੰਡ ਮੰਜੀਰੀ ਜੱਟਾਂ, ਫਰਵਾਲ, ਬਸਾਊ ਬਾੜਵਾਂ ਅਤੇ ਰਮਕਾਲਮਾ ਵਿਖੇ ਮੈਗਾ ਮੈਡੀਕਲ ਕੈਂਪ ਲਗਾਏ ਗਏ ਹਨ।ਇਨ੍ਹਾਂ ਕੈਂਪਾਂ ਤੋਂ ਸੈਂਕੜਾਂ ਲੋਕਾਂ ਨੇ ਅਪਣੀ ਜਾਂਚ ਕਰਵਾਈ ਅਤੇ ਸਿਹਤ ਵਿਭਾਗ ਵੱਲੋਂ ਫ੍ਰੀ ਦਵਾਈਆਂ ਵੀ ਵੰਡੀਆਂ ਗਈਆਂ।ਉਨ੍ਹਾਂ ਕਿਹਾ ਕਿ ਪਿੰਡਾਂ 'ਚ ਫੋਗਿੰਗ ਕੀਤੀ ਜਾ ਰਹੀ ਹੈ, ਜਿੱਥੇ ਪਾਣੀ ਦਾ ਠਹਿਰਾਓ ਹੈ ਉਥੇ ਸਪ੍ਰੇਅ ਵੀ ਕੀਤੀ ਜਾ ਰਹੀ ਹੈ।ਡੇਂਗੂ, ਡਾਇਰੀਆ, ਮਲੇਰੀਆ ਆਦਿ ਬੀਮਾਰੀਆਂ ਨਾ ਫੈਲਣ ਇਸ ਲਈ ਪਿੰਡਾਂ ਅੰਦਰ ਸਾਫ ਸਫਾਈ ਦੀਆਂ ਗਤੀਵਿਧੀਆਂ ਤੇਜ਼ ਕੀਤੀਆਂ ਗਈਆਂ ਹਨ।ਉਨ੍ਹਾਂ ਕਿਹਾ ਕਿ ਭਵਿੱਖ ਅੰਦਰ ਵੀ ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖ ਕੇ ਅਜਿਹੇ ਹੀ ਮੈਗਾ ਮੈਡੀਕਲ ਕੈਂਪ ਲਗਾਏ ਜਾਣਗੇ।ਕੈਬਨਿਟ ਮੰਤਰੀ ਨੇ ਜਿੱਥੇ ਹੜ੍ਹ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕੀਤੀ ਉੱਥੇ ਲੋਕਾਂ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਵੀ ਸੁਣੀਆਂ ਅਤੇ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ।

# ਪੱਤਰਕਾਰ ਮਨੋਜ ਕੁਮਾਰ ਦਾ ਲੈਪਟਾਪ ਚੋਰੀ

ਛੇਹਰਟਾ, (ਨ ਜ਼ ਸ)-ਰੋਜ਼ਾਨਾ ਨਵਾਂ ਜ਼ਮਾਨਾ ਦੇ ਛੇਹਰਟਾ ਤੋਂ ਪੱਤਰਕਾਰ ਮਨੋਜ ਕੁਮਾਰ ਦਾ ਲੈਪਟਾਪ ਉਨ੍ਹਾਂ ਦੀ ਦੁਕਾਨ ਤੋਂ ਦਿਨ-ਦਿਹਾੜੇ ਚੋਰੀ ਹੋ ਗਿਆ।ਮਨੋਜ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਪੱਤਰਕਾਰੀ ਦੇ ਨਾਲ-ਨਾਲ ਆਪਣੇ ਘਰ ਵਿਚ ਸਥਿਤ ਜਨਰਲ ਸਟੋਰ 'ਤੇ ਮਨੀ ਟਰਾਂਸਫਰ ਦਾ ਕੰਮ ਵੀ ਕਰਦਾ ਹੈ।ਉਨ੍ਹਾਂ ਦੱਸਿਆ ਕਿ ਮੰਗਲਵਾਰ ਸਵੇਰੇ ਕਰੀਬ 9.10 ਵਜੇ ਤੱਕ ਆਪਣੀ ਦੁਕਾਨ 'ਤੇ ਕੰਮ ਕਰਨ ਉਪਰੰਤ ਉਹ ਰੋਟੀ ਖਾਣ ਲਈ ਚਲੇ ਗਏ। ਇਸ ਦੌਰਾਨ ਉਨ੍ਹਾਂ ਦੇ ਮਾਤਾ ਤੇ ਪਤਨੀ ਵਿਹੜੇ ਵਿਚ ਬੈਠ ਕੇ ਦੁਕਾਨ ਦਾ ਧਿਆਨ ਰੱਖ ਰਹੇ ਸਨ। ਉਨ੍ਹਾਂ ਦੱਸਿਆ ਕਿ 11.30 ਵਜੇ ਜਦੋਂ ਉਹ ਮੁੜ ਦੁਕਾਨ ਵਿਚ ਆਏ ਤਾਂ ਉਨ੍ਹਾਂ ਦਾ ਡੈੱਲ ਕੰਪਨੀ ਦਾ ਲੈਪਟਾਪ ਗਾਇਬ ਸੀ। ਉਨ੍ਹਾਂ ਨੂੰ ਸ਼ੱਕ ਹੈ ਕਿ ਕੋਈ ਅਣਪਛਾਤਾ ਵਿਅਕਤੀ ਉਨ੍ਹਾਂ ਦਾ ਲੈਪਟਾਪ ਚੋਰੀ ਕਰਕੇ ਲੈ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿਚ ਥਾਣਾ ਕੰਟੋਨਮੈਂਟ ਵਿਚ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ।

# ਕੋਠੀ 'ਚੋਂ 10 ਲੱਖ ਦਾ ਸਾਮਾਨ ਚੋਰੀ

ਛੇਹਰਟਾ, (ਮਨੋਜ ਕੁਮਾਰ)-ਗੁਰੂ ਅਮਰਦਾਸ ਐਵੀਨਿਊ ਵਿਚ ਪੁਨਰਨਿਰਮਾਣ ਅਧੀਨ ਕੋਠੀ ਵਿਚੋਂ ਚੋਰ 10 ਲੱਖ ਰੁਪਏ ਦਾ ਸਾਮਾਨ ਚੋਰੀ ਕਰਕੇ ਲੈ ਗਏ। ਯਸ਼ਪਾਲ ਹਾਲ ਵਾਸੀ ਚੀਲ੍ਹ ਮੰਡੀ ਨੇ ਦੱਸਿਆ ਕਿ ਗੁਰੂ ਅਮਰਦਾਸ ਐਵੀਨਿਊ, ਏਅਰਪੋਰਟ ਰੋਡ ਵਿਚ ਸਥਿਤ ਉਨ੍ਹਾਂ ਦੀ ਕੋਠੀ ਦਾ ਪੁਨਰਨਿਰਮਾਣ ਦਾ ਕੰਮ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ 16 ਸਤੰਬਰ ਦੀ ਰਾਤ ਨੂੰ ਉਨ੍ਹਾਂ ਦੀ ਉਕਤ ਕੋਠੀ ਵਿੱਚੋਂ ਚੋਰਾਂ ਨੇ ਏਸੀ ਦੀਆਂ ਵਾਇਰਿੰਗ ਹੋਈਆਂ ਕੋਪਰ ਦੀਆਂ ਪਾਈਪਾਂ ਤੇ ਬਿਜਲੀ ਦੀਆਂ ਤਾਰਾਂ ਦੇ 15 ਬੰਡਲ ਚੋਰੀ ਕਰ ਲਏ। ਇਸ ਚੋਰੀ ਦਾ ਪਤਾ ਉਨ੍ਹਾਂ ਨੂੰ ਅਗਲੇ ਦਿਨ ਕੋਠੀ ਪੁੱਜਣ 'ਤੇ ਲੱਗਾ। ਉਨ੍ਹਾਂ ਦੱਸਿਆ ਕਿ ਇਸ ਚੋਰੀ ਨਾਲ ਉਨ੍ਹਾਂ ਦਾ ਕਰੀਬ 10 ਲੱਖ ਰੁਪਏ ਦਾ ਨੁਕਸਾਨ ਹੋ ਗਿਆ ਹੈ। ਯਸ਼ਪਾਲ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਸਬੰਧ ਵਿਚ ਥਾਣਾ ਕੰਟੋਨਮੈਂਟ ਵਿਚ ਰਿਪੋਰਟ ਦਰਜ਼ ਕਰਵਾ ਦਿੱਤੀ ਹੈ।




## ਫਿਲਿਪਸ ਹੋਮ ਅਪਲਾਇੰਸਜ਼ ਵੱਲੋਂ ਤਿਉਹਾਰਾਂ ਮੌਕੇ 'ਸੋਨੇ ਪੇ ਸੁਹਾਗਾ' ਪੇਸ਼

ਲੁਧਿਆਣਾ-ਫਿਲਿਪਸ ਹੋਮ ਅਪਲਾਇੰਸਜ਼ ਨੇ ਤਿਉਹਾਰਾਂ ਤੇ ਆਪਣਾ ਸੋਨੇ ਪੇ ਸੁਹਾਗਾ ਅਭਿਆਨ ਪੇਸ਼ ਕੀਤਾ ਹੈ।ਇਸ ਆਫਰ 'ਚ ਗਾਹਕਾਂ ਨੂੰ ਆਪਣੇ ਘਰ ਦੇ ਲਈ ਭਰੋਸੇਮੰਦ ਇਨੋਵੇਸ਼ਨ ਖਰੀਦਣ ਦੇ ਨਾਲ ਸੋਨਾ ਜਿੱਤਣ ਦਾ ਮੌਕਾ ਵੀ ਮਿਲੇਗਾ। ਇਹ ਅਭਿਆਨ ਪੂਰੇ ਮਹੀਨੇ ਚੱਲੇਗਾ।ਇਸ 'ਚ ਗਾਹਕਾਂ ਨੂੰ ਹਰ ਰੋਜ਼, ਹਰ ਘੰਟੇ 9,999 ਰੁਪਏ ਕੀਮਤ ਦਾ ਸੋਨਾ ਜਿੱਤਣ ਦਾ ਮੌਕਾ ਮਿਲੇਗਾ।ਜੇਤੂਆਂ ਦਾ ਐਲਾਨ ਫਿਲਿਪਸ ਹੋਮ ਅਪਲਾਇੰਸਜ਼ ਦੁਆਰਾ ਹਰ ਘੰਟੇ ਆਪਣੇ ਸੋਸ਼ਲ ਮੀਡੀਆ ਚੈਨਲ ਅਤੇ ਰੇਡੀਓ 'ਤੇ ਕੀਤਾ ਜਾਵੇਗਾ।ਜੇਤੂਆਂ ਦਾ ਨਾਮ ਅਖ਼ਬਾਰਾਂ 'ਚ ਛਪੇਗਾ ।ਇਸ ਕੈਂਪੇਨ ਦੇ ਬਾਰੇ 'ਚ ਪੂਜਾ ਬੈਦ ਚੀਫ ਮਾਰਕੀਟਿੰਗ ਅਫਸਰ ਵਰਸੁਨੀ ਇੰਡੀਆ ਨੇ ਕਿਹਾ ਕਿ ਭਾਰਤ 'ਚ ਤਿਉਹਾਰ ਖ਼ੁਸ਼ੀਆਂ ਅਤੇ ਭਾਈਚਾਰੇ ਨਾਲ ਬਿਤਾਏ ਖ਼ੁਸ਼ਨੁਮਾ ਪਲਾਂ ਦਾ ਪ੍ਰਤੀਕ ਹੁੰਦੇ ਹਨ।ਇਸ ਜਸ਼ਨ 'ਚ ਸੋਨੇ ਦਾ ਹਮੇਸ਼ਾ ਤੋਂ ਇੱਕ ਖਾਸ ਮਹੱਤਵ ਹੈ।



## ਸਵੱਛ ਵਾਤਾਵਰਨ ਦੀ ਬਹਾਲੀ ਲਈ ਪਰਾਲੀ ਨਾ ਸਾੜਨ ਦੀ ਕੀਤੀ ਅਪੀਲ


ਬਟਾਲਾ (ਡਾ. ਮਲਵਿੰਦਰ ਸਿੰਘ)-ਨਰਿੰਦਰ ਕੁਮਾਰ ਇੰਸਪੈਕਟਰ-ਕਮ-ਕਲੱਸਟਰ ਅਫਸਰ ਸਟੱਬਲ ਬਰਨਿੰਗ ਕਾਦੀਆਂ ਅਤੇ ਸੁਨੀਲ ਕੁਮਾਰ ਜੇਈ-ਕਮ-ਕਲੱਸਟਰ ਅਫ਼ਸਰ ਕਾਦੀਆਂ ਵੱਲੋਂ ਸਾਂਝੇ ਤੌਰ ਤੇ ਸਮੂਹ ਨੋਡਲ ਅਫ਼ਸਰ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਨਰਿੰਦਰ ਕੁਮਾਰ ਇੰਸਪੈਕਟਰ ਵੱਲੋਂ ਸਾਰੇ ਨੋਡਲ ਅਫ਼ਸਰਾਂ ਨੂੰ ਪਰਾਲੀ ਨੂੰ ਅੱਗ ਲਾਉਣ ਦੇ ਦੁਸ਼ਟ ਪ੍ਰਭਾਵਾਂ ਬਾਰੇ ਜਾਣਕਾਰੀ



ਦਿੱਤੀ ਗਈ ਅਤੇ ਦੱਸਿਆ ਕਿ ਕਿਵੇਂ ਅੱਗ ਲਾਉਣ ਨਾਲ ਮਿੱਟੀ ਦੇ ਪੌਸ਼ਟਿਕ ਤੱਤ ਖਤਮ ਹੋ ਜਾਂਦੇ ਹਨ ਅਤੇ ਮਿੱਟੀ ਵਿੱਚ ਮੌਜੂਦ ਮਿੱਤਰ ਕੀੜੇ ਵੀ ਮਰ ਜਾਂਦੇ ਹਨ ਜੋ ਕਿ ਫਸਲ ਦੇ ਵਾਧੇ ਲਈ ਬਹੁਤ ਲਾਭਦਾਇਕ ਹੁੰਦੇ ਹਨ, ਜਿਸ ਕਰਕੇ ਕਿਸਾਨਾਂ ਨੂੰ ਅਗਲੇ ਸੀਜ਼ਨ ਹੋਰ ਵੀ ਜ਼ਿਆਦਾ ਖਾਦ ਦੀ ਵਰਤੋਂ ਕਰਕੇ ਇਨ੍ਹਾਂ ਪੌਸ਼ਟਿਕ ਤੱਤਾਂ ਨੂੰ ਮੁੜ ਸੁਰਜੀਤ ਕਰਨਾ ਪੈਂਦਾ ਹੈ ਜਿਸ ਨਾਲ ਕਿਸਾਨ ਦੀ ਫਸਲੀ ਲਾਗਤ ਵਿੱਚ ਵਾਧਾ ਹੁੰਦਾ ਹੈ ਅਤੇ ਅੱਗ ਲਾਉਣ ਨਾਲ ਜੋ ਵਾਤਾਵਰਨ ਖਰਾਬ ਹੁੰਦਾ ਹੈ। ਉਸ ਨਾਲ ਜੀਵ ਜੰਤੂ ਅਤੇ ਪਸ਼ੂ ਪੰਛੀਆਂ ਨੂੰ ਵੀ ਨੁਕਸਾਨ ਝੱਲਣਾ ਪੈਂਦਾ ਹੈ।ਇਸ ਤੋਂ ਇਲਾਵਾ ਫਸਲ ਦੀ ਰਹਿੰਦ ਖੂੰਹਦ ਨੂੰ ਅੱਗ ਲਾਉਣ ਨਾਲ ਸਾਹ ਦੀਆਂ ਬਿਮਾਰੀਆਂ ਵੀ ਵੱਧ ਜਾਂਦੀਆਂ ਹਨ।ਇਸ ਤੋਂ ਇਲਾਵਾ ਕਿਸਾਨਾਂ ਨੂੰ ਮਸ਼ੀਨਰੀ ਰਾਹੀਂ ਪਰਾਲੀ ਦੀ ਸਾਂਭ ਸੰਭਾਲ ਅਤੇ ਸਹਿਕਾਰੀ ਸਭਾਵਾਂ ਵੱਲੋ ਉਪਲੱਬਧ ਸੀਆਰਐੱਮ ਮਸ਼ੀਨਾਂ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ।

## ਬਹੁਮੰਤਵੀ ਸਿਹਤ ਕਰਮਚਾਰੀ ਐਸੋਸੀਏਸ਼ਨ ਪੰਜਾਬ ਦੀ ਹੰਗਾਮੇਦਾਰ ਮੀਟਿੰਗ

ਵੇਰਕਾ (ਰਾਣਾ)-ਬਹੁਮੰਤਵੀ ਸਿਹਤ ਕਰਮਚਾਰੀ ਐਸੋਸੀਏਸ਼ਨ ਪੰਜਾਬ ਵੱਲੋਂ ਮਲਟੀਪਰਪਜ਼ ਕੇਡਰ ਦੀਆਂ ਮੰਗਾਂ ਅਤੇ ਫੀਲਡ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਸੂਬਾ ਪ੍ਰਧਾਨ ਗਗਨਦੀਪ ਸਿੰਘ ਖਾਲਸਾ,



ਜਨਰਲ ਸਕੱਤਰ ਰਜਿੰਦਰ ਸਿੰਘ, ਸੀਨੀ: ਮੀਤ ਪ੍ਰਧਾਨ ਰਣਜੋਧ ਸਿੰਘ, ਮੁੱਖ ਸਲਾਹਕਾਰ ਸੰਦੀਪ ਸਿੰਘ ਅਤੇ ਸੀਨੀਅਰ ਆਗੂ ਪ੍ਰਭਜੀਤ ਸਿੰਘ ਉੱਪਲ ਸੂਬਾ ਕਨਵੀਨਰ ਮਲਟੀਪਰਪਜ਼ ਜੁਆਇੰਟ ਐਕਸ਼ਨ ਕਮੇਟੀ ਪੰਜਾਬ ਦੀ ਅਗਵਾਈ 'ਚ ਡਾਇਰੈਕਟਰ ਸਿਹਤ ਸੇਵਾਵਾਂ (ਪ ਭ) ਪੰਜਾਬ ਡਾ. ਅਦਿਤੀ ਸਲਾਰੀਆ ਨਾਲ ਮੁਲਾਕਾਤ ਕੀਤੀ ਗਈ।ਸੂਬਾ ਕਮੇਟੀ ਵੱਲੋਂ ਡਾਕਟਰ ਸਾਹਿਬ ਨੂੰ ਡਾਇਰੈਕਟਰ ਦੇ ਅਹੁਦੇ 'ਤੇ ਬਿਰਾਜਮਾਨ ਹੋਣ ਦੀ ਵਧਾਈ ਦਿੰਦੇ ਹੋਏ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ ਗਿਆ।ਇਸ ਦੌਰਾਨ ਡਾਇਰੈਕਟਰ ਨੇ ਭਰੋਸਾ ਦਿੱਤਾ ਕੇ ਜੋ ਵੀ ਮੁਸ਼ਕਲਾਂ ਅਤੇ ਮੰਗਾਂ ਹਨ ਉਨ੍ਹਾਂ ਸਬੰਧੀ ਜਲਦੀ ਹੀ ਇਕ ਪੈਨਲ ਮੀਟਿੰਗ ਵੀ ਕਰਨਗੇ ਅਤੇ ਸਾਰਥਕ ਯਤਨਾਂ ਨਾਲ ਹੱਲ ਵੀ ਕਰਨਗੇ।ਇਸ ਮੌਕੇ ਜ਼ਿਲਾ ਪ੍ਰਧਾਨ ਰਾਜਦੀਪ ਸਿੰਘ ਹੁਸ਼ਿਆਰਪੁਰ ਤੇ ਸੂਬਾ ਆਗੂ ਸੁਖਵਿੰਦਰ ਸਿੰਘ ਢਿੱਲੋਂ, ਜ਼ਿਲਾ ਪ੍ਰਧਾਨ ਜਲੰਧਰ ਪਰਮਿੰਦਰ ਸਿੰਘ, ਸੰਦੀਪ ਸਿੰਘ ਵਿਛੋਹਾ, ਸਤਨਾਮ ਸਿੰਘ, ਕੁਲਦੀਪ ਸਿੰਘ ਵੇਰਕਾ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।

## ਪੈਰਾਡਾਈਜ਼ ਪਬਲਿਕ ਸਕੂਲ ਟਾਹਲੀ ਸਾਹਿਬ ਨੇ ਮਨਾਇਆ ਵਿਸ਼ਵ ਪੰਜਾਬੀ ਦਿਵਸ


ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਅਤੇ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਇੱਕ ਨਵਾਂ ਇਤਿਹਾਸ ਸਿਰਜਦਿਆਂ ਪਹਿਲੀ ਵਾਰ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਵਿਸ਼ਵ ਪੰਜਾਬੀ ਦਿਵਸ ਮਨਾਉਣ ਦੀ ਸ਼ੁਰੂਆਤ ਕਰਨ ਲਈ ਪ੍ਰਾਈਵੇਟ ਸਕੂਲਾਂ ਨੂੰ ਵਿਸ਼ਵ ਪੰਜਾਬੀ ਦਿਵਸ ਮਨਾਉਣ ਦੇ ਦਿੱਤੇ ਸੱਦੇ ਦੇ ਮੱਦੇਨਜ਼ਰ ਪੈਰਾਡਾਈਜ਼ ਪਬਲਿਕ ਸਕੂਲ ਟਾਹਲੀ ਸਾਹਿਬ ਵੱਲੋਂ ਸਕੂਲ ਦੇ ਵਿਹੜੇ ਵਿੱਚ ਵਿਸ਼ਵ ਪੰਜਾਬੀ ਦਿਵਸ ਮਨਾਇਆ ਗਿਆ। ਛੋਟੇ ਛੋਟੇ ਬੱਚਿਆਂ ਨੇ ਪੰਜਾਬੀ



ਮਾਂ ਬੋਲੀ ਨੂੰ ਸਮਰਪਿਤ ਲਿਖੇ ਗਏ ਨਾਅਰਿਆਂ ਨੇ ਪ੍ਰੋਗਰਾਮ ਨੂੰ ਹੋਰ ਵੀ ਦਿਲ ਟੁੰਬਵਾਂ ਬਣਾ ਦਿੱਤਾ ਪੰਜਾਬੀ ਪਹਿਰਾਵੇ ਵਿੱਚ ਸਕੂਲ ਸਟਾਫ ਅਤੇ ਵਿਦਿਆਰਥੀਆਂ ਨੇ ਵੱਖ ਵੱਖ ਸੱਭਿਆਚਾਰਕ ਵਰਗੀਆਂ ਪੇਸ਼ ਕਰਕੇ ਪ੍ਰੋਗਰਾਮ ਨੂੰ ਚਾਰ ਚੰਨ ਲਗਾਏ। ਇਸ ਸਮੇਂ ਸਕੂਲ ਕੋਆਰਡੀਨੇਟਰ ਮੈਡਮ ਅੰਮ੍ਰਿਤਪਾਲ ਕੌਰ, ਕਲੱਬ ਦੀ ਮੁਖੀ ਸਿਮਰਨਜੀਤ ਕੌਰ, ਲਿਟਰੇਰੀ ਕਲੱਬ ਦੀ ਮੁਖੀ ਕਵਲਜੀਤ ਕੌਰ, ਸਾਇੰਸ ਕਲੱਬ ਦੀ ਮੁਖੀ ਮੈਡਮ ਕਰਨਬੀਰ ਕੌਰ ਤੋਂ ਇਲਾਵਾ ਕਲੱਬ ਮੈਂਬਰ ਅਤੇ ਅਧਿਆਪਕ ਹਾਜ਼ਰ ਸਨ।

# ਸਰਕਾਰੀ ਹਾਈ ਸਕੂਲ ਖਤਰਾਏ ਕਲਾਂ ਵਿਖੇ ਨਵੇਂ ਬਣੇ ਕਮਰੇ ਦਾ ਉਦਘਾਟਨ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਖਤਰਾਏ ਕਲਾਂ ਦੇ ਮਹਾਨ ਸੁਤੰਤਰਤਾ ਸੰਗਰਾਮੀ ਕਾਮਰੇਡ ਉਜਾਗਰ ਸਿੰਘ ਜੋ ਇਨਕਲਾਬੀ ਲਹਿਰਾਂ ਦੇ ਮੋਢੀ ਕਾਮਰੇਡ ਸੋਹਨ ਸਿੰਘ ਜੋਸ਼ ਦੇ ਸਾਥੀ ਸਨ, ਵੱਲੋਂ ਦੇਸ਼ ਦੀ ਆਜ਼ਾਦੀ ਵਿੱਚ ਪਾਏ ਯੋਗਦਾਨ ਨੂੰ ਮੁੱਖ ਰੱਖਦਿਆਂ ਬੀਤੇ ਸਾਲ ਪਿੰਡ ਖਤਰਾਏ ਕਲਾਂ ਦੇ ਸਰਕਾਰੀ ਸਕੂਲ ਦਾ ਨਾਮ ਕਾਮਰੇਡ ਉਜਾਗਰ ਸਿੰਘ ਖਤਰਾਏ ਕਲਾਂ ਸਰਕਾਰੀ ਹਾਈ ਸਕੂਲ ਰੱਖ ਦਿੱਤਾ ਗਿਆ ਹੈ।ਕਾਮਰੇਡ ਖਤਰਾਏ ਕਲਾਂ ਦੇ ਪੋਤਰੇ ਦਿਲਬਾਗ ਸਿੰਘ ਖਤਰਾਏ ਕਲਾਂ ਨੇ ਸਮੇਂ ਸਮੇਂ ਤੇ ਸਕੂਲ ਦੀ ਬਿਲਡਿੰਗ ਅਤੇ ਹੋਰ ਜ਼ਰੂਰੀ ਸਾਮਾਨ ਲਈ ਆਪਣੀ ਨੇਕ ਕਮਾਈ ਵਿੱਚੋਂ ਕਾਫੀ ਵੱਡਾ ਯੋਗਦਾਨ ਪਾਇਆ ਹੈ।ਇਸੇ ਪਿੰਡ ਦੇ ਇੱਕ ਹੋਰ ਸਮਾਜ ਸੇਵੀ ਹਰਜਿੰਦਰ ਸਿੰਘ ਅਤੇ ਉਨ੍ਹਾਂ ਦੀ ਧਰਮ ਪਤਨੀ ਮਨਜੀਤ ਕੌਰ ਵੱਲੋਂ ਆਪਣੇ ਪਿਤਾ ਬਲਜੀਤ ਸਿੰਘ ਅਤੇ ਮਾਤਾ ਮਨਜੀਤ ਕੌਰ ਦੀ ਯਾਦ ਵਿੱਚ ਸਕੂਲ ਵਿੱਚ ਇੱਕ ਕਮਰਾ ਬਣਾ ਕੇ ਦਿੱਤਾ ਗਿਆ ਹੈ।ਉਨ੍ਹਾਂ ਵੱਲੋਂ ਬਣਵਾਏ ਕਮਰੇ ਦਾ ਉਦਘਾਟਨ ਅਡੀਸ਼ਨਲ ਸੈਸ਼ਨ ਜੱਜ ਅੰਮ੍ਰਿਤਸਰ ਸ਼੍ਰੀ ਮਹੇਸ਼ ਕੁਮਾਰ ਵੱਲੋਂ ਕੀਤਾ ਗਿਆ।ਸ਼੍ਰੀ ਮਹੇਸ਼ ਸ਼ਰਮਾ ਨੇ ਕਿਹਾ ਕਿ ਇਸ ਪਿੰਡ ਦੇ ਆਜ਼ਾਦੀ ਘੁਲਾਟੀਏ ਕਾ: ਉਜਾਗਰ ਸਿੰਘ ਦੀ ਸੋਚ ਨੂੰ ਸਲਾਮ ਕਰਦੇ ਹਨ।ਉਨ੍ਹਾਂ ਬਲਜੀਤ ਸਿੰਘ ਦੇ ਪਰਵਾਰ ਖਾਸ ਕਰ ਹਰਜਿੰਦਰ ਸਿੰਘ ਤੇ ਉਨ੍ਹਾਂ ਦੀ



ਪਤਨੀ ਮਨਜੀਤ ਕੌਰ ਵੱਲੋਂ ਸਕੂਲ ਵਿੱਚ ਕਮਰਾ ਬਣਵਾਉਣ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।ਉਨ੍ਹਾਂ ਸਕੂਲ ਦੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਰੁਚੀ ਰੱਖਣ ਲਈ ਪ੍ਰੇਰਿਆ।

ਇਸ ਮੌਕੇ ਥਾਣਾ ਝੰਡੇਰ ਦੇ ਮੁਖੀ ਖੁਸ਼ਬੂ ਸ਼ਰਮਾ, ਮੁੱਖ ਅਧਿਆਪਕਾ ਮੀਨਾਕਸ਼ੀ ਧਾਰਵਾਲ, ਸੁਖਬੀਰ ਸਿੰਘ, ਬਲਦੇਵ ਸਿੰਘ, ਹਰਪ੍ਰੀਤ ਸਿੰਘ, ਤਰਲੋਚਨ ਸਿੰਘ, ਸਰਬਜੋਤ ਕੌਰ, ਹਰਵਿੰਦਰ ਕੌਰ, ਰਾਜਵੀਰ ਕੌਰ ਅਤੇ ਬਲਜੀਤ ਕੌਰ ਤੋਂ ਇਲਾਵਾ ਇਲਾਕੇ ਦੇ ਪਤਵੰਤੇ ਕਾਮਰੇਡ ਧਨਵੰਤ ਖਤਰਾਏ, ਬਲਜਿੰਦਰ ਸਿੰਘ, ਗੁਰਚਰਨ ਸਿੰਘ, ਸੱਜਣ ਸਿੰਘ ਆੜ੍ਹਤੀ, ਬਲਰਾਜ ਸੰਧੂ, ਰਣਧੀਰ ਸਿੰਘ, ਬਾਬਾ ਜਗਤਾਰ ਸਿੰਘ, ਬਿੱਲੂ ਫੋਟੋਗਰਾਫਰ, ਬੂਆ ਸਿੰਘ, ਕੇਵਲ ਸਿੰਘ , ਜਗਤਾਰ ਸਿੰਘ ਫੌਜੀ ਆਦਿ ਹਾਜ਼ਰ ਸਨ।

# ਪਰਾਲੀ ਨੂੰ ਖੇਤਾਂ 'ਚ ਨਾ ਸਾੜਨ ਸੰਬੰਧੀ ਪਿੰਡ ਪੱਲਾ 'ਚ ਕੈਂਪ ਲਗਾਇਆ

ਰਈਆ (ਡੀ. ਕੇ. ਰੈਡੀ)-ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਾਕਸ਼ੀ ਸਾਹਨੀ ਦੇ ਦਿਸ਼ਾ-ਨਿਰਦੇਸ਼ਾ ਤਹਿਤ ਬਲਜਿੰਦਰ ਸਿੰਘ ਭੁੱਲਰ ਮੁੱਖ ਖੇਤੀਬਾੜੀ ਅਫ਼ਸਰ ਅੰਮ੍ਰਿਤਸਰ ਦੀ ਯੋਗ ਅਗਵਾਈ ਹੇਠ ਬਲਾਕ ਰਈਆ ਸਰਕਲ ਬੁਤਾਲਾ ਦੇ



ਪਿੰਡ ਪੱਲਾ ਵਿਖੇ ਗ੍ਰਾਮ ਪੰਚਾਇਤ ਪੱਲਾ ਦੇ ਸਹਿਯੋਗ ਨਾਲ ਪਰਾਲੀ ਨਾ ਸਾੜਨ ਸਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ ਜਿਸ ਵਿਚ ਖੇਤੀ ਵਿਸਥਾਰ ਅਫਸਰ ਤਲਵਿੰਦਰ ਸਿੰਘ ਹੁੰਦਲ ਵੱਲੋ ਪਰਾਲੀ ਸਾੜਨ ਨਾਲ ਉਪਜਾਊ ਜ਼ਮੀਨ ਅਤੇ ਮਨੁੱਖੀ ਸਿਹਤ ਤੇ ਪੈ ਰਹੇ ਮਾੜੇ ਪ੍ਰਭਾਵ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਕਣਕ ਦੀ ਬਿਜਾਈ ਬਿਨਾਂ ਅੱਗ ਲਗਾਏ ਕਰਨ ਲਈ ਉਤਸ਼ਾਹਿਤ ਕੀਤਾ। ਇੰਸਪੈਕਟਰ ਸੁਖਜਿੰਦਰ ਸਿੰਘ ਕੰਗ ਵੱਲੋਂ ਮਿੱਟੀ ਪਰਖ ਖੇਤੀ ਸੰਦਾਂ ਤੇ ਸਬਸਿਡੀ ਅਤੇ ਵਿਭਾਗ ਦੀਆ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ। ਕੈਂਪ ਦਾ ਪੂਰਾ ਪ੍ਰਬੰਧ ਮਾਸਟਰ ਹਰਿੰਦਰ ਸਿੰਘ ਵੱਲੋਂ ਕੀਤਾ ਗਿਆ ਅਤੇ ਗ੍ਰਾਮ ਪੰਚਾਇਤ ਵੱਲੋਂ ਆਏ ਹੋਏ ਖੇਤੀ ਅਧਿਕਾਰੀਆ ਅਤੇ ਕਿਸਾਨਾਂ ਦਾ ਧੰਨਵਾਦ ਕੀਤਾ ਗਿਆ। ਕੈਂਪ ਵਿੱਚ ਸੁਖਰਾਜ ਸਿੰਘ ਭੁੱਲਰ, ਰਾਹੁਲ ਸਿੰਘ, ਸਾਬਕਾ ਸਰਪੰਚ ਸਵਿੰਦਰ ਸਿੰਘ, ਕਿਸਾਨ ਦਵਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਹੜ੍ਹਾਂ ਦੌਰਾਨ ਸੀ ਵਾਈ ਡੀ ਏ ਸੈਂਕੜੇ ਪਰਿਵਾਰਾਂ ਦੀ ਪਿੰਡ-ਪਿੰਡ ਬਣੀ ਸਹਾਰਾ

ਗੁਰਦਾਸਪੁਰ-(ਦਿਨੇਸ਼ ਕੁਮਾਰ)- ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਦੇ ਜਵਾਬ ਵਿੱਚ ਸੈਂਟਰ ਫਾਰ ਯੂਥ ਡਿਵੈਲਪਮੈਂਟ ਐਂਡ ਐਕਟੀਵਿਟੀਜ਼ ਨੇ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ ਸਭ ਤੋਂ ਪ੍ਰਭਾਵਿਤ ਜ਼ਿਲ੍ਹਿਆਂ ਤੱਕ ਪਹੁੰਚ ਕੀਤੀ।ਇਹ ਇਲਾਕੇ ਸਭ ਤੋਂ ਵੱਧ ਪ੍ਰਭਾਵਿਤ ਸਨ, ਜਿੱਥੇ ਪੂਰੀਆਂ ਕਮਿਊਨਿਟੀਆਂ ਨੂੰ ਖਾਣ-ਪੀਣ, ਸਾਫ਼ ਪਾਣੀ ਅਤੇ ਜ਼ਰੂਰੀ ਸਾਨ ਦੀ ਤੁਰੰਤ ਲੋੜ ਸੀ ਅਤੇ ਟੀਮ ਵੱਲੋਂ 17 ਹੜ੍ਹ-ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ, ਜਿਸ ਵਿੱਚ ਡੇਰਾ ਬਾਬਾ ਨਾਨਕ, ਧਰਮਕੋਟ ਪੱਤਣ ਗੁਰਚੱਕ, ਕਲਾਨੌਰ ਅਤੇ ਚੰਦੂਵਡਲਾ ਸ਼ਾਮਲ ਸਨ।ਟੀਮ ਦੇ ਮੈਂਬਰ ਚੰਦਨ ਕੁਮਾਰ, ਸੋਮੇਸ਼ ਅਤੇ ਰਮੇਸ਼ਵਰ ਕੁਰੇ ਨੇ ਉਡਾਨ ਐਨਜੀਓ (ਗੁਰਦਾਸਪੁਰ) ਦੇ ਸਹਿਯੋਗ ਨਾਲ ਸੇਵਾਦਾਰਾਂ ਨੂੰ ਮੋਬਿਲਾਈਜ਼ ਕੀਤਾ ਤਾਂ ਜੋ ਪ੍ਰਭਾਵਿਤ ਪਰਿਵਾਰਾਂ ਨੂੰ ਸਮੇਂ ਤੇ ਤੇ ਸੰਯੁਕਤ ਤਰੀਕੇ ਨਾਲ ਰਾਹਤ ਪਹੁੰਚ ਸਕੇ।ਪਹਿਲੇ ਪੜਾਅ ਵਿੱਚ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ ਪਿੰਡਾਂ ਸ਼ਹਿਜ਼ਾਦਾ, ਘੋਣੇਵਾਲਾ, ਮੱਛੀਵਾਲਾ, ਜੱਟਾਂ ਅਤੇ ਸਿੰਘੋਕ ਵੱਚ ਰਾਹਤ ਕਿੱਟਾਂ ਵੰਡੀਆਂ ਗਈਆਂ। ਕਈ ਪਰਿਵਾਰਾਂ ਲਈ ਇਹ ਪਹਿਲੀ ਵਾਰ ਸੀ ਕਿ ਉਨ੍ਹਾਂ ਨੂੰ ਏਅਰ ਫੋਰਸ






ਵੱਲੋਂ ਪਹਿਲਾਂ ਮਿਲੀ ਸਹਾਇਤਾ ਤੋਂ ਇਲਾਵਾ ਇੰਨੀ ਮਦਦ ਮਿਲੀ ਸੀ।ਹਰ ਕਿੱਟ ਵਿੱਚ ਭੁੰਨੇ ਚਨੇ, ਬਿਸਕੁੱਟ, ਰਸਕ, ਸੁੱਕਾ ਦੁੱਧ, ਬ੍ਰੈੱਡ ਅਤੇ ਪੀਣ ਵਾਲਾ ਪਾਣੀ ਵਰਗੀਆਂ ਖੁਰਾਕੀ ਵਸਤਾਂ, ਨਾਲ ਹੀ ਸਾਬਣ, ਟੂਥਪੇਸਟ-ਬਰਸ਼ ਸੈੱਟ ਅਤੇ ਮੱਛਰ ਕੁਆਇਲ ਵਰਗੀਆਂ ਸਫ਼ਾਈ ਸੰਬੰਧੀ ਚੀਜ਼ਾਂ ਸ਼ਾਮਲ ਸਨ।ਟੀਮ ਨੇ ਹੋਰ ਸੰਸਥਾਵਾਂ ਨਾਲ ਮਿਲ ਕੇ 19 ਪਿੰਡਾਂ ਵਿੱਚ ਪਸ਼ੂਆਂ ਲਈ ਚਾਰਾ ਵੰਡਿਆ।ਚੰਦਨ ਕੁਮਾਰ ਨੇ ਅੰਮ੍ਰਿਤਸਰ ਦੀ ਡੀਸੀ ਸਾਕਸ਼ੀ ਸਾਹਨੀ ਨਾਲ ਮਿਲ ਕੇ ਪ੍ਰਦੂਸ਼ਿਤ ਪਾਣੀ ਦੇ ਸਰੋਤਾਂ ਦੀ ਸਫ਼ਾਈ ਲਈ ਪ੍ਰਬੰਧ ਕੀਤਾ।ਟੀਮ ਨੇ ਪ੍ਰਭਾਵਿਤ ਲੋਕਾਂ ਨੂੰ ਮੈਡੀਕਲ ਸਹਾਇਤਾ ਪਹੁੰਚਾਉਣ ਵਿੱਚ ਵੀ ਮਦਦ ਕੀਤੀ ਅਤੇ ਸਿਹਤ ਸੇਵਾਵਾਂ ਦੇਣ ਵਾਲੀਆਂ ਸੰਸਥਾਵਾਂ ਨਾਲ ਜੋੜਿਆ।

# ਭਾਟੀਆ ਹਸਪਤਾਲ ਕਾਦੀਆਂ ਨੇ ਲੋੜਵੰਦ ਹੜ੍ਹ ਪੀੜਤਾਂ ਲਈ ਖ਼ੂਨਦਾਨ ਕੈਂਪ ਲਗਾਇਆ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਭਾਟੀਆ ਹਸਪਤਾਲ ਕਾਦੀਆਂ ਵੱਲੋਂ



ਲੋੜਵੰਦ ਹੜ੍ਹ ਪੀੜਤਾਂ ਲਈ ਖ਼ੂਨਦਾਨ ਕੈਂਪ ਲਗਾਇਆ ਗਿਆ।ਡਾ. ਬਲਚਰਨਜੀਤ ਸਿੰਘ ਭਾਟੀਆ ਨੇ ਦੱਸਿਆ ਕਿ ਖ਼ੂਨਦਾਨ ਅਜਿਹਾ ਨੇਕ ਕੰਮ ਹੈ ਜਿਸ ਨੂੰ ਕਰਨ ਲਈ ਕੋਈ ਮੁੱਲ ਨਹੀਂ ਲੱਗਦਾ।ਇੱਕ ਮਰੀਜ਼ ਦੀ ਜਾਨ ਬਚਦੀ ਹੈ।

ਖ਼ੂਨਦਾਨ ਕਰਨਾ ਇੱਕ ਬਹੁਤ ਹੀ ਵਧੀਆ ਕੰਮ ਹੈ।ਜੋ ਵੀ ਖ਼ੂਨਦਾਨ ਕਰਦਾ ਹੈ ਉਸ ਦਾ ਖ਼ੂਨ ਸਹੀ ਹੱਥਾਂ ਵਿੱਚ ਅਤੇ ਲੋੜੀਂਦੇ ਲੋਕਾਂ ਤੱਕ ਪਹੁੰਚਦਾ ਹੈ।ਅਸੀਂ ਕਾਦੀਆਂ, ਬਟਾਲਾ, ਫ਼ਤਿਹਗੜ੍ਹ ਚੂੜੀਆਂ, ਸ਼੍ਰੀ ਹਰਗੋਬਿੰਦਪੁਰ ਸਮੇਤ ਵੱਖ-ਵੱਖ ਥਾਵਾਂ ਤੇ ਸੁਰੱਖਿਅਤ ਅਤੇ ਕਵਾਲਿਟੀ ਤੇ ਆਧਾਰਿਤ ਖ਼ੂਨ ਮੁਹੱਈਆ ਕਰਵਾਉਂਦੇ ਹਾਂ।ਉਨ੍ਹਾਂ ਇਹ ਵੀ ਕਿਹਾ ਕਿ ਖ਼ੂਨ ਦੇਣ ਨਾਲ ਕੋਈ ਨੁਕਸਾਨ ਨਹੀਂ ਹੁੰਦਾ।ਹਰ ਤਿੰਨ ਮਹੀਨੇ ਬਾਅਦ ਖ਼ੂਨ ਦਿੱਤਾ ਜਾ ਸਕਦਾ ਹੈ।ਇਸ ਮੌਕੇ ਵੱਡੀ ਗਿਣਤੀ ਵਿੱਚ ਲੋਕ ਖ਼ੂਨ ਦਾਨ ਕਰਨ ਲਈ ਪਹੁੰਚੇ ਸਨ।ਇਸ ਮੌਕੇ ਡਾਕਟਰ ਬਲਚਰਨਜੀਤ ਸਿੰਘ ਭਾਟੀਆ, ਮਿਸਿਜ਼ ਡਾਕਟਰ ਭਾਟੀਆ, ਮੋਹਨ ਸਿੰਘ ਓਬਰਾਏ, ਨਰਿੰਦਰ ਜੀਤ ਸਿੰਘ ਐੱਮਐੱਲਟੀ, ਮਲਕੀਅਤ ਸਿੰਘ ਐੱਮਐੱਲਟੀ, ਮਨਪ੍ਰੀਤ ਕੌਰ ਸਟਾਫ਼ ਨਰਸ, ਪਵਨ ਕੁਮਾਰ ਕੌਂਸਲਰ, ਕਰਨਬੀਰ ਸਿੰਘ ਅਤੇ ਗੁਰਪ੍ਰੀਤ ਸਿੰਘ ਸਮੇਤ ਵੱਡੀ ਤਾਦਾਦ ਵਿੱਚ ਲੋਕ ਮੌਜੂਦ ਸਨ।

# ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਬਣਿਆ ਨਵੇਂ ਇਤਿਹਾਸ ਦਾ ਹਿੱਸਾ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਵਿਖੇ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਸਿਰਜੇ ਜਾ ਰਹੇ ਮਾਂ ਬੋਲੀ ਪੰਜਾਬੀ ਦਿਵਸ ਦਾ ਹਿੱਸਾ ਬਣਦੇ ਹੋਏ ਬੱਚਿਆਂ ਦੇ ਪੰਜਾਬੀ ਭਾਸ਼ਾ ਨਾਲ ਸਬੰਧਿਤ ਮੁਕਾਬਲੇ ਕਰਵਾਏ ਗਏ। ਇਸ ਸਬੰਧੀ ਸਕੂਲ ਪ੍ਰਿੰ. ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਮਾਂ ਬੋਲੀ ਪੰਜਾਬੀ ਨੂੰ ਆਪਣਾ ਹੱਕ ਦੇਣ ਲਈ ਆਪਣਾ ਪੰਜਾਬ ਫਾਊਂਡੇਸ਼ਨ ਸੰਸਥਾਪਕ ਅਤੇ ਪ੍ਰਧਾਨ ਡਾ: ਜਗਜੀਤ ਸਿੰਘ ਧੂਰੀ ਵੱਲੋਂ ਧੰਨ ਧੰਨ ਬਾਬਾ ਸੇਖ ਫਰੀਦ ਜੀ ਜੋ ਕਿ ਪੁਰਾਤਨ ਕਵਿਤਾ ਦੇ ਮੋਢੀ ਵਜੋਂ ਵੀ ਜਾਣੇ ਜਾਂਦੇ ਹਨ ਦੇ ਆਗਮਨ ਦਿਵਸ ਨੂੰ ਸਮਰਪਿਤ ਹਰ ਸਾਲ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਵੱਜੋਂ ਮਨਾਉਣ ਦਾ ਸੁਝਾਅ ਦਿੱਤਾ ਗਿਆ ਸੀ ਜਿਸ 'ਤੇ ਫੁੱਲ ਚੜ੍ਹਾਉਂਦੇ ਹੋਏ ਸਾਰੇ ਪ੍ਰਾਈਵੇਟ ਸਕੂਲਾਂ ਵੱਲੋਂ ਇਸ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਦੇ ਤਹਿਤ ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਦੇ ਸਮੂਹ ਵਿਦਿਆਰਥੀਆਂ, ਬੱਚਿਆਂ ਦੇ ਮਾਤਾ ਪਿਤਾ ਅਤੇ ਸਮੂਹ ਸਟਾਫ ਵੱਲੋਂ ਇਸ ਕਾਰਜ ਵਿਚ ਹਿੱਸਾ ਲੈਂਦੇ ਹੋਏ ਪੰਜਾਬੀ ਪਹਿਰਾਵੇ ਵਿਚ ਸਕੂਲ ਪਹੁੰਚ ਕੇ ਸਾਰਿਆ ਨੇ ਗੁਰਮੁਖੀ ਲਿਪੀ (ੳ, ਅ, ੲ,...) ਦਾ ਸੁਲੇਖ ਅਤੇ ਪੰਜਾਬੀ ਬੋਲੀ ਨਾਲ ਸਬੰਧਿਤ ਵੱਖੋ-ਵੱਖ ਚਾਰਟ ਤਿਆਰ ਕੀਤੇ ਗਏ ਅਤੇ ਆਪੋ ਆਪਣੇ ਸੋਸ਼ਲ ਮੀਡੀਆ ਤੇ ਵੀ ਸਾਂਝੇ ਕੀਤੇ ਗਏ। ਇਸ ਤੋਂ ਇਲਾਵਾ ਬੱਚਿਆਂ ਦੇ ਕਵਿਤਾ, ਭਾਸ਼ਣ ਤੇ ਵਾਦ ਵਿਵਾਦ ਦੇ ਵੀ



ਮੁਕਾਬਲੇ ਕਰਵਾਏ ਗਏ। ਇਸ ਸ਼ੁੱਭ ਅਵਸਰ ਤੇ ਸਕੂਲ ਡਾਇਰੈਕਟਰ ਸ: ਮਹਿੰਦਰਪਾਲ ਸਿੰਘ ਕਲੇਰ, ਪ੍ਰਧਾਨ ਮੈਡਮ ਰਣਜੀਤ ਕੌਰ ਅਤੇ ਮੈਡਮ ਸੁਖਮੀਤ ਕੌਰ ਨੇ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਸਕੂਲ ਦੇ ਵਿਦਿਆਰਥੀਆਂ ਨੂੰ ਆਪਣੇ ਵਿਰਸੇ ਨਾਲ ਸਬੰਧਿਤ ਪਹਿਰਾਵੇ ਅਤੇ ਮਾਂ ਬੋਲੀ ਪੰਜਾਬੀ ਬਾਰੇ ਦੱਸਦੇ ਹੋਏ ਭਵਿੱਖ ਵਿੱਚ ਵੀ ਪੰਜਾਬੀ ਅਤੇ ਪੰਜਾਬੀ ਪਹਿਰਾਵੇ ਨੂੰ ਅਪਨਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮੈਡਮ ਕੁਲਦੀਪ ਕੌਰ, ਰੇਨੂੰ ਬਾਲਾ, ਰੇਖਾ ਰਾਣੀ, ਸਵੀਟੀ, ਸ਼ਿਲਪੀ, ਰਮਨਦੀਪ ਕੌਰ, ਮਨਪ੍ਰੀਤ ਕੌਰ, ਕਿਰਨ, ਰੁਪਿੰਦਰ ਕੌਰ, ਅਜਮੇਰ ਸਿੰਘ, ਲਵਲੀਨ, ਪਰਮਿੰਦਰ ਕੌਰ, ਸੁਖਵੰਤ ਕੌਰ ਅਤੇ ਮੈਡਮ ਕੁਲਜਿੰਦਰ ਕੌਰ ਹਾਜ਼ਰ ਸਨ।

# ਰਮਨ ਬਹਿਲ ਨੇ ਜੀਵਨਵਾਲ, ਝਾਵਰ, ਰੱਤੋਵਾਲ, ਤਲਵੰਡੀ ਵਿਰਕ ਦੀ ਸੰਪਰਕ ਸੜਕ ਦਾ ਨੀਂਹ ਪੱਥਰ ਰੱਖਿਆ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਹਲਕਾ ਇੰਚਾਰਜ ਰਮਨ ਬਹਿਲ ਵੱਲੋਂ ਪਿੰਡ ਜੀਵਨਵਾਲ, ਝਾਵਰ, ਰੱਤੋਵਾਲ, ਤਲਵੰਡੀ ਵਿਰਕ ਸੰਪਰਕ ਸੜਕ ਦਾ ਨੀਂਹ ਪੱਥਰ ਰੱਖਿਆ ਗਿਆ।ਸ਼੍ਰੀ ਬਹਿਲ ਨੇ ਕਿਹਾ ਕਿ 7.96 ਲੰਮੀ ਇਸ ਸੜਕ ਉਪਰ 1.57 ਕਰੋੜ ਰੁਪਏ ਦੀ ਲਾਗਤ ਆਵੇਗੀ।ਉਨ੍ਹਾਂ ਕਿਹਾ ਕਿ



ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੀਆਂ 60 ਕਿੱਲੋਮੀਟਰ ਸੰਪਰਕ ਸੜਕਾਂ ਨੂੰ ਬਣਾਉਣ ਲਈ 12 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਹੁਣ ਠੇਕੇਦਾਰਾਂ ਦੀ ਇਹ ਜ਼ਿੰਮੇਵਾਰੀ ਤਹਿ ਕੀਤੀ ਗਈ ਹੈ ਕਿ ਉਹ 5 ਸਾਲ ਤੱਕ ਇਨ੍ਹਾਂ ਸੜਕਾਂ ਦੀ ਦੇਖ-ਰੇਖ ਵੀ ਕਰਨਗੇ।ਉਨ੍ਹਾਂ ਕਿਹਾ ਕਿ ਸਿਹਤ ਦੇ ਖੇਤਰ ਵਿੱਚ ਗੁਰਦਾਸਪੁਰ ਨੂੰ ਵੱਡੇ ਤੋਹਫ਼ੇ ਮਿਲੇ ਹਨ ਅਤੇ ਸਿਹਤ ਸੇਵਾਵਾਂ ਵਿੱਚ ਕ੍ਰਾਂਤੀਕਾਰੀ ਸੁਧਾਰ ਕੀਤੇ ਗਏ ਹਨ।ਸਿੱਖਿਆ ਦੇ ਖੇਤਰ ਵਿੱਚ ਆਈ ਕ੍ਰਾਂਤੀ ਨੇ ਵੀ ਸਰਕਾਰੀ ਸਕੂਲਾਂ ਦੀ ਨੁਹਾਰ ਬਦਲ ਦਿੱਤੀ ਹੈ। 300 ਯੂਨਿਟ ਮੁਫ਼ਤ ਬਿਜਲੀ ਦੀ ਸਹੂਲਤ ਹੋਵੇ ਜਾਂ ਨੌਜਵਾਨਾਂ ਨੂੰ ਮੈਰਿਟ ਉਪਰ ਮਿਲ ਰਹੀਆਂ ਨੌਕਰੀਆਂ ਦੀ ਗੱਲ ਹੋਵੇ, ਪੰਜਾਬ ਸਰਕਾਰ ਨੇ ਹਰ ਖੇਤਰ ਵਿੱਚ ਆਮ ਆਦਮੀ ਨੂੰ ਵੱਡੀ ਰਾਹਤ ਦਿੱਤੀ ਹੈ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਸੂਬੇ ਦਾ ਸਰਬਪੱਖੀ ਵਿਕਾਸ ਕਰਕੇ ਇੱਕ ਵਾਰ ਫਿਰ ਰੰਗਲਾ ਪੰਜਾਬ ਦੀ ਸਿਰਜਣਾ ਕੀਤੀ ਜਾਵੇਗੀ।ਇਸ ਮੌਕੇ ਲੋਕ ਨਿਰਮਾਣ ਵਿਭਾਗ ਦੇ ਐੱਸਡੀਓ ਲਵਜੀਤ ਸਿੰਘ, ਸਰਪੰਚ ਨਵੀਨ ਕੁਮਾਰ (ਲਾਡੀ) ਜੀਵਨਵਾਲ, ਬਲਾਕ ਪ੍ਰਧਾਨ ਰਣਜੀਤ ਸਿੰਘ ਰਾਣਾ, ਸਰਪੰਚ ਗੁਰਜੀਵ ਸਿੰਘ ਟਿੰਕੂ ਬੱਬਰੀ, ਸਰਪੰਚ ਗੁਰਦੇਵ ਸਿੰਘ ਸਿਧਵਾਂ ਜਮੀਤਾਂ, ਐਜੂਕੇਸ਼ਨ ਸੈੱਲ ਦੇ ਹਲਕਾ ਕੋਆਰਡੀਨੇਟਰ ਅਸ਼ਵਨੀ ਸ਼ਰਮਾ, ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਟਰੱਸਟੀ ਅਤੇ ਬਲਾਕ ਪ੍ਰਧਾਨ ਹਿਤੇਸ਼ ਮਹਾਜਨ, ਨੀਰਜ ਸਲਹੋਤਰਾ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਹੋਰ ਆਗੂ ਅਤੇ ਇਲਾਕੇ ਦੇ ਮੁਹਤਬਰ ਹਾਜ਼ਰ ਸਨ।

# ਪ੍ਰਧਾਨ ਜਸਪਾਲ ਸਿੰਘ ਢਿੱਲੋਂ ਨੇ ਰਾਮ ਲੀਲਾ ਦੀ ਪਹਿਲੀ ਨਾਈਟ ਦਾ ਕੀਤਾ ਉਦਘਟਨ



ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)- ਸਥਾਨਕ ਸ਼ਹਿਰ ਅਜਨਾਲਾ ਦੇ ਪ੍ਰਚੀਨ ਸ਼ਿਵ ਮੰਦਰ ਦੀ ਗਰਾਊਂਡ ਵਿੱਚ ਹਰ ਸਾਲ ਦੀ ਖੇਡੀ ਜਾਂਦੀ ਨਿਊ ਸ਼ਿਵ ਡਰਾਮਾਟਿਕ ਕਲੱਬ ਵੱਲੋਂ ਰਾਮ ਲੀਲਾ ਦੀ ਪਹਿਲੀ ਨਾਈਟ ਦਾ ਉਦਘਾਟਨ ਨੰਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ ਅਜਨਾਲਾ ਵੱਲੋਂ ਆਪਣੇ ਸਾਥੀਆਂ ਸਮੇਤ ਪਹੁੰਚ ਕੇ ਕੀਤਾ ਗਿਆ।

ਨਿਊ ਸ਼ਿਵ ਡਰਾਮਾਟਿਕ ਕਲੱਬ ਦੇ ਮੈਂਬਰਾਂ ਵਲੋਂ ਆਏ ਹੋਏ ਮੁੱਖ ਮਹਿਮਾਨ ਜਸਪਾਲ ਸਿੰਘ ਢਿੱਲੋਂ ਦਾ ਅਤੇ ਨਾਲ ਆਏ ਸਾਥੀਆਂ ਦਾ ਮਾਣ ਸਨਮਾਨ ਵੀ ਕੀਤਾ ਗਿਆ।ਉਨ੍ਹਾਂ ਵਲੋਂ ਨਿਊ ਸ਼ਿਵ ਡਰਾਮਾਟਿਕ ਕਲੱਬ ਨੂੰ ਸਹਿਯੋਗ ਵੀ ਦਿੱਤਾ ਗਿਆ।ਉਪਰੰਤ ਢਿੱਲੋਂ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਭਗਵਾਨ ਸ਼੍ਰੀ ਰਾਮ ਚੰਦਰ ਜੀ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ।

ਇਸ ਮੌਕੇ ਬੰਟੀ ਸ਼ਾਹ, ਹਰਪ੍ਰੀਤ ਸੋਹਲ, ਅਜੈ ਕੁਮਾਰ ਸ਼ਰਮਾ, ਦਿਲਬਾਗ ਸਿੰਘ ਘੁੱਲੀ, ਸਮਾਜ ਸੇਵੀ ਪੰਕਜ ਕੁਮਾਰ ਹਾਂਡਾ, ਸੰਦੀਪ ਕੁਮਾਰ, ਨਿਸ਼ਾਨ ਸਿੰਘ ਚੀਮਾ, ਸਾਹਿਲ ਗੁਪਤਾ ਆਦਿ ਹਾਜ਼ਰ ਸਨ।

# ਚੋਣਾਂ ਸੰਬੰਧੀ ਜਾਣਕਾਰੀ ਦੇਣ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਕੀਤਾ ਕਾਰਜਸ਼ੀਲ

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)- ਚੋਣਾਂ ਸਬੰਧੀ ਹਰ ਤਰ੍ਹਾਂ ਦੀ ਸਹੀ, ਸਟੀਕ ਅਤੇ ਸਮੇਂ ਸਿਰ ਜਾਣਕਾਰੀ, ਆਮ ਲੋਕਾਂ ਤੱਕ ਪਹੁੰਚਾਉਣ ਲਈ ਮੁੱਖ ਚੋਣ ਅਫ਼ਸਰ, ਪੰਜਾਬ, ਚੰਡੀਗੜ੍ਹ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਪੂਰੀ ਤਰ੍ਹਾਂ ਕਾਰਜਸ਼ੀਲ ਕੀਤਾ ਗਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼੍ਰੀਮਤੀ ਕੋਮਲ ਮਿੱਤਲ ਵੱਲੋਂ ਦੱਸਿਆ ਗਿਆ ਕਿ ਲੋਕ ਹੁਣ ਫੇਸਬੁੱਕ, ਇੰਸਟਾਗ੍ਰਾਮ, ਟਵੀਟਰ ਤੇ ਯੂ ਟਿਊਬ ਤੇ ਉਪਲੱਬਧ, ਮੁੱਖ ਚੋਣ ਅਫ਼ਸਰ, ਪੰਜਾਬ ਦੇ ਅਧਿਕਾਰਤ ਅਕਾਊਂਟ ਨਾਲ ਜੁੜ ਸਕਦੇ ਹਨ।

ਸਿਰਫ਼ ਕਿਊ.ਆਰ. ਕੋਡ ਸਕੈਨ ਕਰਕੇ ਇਹ ਅਕਾਊਂਟ ਫਾਲੋਅ ਕੀਤੇ ਜਾ ਸਕਦੇ ਹਨ ਅਤੇ ਚੋਣਾਂ ਸਬੰਧੀ ਮਹੱਤਵਪੂਰਨ ਜਾਣਕਾਰੀ, ਨਵੀਨਤਮ ਅਪਡੇਟ ਅਤੇ ਮੁੱਖ ਚੋਣ ਅਫ਼ਸਰ ਵਲੋਂ ਜਾਰੀ ਹਦਾਇਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨਾਲ ਸਿੱਧਾ ਰਾਬਤਾ ਬਣਾਉਣ ਅਤੇ ਉਨ੍ਹਾਂ ਤੱਕ ਹੋਰ ਲੋੜੀਂਦੀ ਜਾਣਕਾਰੀ ਪਹੁੰਚਾਉਣ ਲਈ, ਸੋਸ਼ਲ ਮੀਡੀਆ ਸਭ ਤੋਂ ਪ੍ਰਭਾਵਸ਼ਾਲੀ ਮਾਧਿਅਮ ਵਜੋਂ ਉਭਰਿਆ ਹੈ। ਇਸੇ ਲਈ ਵੱਧ ਤੋਂ ਵੱਧ ਵੋਟਰਾਂ ਤੱਕ ਪਹੁੰਚ ਬਣਾਉਣ ਲਈ ਮੁੱਖ ਚੋਣ ਦਫ਼ਤਰ ਵੱਲੋਂ ਸੋਸ਼ਲ ਮੀਡੀਆ ਹੈਂਡਲ ਨੂੰ ਕਾਰਜਸ਼ੀਲ ਅਤੇ ਸਰਗਰਮ ਰੱਖਿਆ ਗਿਆ ਹੈ।

# ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਜ਼ਿਲ੍ਹਾ ਪੱਧਰੀ ਤਾਇਕਵਾਂਡੋ ਮੁਕਾਬਲੇ ਕਰਵਾਏ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਜ਼ਿਲ੍ਹਾ ਪੱਧਰੀ ਲੜਕੇ ਅਤੇ ਲੜਕੀਆਂ ਦੇ ਅੰਡਰ -14, 17, 19 ਉਮਰ ਵਰਗ ਦੇ ਤਾਇਕਵਾਂਡੋ ਮੁਕਾਬਲੇ ਕਰਵਾਏ ਗਏ। ਜ਼ਿਕਰਯੋਗ ਹੈ ਕਿ ਖੇਡ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਪਹਿਲਾਂ ਦੀ ਤਰ੍ਹਾਂ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਦੀ ਚੋਣ ਜ਼ਿਲ੍ਹਾ ਸਕੂਲ ਖੇਡਾਂ ਲਈ ਕੀਤੀ ਗਈ।ਤਾਇਕਵਾਂਡੋ ਖੇਡ ਮੁਕਾਬਲਿਆਂ ਲਈ ਕਾਲਜ ਵੱਲੋਂ ਲੋੜੀਂਦਾ ਸਾਜੋ-ਸਾਮਾਨ ਅਤੇ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ।ਮੁਕਾਬਲਿਆਂ ਵਿੱਚ ਇਲਾਕੇ ਦੇ ਵੱਖ-ਵੱਖ ਜ਼ੋਨਾਂ ਦੇ ਲਗਭਗ 12 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਦੇ ਵਿਦਿਆਰਥੀ ਅੰਮ੍ਰਿਤਪਾਲ 10+1 ਨਾਨ ਮੈਡੀਕਲ ਨੇ 44 ਕਿਲੋਗ੍ਰਾਮ ਭਾਰ ਵਿੱਚੋਂ ਗੋਲਡ ਮੈਡਲ, ਗੁਰਸਿਮਰਨ ਸਿੰਘ 10+1 ਨਾਨ ਮੈਡੀਕਲ ਨੇ 66 ਕਿਲੋਗ੍ਰਾਮ ਵਿੱਚੋਂ ਗੋਲਡ ਮੈਡਲ, ਵਿਕਾਸ ਅਤੇ ਹਰਜੋਤ ਸਿੰਘ 10+1 ਨਾਨ ਮੈਡੀਕਲ ਨੇ 63 ਕਿਲੋਗ੍ਰਾਮ ਅਤੇ 46 ਕਿਲੋਗ੍ਰਾਮ ਭਾਰ ਵਿੱਚੋਂ ਸਿਲਵਰ ਮੈਡਲ ਅਤੇ ਸੰਜੀਵ ਕੁਮਾਰ 10+2 ਨਾਨ ਮੈਡੀਕਲ ਨੇ 59 ਕਿਲੋਗ੍ਰਾਮ ਭਾਰ ਵਰਗ ਵਿੱਚੋਂ ਸਿਲਵਰ ਮੈਡਲ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ।ਅੰਡਰ-19 ਲੜਕੀਆਂ ਦੇ ਮੁਕਾਬਲਿਆਂ ਵਿੱਚੋਂ 10+1 ਨਾਨ-ਮੈਡੀਕਲ ਦੀਆਂ ਵਿਦਿਆਰਥਣਾਂ ਰਾਜਵਿੰਦਰ ਕੌਰ, ਮਹਿਕਪ੍ਰੀਤ ਕੌਰ, ਹਰਮੀਤ ਕੌਰ, ਜੋਬਨਪ੍ਰੀਤ ਕੌਰ, ਪ੍ਰਭਜੋਤ ਕੌਰ ਅਤੇ ਸੁਨੇਹਾ ਨੇ ਗੋਲਡ



ਮੈਡਲ ਹਾਸਲ ਕਰਕੇ ਕਾਲਜ ਦਾ ਮਾਣ ਵਧਾਇਆ।ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਜੀ ਜੇਤੂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ।ਕਾਲਜ ਵਿਖੇ ਹਾਕੀ, ਵਾਲੀਬਾਲ, ਫੁੱਟਬਾਲ, ਕਬੱਡੀ, ਰੱਸਾਕਸ਼ੀ, ਕ੍ਰਿਕਟ, ਅਥਲੈਟਿਕਸ, ਗਤਕਾ, ਵੁਸ਼ੂ, ਤਾਇਕਵਾਂਡੋ, ਕਿੱਕ ਬਾਕਸਿੰਗ ਆਦਿ ਖੇਡਾਂ ਕਰਵਾਈਆਂ ਜਾਂਦੀਆਂ ਹਨ।ਇਥੇ ਵਰਨਣਯੋਗ ਹੈ ਕਿ ਕਾਲਜ ਦੇ ਅਣਗਿਣਤ ਖਿਡਾਰੀ ਵੱਖ-ਵੱਖ ਵਿਭਾਗਾਂ ਵਿੱਚ ਨੌਕਰੀਆਂ ਪ੍ਰਾਪਤ ਕਰ ਚੁੱਕੇ ਹਨ।ਕਾਲਜ ਖਿਡਾਰੀਆਂ ਨੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਵੱਖ-ਵੱਖ ਮੁਕਾਬਲਿਆਂ ਵਿੱਚੋਂ ਜਿੱਤ ਪ੍ਰਾਪਤ ਕਰਕੇ ਕਾਲਜ, ਜ਼ਿਲੇ ਅਤੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ।ਇਸ ਮੌਕੇ ਕਾਲਜ ਦੇ ਸਮੂਹ ਸਟਾਫ਼ ਮੈਂਬਰ ਸਾਹਿਬਾਨ ਹਾਜ਼ਰ ਸਨ।

# ਸੀਜੀਸੀ ਯੂਨੀਵਰਸਿਟੀ ਮੋਹਾਲੀ ਤੇ ਨਵ ਭਾਰਤ ਮਿਸ਼ਨ ਫਾਊਂਡੇਸ਼ਨ ਨੇ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡੀ

ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਸੀਜੀਸੀ ਯੂਨੀਵਰਸਿਟੀ ਮੋਹਾਲੀ ਅਤੇ ਨਵ ਭਾਰਤ ਮਿਸ਼ਨ ਫਾਊਂਡੇਸ਼ਨ ਨੇ ਹੜ੍ਹ ਪ੍ਰਭਾਵਿਤ ਲੋਕਾਂ ਪ੍ਰਤੀ ਡੂੰਘੀ ਹਮਦਰਦੀ ਪ੍ਰਗਟਾਈ ਹੈ।ਇਸ ਫਾਊਂਡੇਸ਼ਨ ਨੇ ਸੀਜੀਸੀ ਯੂਨੀਵਰਸਿਟੀ ਦੇ ਸਹਿਯੋਗ ਨਾਲ ਮਾਝੇ ਦੇ ਪਿੰਡਾਂ 'ਚ ਪੰਜਾਬੀਆਂ ਦੀ ਸੇਵਾ ਕੀਤੀ।ਯੂਨੀਵਰਸਿਟੀ ਦੇ ਸੰਸਥਾਪਕ ਚਾਂਸਲਰ ਰਛਪਾਲ ਸਿੰਘ ਧਾਲੀਵਾਲ ਦੀ ਅਗਵਾਈ ਵਿਚ ਰਾਸ਼ਨ ਕਿੱਟਾਂ, ਮੈਡੀਕਲ ਕਿੱਟਾਂ ਲੈ ਕੇ ਵਲੰਟੀਅਰ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਪਹੁੰਚੇ ।ਇਹ ਰਾਹਤ ਕਾਰਜ ਡੇਰਾ ਬਾਬਾ ਨਾਨਕ, ਤਲਵੰਡੀ ਹਿੰਦੂਆਂ, ਧਰਮਾਬਾਦ, ਖੰਨਾ ਚਮਿਆਰਾ, ਮਾਹਲ ਨੰਗਲ, ਗੋਲਾ ਢੋਲਾ, ਰੱਤੜ ਛੱਤੜ, ਮਨਸੂਰ ਅਤੇ ਪੱਤੀ ਅਬਦਾਲ ਤੋਂ ਸ਼ੁਰੂ ਕੀਤੇ ਗਏ। ਹੁਣ ਵੀ ਪ੍ਰਭਾਵਿਤ ਪਰਿਵਾਰਾਂ ਨੂੰ ਤੁਰੰਤ ਮਦਦ ਮੁਹੱਈਆ ਕਰਵਾਈ ਜਾ ਰਹੀ ਹੈ ਤਾਂ ਜੋ ਉਹ ਇਸ ਭਿਆਨਕ ਤਬਾਹੀ ਤੋਂ ਉੱਭਰ ਸਕਣ।ਇਸ ਰਾਹਤ ਸਮੱਗਰੀ ਨੂੰ ਲੋਕਾਂ ਵਿਚ ਵੰਡਦੇ ਹੋਏ ਚਾਂਸਲਰ ਰਛਪਾਲ ਸਿੰਘ ਧਾਲੀਵਾਲ ਨੇ ਪੰਜਾਬ ਦੇ ਭਲੇ ਲਈ ਅਰਦਾਸ ਕੀਤੀ।



ਹਜ਼ਾਰਾਂ ਲੋਕ ਬੇਘਰ ਹੋ ਗਏ, ਰੁਜ਼ਗਾਰ ਖੁੱਸ ਗਿਆ ਅਤੇ ਸਿਹਤ ਸੰਬੰਧੀ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ।ਚਾਂਸਲਰ ਧਾਲੀਵਾਲ ਨੇ ਕਿਹਾ ਕਿ ਇਹ ਪਹਿਲ ਸਿਰਫ਼ ਇੱਕ ਰਾਹਤ ਕਾਰਜ ਨਹੀਂ, ਸਗੋਂ ਸੀਜੀਸੀ ਯੂਨੀਵਰਸਿਟੀ ਮੋਹਾਲੀ ਦੇ ਮਨੁੱਖਤਾ ਪ੍ਰਤੀ ਸੇਵਾ, ਹਮਦਰਦੀ ਅਤੇ ਸਮਾਜਿਕ ਜ਼ਿੰਮੇਵਾਰੀ ਦੇ ਮੁੱਲਾਂ ਦਾ ਪ੍ਰਤੀਕ ਹੈ।ਇਹ ਯੂਨੀਵਰਸਿਟੀ ਦੇ ਮਿਸ਼ਨ ਨੂੰ ਦਰਸਾਉਂਦਾ ਹੈ ਕਿ ਉਹ ਸਿਰਫ਼ ਅਕਾਦਮਿਕ ਉੱਤਮਤਾ ਤੱਕ ਹੀ ਸੀਮਤ ਨਹੀਂ, ਸਗੋਂ ਲੋੜ ਦੇ ਸਮੇਂ ਅਸੀਂ ਭਾਈਚਾਰੇ ਲਈ ਇੱਕ ਤਾਕਤ ਦੇ ਥੰਮ੍ਹ ਵਜੋਂ ਖੜ੍ਹੇ ਹਾਂ ।ਜਿਵੇਂ-ਜਿਵੇਂ ਪੰਜਾਬ ਮੁੜ ਸੁਰਜੀਤ ਹੋਣ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ, ਅਸੀਂ ਖੁੱਲ੍ਹੇ ਦਿਲ ਅਤੇ ਮਦਦਗਾਰ ਹੱਥਾਂ ਨਾਲ ਇੱਕਜੁੱਟ ਖੜ੍ਹੇ ਹਾਂ, ਜੀਵਨ ਨੂੰ ਮੁੜ ਬਣਾਉਣ, ਉਮੀਦ ਨੂੰ ਬਹਾਲ ਕਰਨ ਅਤੇ ਇਕੱਠੇ ਹੋ ਕੇ ਮਜ਼ਬੂਤ ਬਣਨ ਲਈ ਦ੍ਰਿੜ੍ਹ ਹਾਂ।ਐੱਮ. ਡੀ. ਅਰਸ਼ ਧਾਲੀਵਾਲ ਨੇ ਕਿਹਾ ਕਿ ਸੀਜੀਸੀ ਪਰਿਵਾਰ ਹਮੇਸ਼ਾ ਬਿਹਤਰੀਨ ਸਿੱਖਿਆ ਦੇ ਨਾਲ ਨਾਲ ਰਾਸ਼ਟਰ ਪ੍ਰਤੀ ਜ਼ਿੰਮੇਵਾਰ ਨਾਗਰਿਕ ਤਿਆਰ ਕਰਨ ਲਈ ਵਚਨਬੱਧ ਰਿਹਾ ਹੈ ।ਸ. ਰਛਪਾਲ ਸਿੰਘ ਧਾਲੀਵਾਲ ਦੀ ਅਗਵਾਈ ਵਿਚ ਕੀਤਾ ਗਿਆ ਇਹ ਉਪਰਾਲਾ ਮਨੁੱਖਤਾ ਦੀ ਸੇਵਾ ਦੇ ਨਾਲ ਨਾਲ ਵਿਦਿਆਰਥੀਆਂ ਨੂੰ ਸਮਾਜ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਲਈ ਜਾਗਰੂਕ ਕਰਦਾ ਰਹੇਗਾ। ਰਾਹਤ ਸਮੱਗਰੀ ਵੰਡਣ 'ਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਮਿਲ ਕੇ ਹਿੱਸਾ ਲਿਆ।


# ਪਰਾਲੀ ਨਾ ਸਾੜਨ ਬਾਬਤ ਲਗਾਇਆ ਕਿਸਾਨ ਜਾਗਰੂਕਤਾ ਕੈਂਪ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)- ਬਲਾਕ ਕਾਹਨੂੰਵਾਨ ਦੇ ਅਧੀਨ ਪੈਂਦੇ ਪਿੰਡ ਛੋੜੀਆਂ ਬਾਂਗਰ ਵਿੱਚ ਖੇਤੀਬਾੜੀ ਵਿਭਾਗ ਕਾਹਨੂੰਵਾਨ ਦੇ ਵੱਲੋਂ ਇੱਕ ਕੈਂਪ ਲਗਾਇਆ ਗਿਆ, ਜਿਸ ਵਿੱਚ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕਰਦਿਆਂ ਹੋਇਆਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਮਨੁੱਖੀ ਵਾਤਾਵਰਨ ਅਤੇ ਭੂਮੀ ਦੀ ਉਪਜਾਊ ਸ਼ਕਤੀ ਉਪਰ ਪੈਣ ਵਾਲੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ, ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਹੁਕਮਾਂ ਅਤੇ ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਡਾਕਟਰ ਅਮਰੀਕ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਬਲਾਕ ਖੇਤੀਬਾੜੀ ਮੁੱਖ ਅਫਸਰ ਡਾਕਟਰ ਪਰਮਿੰਦਰ ਕੁਮਾਰ ਦੀ ਅਗਵਾਈ ਹੇਠ ਖੇਤੀ ਵਿਸਥਾਰ ਅਫਸਰ ਇਕਬਾਲ ਸਿੰਘ ਚਾਹਲ ਵੱਲੋਂ ਲਗਾਏ ਕਿ ਇਸ ਕੈਂਪ ਦੇ ਦੌਰਾਨ ਕਿਸਾਨਾਂ ਨੂੰ ਇਹ ਜਾਣਕਾਰੀ ਦਿੱਤੀ ਗਈ ਕਿ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਦੇ ਨਾਲ ਨਾ ਸਿਰਫ ਮਨੁੱਖੀ ਵਾਤਾਵਰਨ ਪਲੀਤ ਹੁੰਦਾ ਹੈ ਬਲਕਿ ਧਰਤੀ ਮਾਂ ਦੀ ਉਪਰਲੀ ਤਹਿ ਦੇ ਵਿੱਚ ਮੌਜੂਦ ਕਿਸਾਨਾਂ ਦੇ ਮਿੱਤਰ ਕੀੜੇ ਵੀ ਇਸ ਅੱਗ ਦੀ ਲਪੇਟ ਕਾਰਨ ਸੜ ਜਾਂਦੇ ਹਨ ਜਿਸ ਨਾਲ ਧਰਤੀ ਦੀ ਉਪਜਾਊ ਸ਼ਕਤੀ ਨਸ਼ਟ ਹੋ ਜਾਂਦੀ ਹੈ ਜਿਸ ਕਰਕੇ ਕਿਸਾਨਾਂ ਨੂੰ ਵਧੇਰੇ ਉਪਜ ਲੈਣ ਦੇ ਲਈ ਲੋੜ ਤੋਂ ਵੱਧ ਰਸਾਇਣਕ ਤੱਤਾਂ ਦੀ ਵਰਤੋਂ ਕਰਨੀ



ਪੈਂਦੀ ਹੈ, ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਦੀ ਥਾਂ ਇਸ ਨੂੰ ਖੇਤਾਂ ਦੇ ਵਿੱਚ ਹੀ ਮਿਲਾ ਦਿੱਤਾ ਜਾਵੇ, ਅਜਿਹਾ ਕਰਨ ਦੇ ਨਾਲ ਫਸਲਾਂ ਦੀ ਰਹਿੰਦ ਖੂੰਹਦ ਜ਼ਮੀਨ ਵਿੱਚ ਹੀ ਗਲ ਸੜ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵਧਾਵੇਗੀ। ਇਸ ਮੌਕੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦੀ ਗੱਲਬਾਤ ਨੂੰ ਕਿਸਾਨਾਂ ਨੇ ਬੜੇ ਧਿਆਨ ਨਾਲ ਸੁਣਿਆ ਅਤੇ ਵਿਭਾਗ ਨੂੰ ਵਿਸ਼ਵਾਸ਼ ਦਵਾਇਆ ਕਿ ਉਹ ਕਦੀ ਵੀ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਨਹੀਂ ਲਗਾਉਣਗੇ।

# ਜੇਠੂਵਾਲ ਵਿਖੇ ਅੱਖਾਂ ਅਤੇ ਦੰਦਾਂ ਦੀ ਜਾਂਚ ਦਾ ਫ੍ਰੀ ਮੈਡੀਕਲ ਕੈਂਪ ਆਯੋਜਿਤ



**ਮਜੀਠਾ (ਸੋਇਮ ਆਨੰਦ)**-ਸਮਾਜ ਸੇਵਾ ਸੋਸਾਇਟੀ ਜੇਠੂਵਾਲ ਵੱਲੋਂ ਡਾ. ਓਮ ਪ੍ਰਕਾਸ਼ ਆਈ ਹਸਪਤਾਲ ਅੰਮ੍ਰਿਤਸਰ ਅਤੇ ਸਰਬ ਸੁੱਖ ਡੈਂਟਲ ਹਸਪਤਾਲ ਦੇ ਸਹਿਯੋਗ ਨਾਲ ਅੱਖਾਂ ਤੇ ਦੰਦਾਂ ਦੀਆਂ ਬਿਮਾਰੀਆਂ ਨਾਲ ਸੰਬੰਧਿਤ ਫ੍ਰੀ ਮੈਡੀਕਲ ਕੈਂਪ ਗੁਰਦੁਆਰਾ ਬਾਬਾ ਸ਼ਹੀਦ ਜੇਠੂਵਾਲ ਵਿਖੇ ਲਗਾਇਆ ਗਿਆ ।ਕੈਂਪ ਦੌਰਾਨ ਅੱਖਾਂ ਦੇ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ 275 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਤੇ ਮਰੀਜ਼ਾਂ ਨੂੰ ਫ੍ਰੀ ਦਵਾਈਆਂ ਦਿੱਤੀਆਂ ਗਈਆਂ ਤੇ ਲੋੜਵੰਦ ਮਰੀਜ਼ਾਂ ਦੇ ਆਪਰੇਸ਼ਨ ਹਸਪਤਾਲ ਵਿਖੇ ਕਰਨ ਦਾ ਸਮਾਂ ਮਰੀਜ਼ਾਂ ਨੂੰ ਦਿੱਤਾ ਗਿਆ।ਸਰਬ ਸੁੱਖ ਡੈਂਟਲ ਹਸਪਤਾਲ ਦੇ ਦੰਦਾਂ ਦੇ ਮਾਹਿਰ ਡਾ. ਓਂਕਾਰ ਅਤੇ ਡਾ. ਦਲਜੀਤ ਕੌਰ ਵੱਲੋਂ 90 ਦੇ ਕਰੀਬ ਮਰੀਜ਼ਾਂ ਦੇ ਦੰਦਾਂ ਦੀਆਂ ਬਿਮਾਰੀਆਂ ਦੀ ਜਾਂਚ ਕੀਤੀ ਗਈ ਤੇ ਉਨ੍ਹਾਂ ਨੂੰ ਫ੍ਰੀ ਦਵਾਈਆਂ ਦਿੱਤੀਆਂ ਗਈਆਂ ।ਇਸ ਮੌਕੇ ਸਮਾਜ ਸੇਵਾ ਸੋਸਾਇਟੀ ਦੇ ਮੁੱਖ ਸੇਵਾਦਾਰ ਮਨਜੀਤ ਸਿੰਘ ਜੇਠੂਵਾਲ ਨੇ ਕਿਹਾ ਕਿ ਲੋੜਵੰਦ ਮਰੀਜ਼ਾਂ ਨੂੰ ਅਜਿਹੇ ਫ੍ਰੀ ਮੈਡੀਕਲ ਕੈਂਪ ਵਿੱਚ ਆ ਕੇ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ। ਅੱਖਾਂ ਅਤੇ ਦੰਦਾਂ ਦੇ ਕੈਂਪ ਵਿੱਚ ਸੇਵਾ ਕਰਨ ਵਾਲੇ ਸਮਾਜ ਸੇਵਾ ਸੋਸਾਇਟੀ ਜੇਠੂਵਾਲ ਦੇ ਪ੍ਰਮੁੱਖ ਵੀਰਾਂ ਵਿੱਚ ਭਾਈ ਮਨਜੀਤ ਸਿੰਘ ਜੇਠੂਵਾਲ, ਚਰਨਜੀਤ ਸਿੰਘ ਕੁਹਾਰ, ਡਾ. ਤਲਵਿੰਦਰ ਸਿੰਘ, ਡਾ. ਸੁਖਰਾਜ ਸਿੰਘ, ਨੰਬਰਦਾਰ ਕੁਲਦੀਪ ਸਿੰਘ, ਨਿਰਮਲ ਸਿੰਘ ਲਾਲੀ ਅਤੇ ਦਲਬੀਰ ਸਿੰਘ ਬਿੱਟਾ ਆਦਿ ਹਾਜ਼ਰ ਸਨ ।

25 Sep Page 12.qxd 9/24/2025 11:21 PM Page 1



# ਬੀ ਬੀ ਐਮ ਬੀ ਡੀ ਏ ਵੀ ਸਕੂਲ ਨੂੰ ਨਿੱਜੀ ਹੱਥਾਂ ਵਿੱਚ ਦੇਣ ਦਾ ਵਿਰੋਧ

**ਤਲਵਾੜਾ/ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**- ਇੱਥੇ ਭਾਖੜਾ ਬਿਆਸ ਐਂਪਲਾਈਜ਼ ਯੂਨੀਅਨ (ਏਟਕ) ਨੇ ਮੁਲਾਜ਼ਮ ਚੋਣ ਜਿੱਤਣ ਦੇ 7ਵੇਂ ਦਿਨ ਹੀ ਬੀ ਬੀ ਐਮ ਬੀ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ।ਏਟਕ-ਏਫੀ ਨੇ ਪ੍ਰਬੰਧਕ ਬੋਰਡ ਦੀਆਂ ਮੁਲਾਜ਼ਮ ਵਿਰੋਧੀ ਤੇ ਨਿੱਜੀਕਰਨ ਪੱਖੀ



ਨੀਤੀਆਂ ਵਿਰੁੱਧ ਇਜਲਾਸ ਕਰਕੇ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਹੈ। ਏਟਕ ਨੇ ਚੀਫ਼ ਇੰਜਨੀਅਰ ਰਾਕੇਸ਼ ਗੁਪਤਾ ਨੂੰ ਨਿੱਜੀਕਰਨ ਅਤੇ ਬੀ ਬੀ ਐਮ ਬੀ ਡੀ ਏ ਵੀ ਸਕੂਲ ਨੂੰ ਨਿੱਜੀ ਹੱਥਾਂ 'ਚ ਸੌਂਪਣ ਦੇ ਵਿਰੋਧ ਵਿਚ ਮੰਗ ਪੱਤਰ ਸੌਂਪ ਕੇ ਧਰਨਾ ਸਮਾਪਤ ਕੀਤਾ। ਰੋਸ ਮੁਜ਼ਾਹਰੇ ਦੀ ਪ੍ਰਧਾਨਗੀ ਏਟਕ ਪ੍ਰਧਾਨ ਅਸ਼ੋਕ ਕੁਮਾਰ ਸ਼ਰਮਾ ਨੇ ਕੀਤੀ। ਮੁਜ਼ਾਹਰੇ ਵਿਚ ਬੀ ਬੀ ਐਮ ਬੀ ਡੀ ਏ ਵੀ ਪਬਲਿਕ ਸਕੂਲ ਦੇ ਵਿਦਿਆਰਥੀ, ਮਾਪੇ ਅਤੇ ਸੇਵਾਮੁਕਤ ਅਧਿਆਪਕ ਸ਼ਾਮਲ ਹੋਏ। ਜਿਸ ਵਿਚ ਏਟਕ ਦੇ ਕਾਨੂੰਨੀ ਸਲਾਹਕਾਰ ਮੋਹਨ ਲਾਲ ਵਰਮਾ, ਜਨਰਲ ਸਕੱਤਰ ਸੁਰੇਸ਼ ਕੁਮਾਰ ਅਤੇ ਹਰੀ ਸਿੰਘ ਜਮਾਲਪੁਰ ਤੋਂ ਇਲਾਵਾ ਸਥਾਨਕ ਵੱਖ ਵੱਖ ਸਮਾਜਿਕ ਤੇ ਸਿਆਸੀ ਪਾਰਟੀਆਂ ਦੇ ਨੁਮਾਇਦੇ ਸ਼ਾਮਲ ਹੋਏ। ਸਥਾਨਕ ਇਕਾਈ ਸਕੱਤਰ ਸ਼ਿਵ ਕੁਮਾਰ ਨੇ ਦੱਸਿਆ ਕਿ ਬੀ ਬੀ ਐਮ ਬੀ ਪ੍ਰਸ਼ਾਸਨ ਵੱਲੋਂ ਪੁਨਰਗਠਨ ਦੇ ਨਾਂ 'ਤੇ ਪੋਸਟਾਂ ਖਤਮ ਕਰਨ ਦੇ ਫੈਸਲੇ ਦਾ ਏਟਕ ਸਖ਼ਤ ਵਿਰੋਧ ਕਰਦੀ ਹੈ। ਪ੍ਰਬੰਧਕ ਬੋਰਡ ਪਿਛਲੇ ਕਰੀਬ 40 ਸਾਲ ਤੋਂ ਡੀਏਵੀ ਦੇ ਸਹਿਯੋਗ ਨਾਲ ਬੀ ਬੀ ਐਮ ਬੀ ਡੀਏਵੀ ਸਕੂਲ ਤਲਵਾੜਾ ਦਾ ਸੰਚਾਲਨ ਕਰ ਰਿਹਾ ਹੈ। ਹੁਣ ਪ੍ਰਬੰਧਕ ਬੋਰਡ ਨੇ ਇਹ ਸਕੂਲ ਆਰ ਐਸ ਐਸ ਦੇ ਵਿਦਿਅਕ ਵਿੰਗ ਵਿੱਦਿਆ ਭਾਰਤੀ ਨੂੰ ਦੇਣ ਤਿਆਰੀ ਕੀਤੀ ਹੈ। ਇਸ ਫੈਸਲੇ ਦਾ ਸਕੂਲ ਵਿਚ ਪੜ੍ਹਦੇ ਵਿਦਿਆਰਥੀ, ਮਾਪੇ, ਸਕੂਲ ਸਟਾਫ਼ ਸਮੇਤ ਬੀ ਬੀ ਐਮ ਬੀ ਮੁਲਾਜ਼ਮ ਅਤੇ ਸਥਾਨਕ ਲੋਕ ਡੱਟਵਾਂ ਵਿਰੋਧ ਕਰ ਰਹੇ ਹਨ। ਮੁਲਾਜ਼ਮ ਆਗੂ ਬੋਧਰਾਜ, ਨਗਰ ਕੌਂਸਲ ਤਲਵਾੜਾ ਦੇ ਪ੍ਰਧਾਨ ਆਸ਼ੂ ਅਰੋੜਾ, ਸ਼ਿਵਮ ਬਖ਼ਸ਼ੀ, ਨਰਿੰਦਰ ਪੁਰੀ, ਨੀਰੂ ਗੌਤਮ, ਮੈਡਮ ਰਜਨੀ ਖੇੜਾ ਤੇ ਮਧੂਮਿਤਾ ਕਸ਼ਅਪ ਆਦਿ ਨੇ ਵੀ ਸੰਬੋਧਨ ਕੀਤਾ। ਉਪਰੰਤ ਬਿਆਸ ਡੈਮ ਚੀਫ਼ ਇੰਜਨੀਅਰ ਰਾਕੇਸ਼ ਗੁਪਤਾ ਨੂੰ ਉਕਤ ਮੰਗਾਂ ਸਬੰਧੀ ਮੰਗ ਪੱਤਰ ਸੌਂਪਿਆ।




# ਹੜ੍ਹ ਪੀੜਤਾਂ ਲਈ ਭੇਜੇ 250 ਗੱਦੇ ਤੇ 25 ਬੈੱਡ

**ਗੁਰਾਇਆ (ਬਿੰਦਰ ਸੁੰਮਨ)**- ਰੋਟਰੀ ਕਲੱਬ ਆਫ ਗੁਰਾਇਆ ਚੈਰੀਟੇਬਲ ਸੁਸਾਇਟੀ ਵਲੋਂ ਹੜ੍ਹ ਪੀੜਤਾਂ ਲਈ 250 ਗੱਦੇ ਤੇ 25 ਬੈੱਡ ਡੇਰਾ ਬਾਬਾ ਨਾਨਕ ਸਾਹਿਬ ਵਿਖੇ ਭੇਜੇ ਗਏ। ਇਸ ਮੌਕੇ ਕਲੱਬ ਦੇ ਪ੍ਰਧਾਨ ਹਰਜੀਵਨ ਜੈਨ ਨੇ ਕਿਹਾ ਕਿ ਪਿਛਲੇ ਦਿਨੀ ਭਾਰੀ ਬਰਸਾਤ ਨਾਲ ਪੰਜਾਬ ਦੇ ਕਈ ਜਿਲਿਆਂ ਵਿੱਚ ਹੜ੍ਹ ਨਾਲ ਕਾਫੀ ਨੁਕਸਾਨ ਹੋ ਗਿਆ ਸੀ, ਉਸ ਸਮੇਂ ਵੀ ਰੋਟਰੀ ਕਲੱਬ ਵਲੋਂ ਵੱਡੇ ਉਪਰਾਲੇ ਕੀਤੇ ਗਏ, ਪ੍ਰਸ਼ਾਸਨ ਦੀ ਮੰਗ ਤੇ ਹੁਣ ਕਲੱਬ ਵੱਲੋਂ ਗੱਦੇ ਅਤੇ ਬੈੱਡ ਭੇਜੇ ਗਏ ਹਨ। ਆਉਣ ਵਾਲੇ ਸਮੇਂ ਦੌਰਾਨ ਵੀ ਹੋਰ ਲੋੜੀਦਾ ਸਮਾਨ ਭੇਜਿਆ ਜਾਵੇਗਾ। ਇਸ ਮੌਕੇ ਰੋਟਰੀ ਕਲੱਬ ਦੇ ਪ੍ਰਧਾਨ ਹਰਜੀਵਨ ਜੈਨ, ਸੋਡੀ ਰਾਮ ਗੋਹਾਵਰ, ਪ੍ਰਧਾਨ ਨਗਰ ਕੌਂਸਲ ਗੁਰਾਇਆ ਹਰਮੇਸ਼ ਲਾਲ, ਰਣਜੀਤ ਸਿੰਘ, ਪੀ ਐਸ ਢਿਲੋਂ, ਰਾਕੇਸ਼ ਦੁੱਗਲ, ਐਡਵੋਕੇਟ ਅਸ਼ਵਨੀ ਕੁਮਾਰ, ਜਸਵਿੰਦਰ ਚਿੰਤਾ, ਰਾਹੁਲ ਪਾਲ, ਹਨੀ ਸੰਧੂ ਤੋਂ ਇਲਾਵਾ ਕਲੱਬ ਅਹੁਦੇਦਾਰ ਤੇ ਮੈਂਬਰ ਹਾਜ਼ਰ ਸਨ।

# ਨਰਿੰਦਰ ਬੀਬਾ ਯਾਦਗਾਰੀ ਸੱਭਿਆਚਾਰਕ ਮੇਲੇ ਵਿੱਚ 8 ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਜਾਵੇਗਾ

**ਨਕੋਦਰ (ਮਨਜੀਤ ਮਾਨ)** ਪਿੰਡ ਸਾਦਿਕਪੁਰ ਵਿਖੇ ਕਰਵਾਏ ਜਾ ਰਹੇ 27 ਵੇਂ ਨਰਿੰਦਰ ਬੀਬਾ ਯਾਦਗਾਰੀ ਅੰਤਰਰਾਸ਼ਟਰੀ ਸੱਭਿਆਚਾਰਕ ਮੇਲੇ ਵਿੱਚ ਵੱਖ ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ 8 ਸ਼ਖ਼ਸੀਅਤਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਜਾਵੇਗਾ। ਉਕਤ ਜਾਣਕਾਰੀ ਮੇਲੇ ਦੇ ਮੁੱਖ ਸੰਚਾਲਕ ਤੇ ਸੱਭਿਆਚਾਰਕ ਮੰਚ ਦੇ ਬਾਦਸ਼ਾਹ ਗੁਰਨਾਮ ਸਿੰਘ ਨਿਧੜਕ ਨੇ ਸੰਗੀਤ ਪ੍ਰੇਮੀਆਂ ਦੀ ਮੀਟਿੰਗ ਤੋਂ ਬਾਅਦ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਬਠਿੰਡੇ ਦੀ ਪ੍ਰਸਿੱਧ ਲੋਕ ਗਾਇਕਾ ਜੈਸਮੀਨ ਚੋਟੀਆ ਨੂੰ ਨਰਿੰਦਰ ਬੀਬਾ ਐਵਾਰਡ, ਤੇ ਲੋਕ ਗਾਇਕ ਬਲਬੀਰ ਚੋਟੀਆ ਨੂੰ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਐਵਾਰਡ ਨਾਲ ਨਿਵਾਜਿਆ ਜਾਵੇਗਾ। ਇਸੇ ਤਰਾਂ ਐਡਵੋਕੇਟ ਗੁਰਪ੍ਰੀਤ ਸਿੰਘ ਕੰਗ ਸਾਦਿਕਪੁਰ, ਜਰਨਲਿਸਟ ਪ੍ਰੈਸ ਕਲੱਬ ਦੇ ਸੂਬਾ ਪ੍ਰਧਾਨ ਮਨਜੀਤ ਮਾਨ, ਪ੍ਰਚਾਰਕ ਗਿਆਨੀ ਹਰਨੇਕ ਸਿੰਘ ਬੁਲੰਦਾ, ਕਾਮਰੇਡ ਵਰਿੰਦਰਪਾਲ ਸਿੰਘ ਕਾਲਾ ਸ਼ਾਹਕੋਟ, ਮਾ. ਕੁਲਜੀਤ ਸਿੰਘ ਸ਼ਾਹਕੋਟ ਨੂੰ ਮਾਣ ਪੰਜਾਬ ਦੇ ਐਵਾਰਡ ਨਾਲ ਸਨਮਾਨਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਥਾਨਕ ਪੱਤਰਕਾਰਾਂ ਨੂੰ ਵੀ ਵਿਸ਼ੇਸ਼ ਮਾਣ ਸਤਿਕਾਰ ਦਿੱਤਾ ਜਾਵੇਗਾ।



# ਖਾਲਸਾ ਕਾਲਜ ਦਾ ਬੀ ਏ ਚੌਥਾ ਸਮੈਸਟਰ ਦਾ ਨਤੀਜਾ ਰਿਹਾ ਸ਼ਾਨਦਾਰ

**ਸੁਲਤਾਨਪੁਰ ਲੋਧੀ (ਰਨੀ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਐਲਾਨੇ ਬੀ ਏ ਸਮੈਸਟਰ ਚੌਥਾ ਦੇ ਨਤੀਜੇ 'ਚ ਸਥਾਨਕ ਗੁਰੂ ਨਾਨਕ ਖਾਲਸਾ ਕਾਲਜ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਜਸਬੀਰ ਕੌਰ ਨੇ ਦੱਸਿਆ ਕਿ ਵਿਦਿਆਰਥਣ ਅਮਨਦੀਪ ਕੌਰ ਸਪੁੱਤਰੀ ਲਛਮਣ ਸਿੰਘ ਨੇ 7.88 ਸੀ.ਜੀ.ਪੀ.ਏ ਹਾਸਲ ਕਰਕੇ ਕਾਲਜ ਵਿੱਚੋਂ ਪਹਿਲੇ, ਗੁਲਸ਼ਨ ਕੌਰ ਸਪੁੱਤਰੀ ਅਜਮੇਰ ਸਿੰਘ 7.80 ਸੀ.ਜੀ.ਪੀ.ਏ ਨਾਲ ਦੂਜੇ ਅਤੇ ਰੋਹਿਤ ਰਾਏ ਸਪੁੱਤਰ ਰਾਜੀਵ ਰਾਏ 7.52 ਸੀ. ਜੀ.ਪੀ.ਏ ਹਾਸਲ ਕਰਕੇ ਤੀਜੇ ਸਥਾਨ 'ਤੇ ਰਿਹਾ। ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ, ਕਾਲਜ ਦੇ ਸਕੱਤਰ ਸ੍ਰੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਇੰਜੀਨੀਅਰ ਹਰਨਿਆਮਤ ਕੌਰ ਅਤੇ ਇੰਜੀਨੀਅਰ ਨਿਰਭਤ ਕੌਰ ਨੇ ਹੋਣਹਾਰ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਸਟਾਫ ਮੈਂਬਰਾਂ ਨੂੰ ਵਧਾਈ ਦਿੱਤੀ।



# ਜੇਜੋਂ ਦੋਆਬਾ ਵਿਖੇ ਧਾਰਮਿਕ ਸਮਾਗਮ 28 ਨੂੰ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੰਗੋਵਾਲ)**- ਧੰਨ-ਧੰਨ ਜੋਤ ਮਾਰਗੀਏ ਸੰਤ ਓਮ ਪ੍ਰਕਾਸ਼ ਢਾਂਗੂ ਵਾਲੇ ਮਹਾਰਾਜ ਜੀ ਦੇ ਪਵਿੱਤਰ ਅਸਥਾਨ ਪਿੰਡ ਜੇਜੋਂ ਦੋਆਬਾ ਵਿਖੇ ਸਾਲਾਨਾ ਭੰਡਾਰਾ 28 ਸਤੰਬਰ ਦਿਨ ਐਤਵਾਰ ਨੂੰ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਸੰਤ ਰਤਨ ਪ੍ਰਕਾਸ਼ ਜੀ ਅਤੇ ਬੀਬੀ ਰਾਮਪ੍ਰੀਤ ਜੀ ਨੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ 28 ਸਤੰਬਰ ਦਿਨ ਐਤਵਾਰ ਨੂੰ ਢਾਂਗੂ ਵਾਲੇ ਮਹਾਰਾਜ ਜੀ ਦੇ ਅਸਥਾਨ ਪਿੰਡ ਜੇਜੋਂ ਦੋਆਬਾ ਵਿਖੇ ਪਹੁੰਚ ਕੇ ਸੰਤਾਂ ਮਹਾਂਪੁਰਸ਼ਾਂ ਦੁਆਰਾ ਕੀਤੇ ਜਾ ਰਹੇ ਕਥਾ ਕੀਰਤਨ ਨੂੰ ਸੁਣ ਕੇ ਸਰਬ ਸ਼ਕਤੀਮਾਨ ਪਰਮਾਤਮਾ ਨਾਲ ਜੁੜਨ। ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਚੱਲਣਗੇ।

# ਫੀਲਡ ਸਟਾਫ ਤੇ ਅਫਸਰਾਂ ਵਿਚਕਾਰ ਤਾਲਮੇਲ ਦਾ ਕੰਮ ਕਰਦੀ ਯੂਨੀਅਨ : ਕੌਂਡਲ



**ਕਾਲਾ ਸੰਘਿਆਂ (ਮਨਜੀਤ ਮਾਨ)**- ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਸੰਜੀਵ ਕੌਂਡਲ ਦੀ ਅਗਵਾਈ ਵਿੱਚ ਵਾਟਰ ਸਪਲਾਈ ਸੈਨੀਟੇਸ਼ਨ ਮੰਡਲ ਦਫਤਰ 1 ਜਲੰਧਰ ਵਿੱਚ ਨਵੇਂ ਆਏ ਕਾਰਜਕਾਰੀ ਇੰਜੀਨੀਅਰ ਸੁਖਦੀਪ ਸਿੰਘ ਧਾਲੀਵਾਲ ਨਾਲ ਪਹਿਲੀ ਸਵਾਗਤ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਯੂਨੀਅਨ ਵੱਲੋਂ ਕਾਰਜਕਾਰੀ ਇੰਜੀਨੀਅਰ ਦਾ ਜਲੰਧਰ ਆਉਣ ਤੇ ਯੂਨੀਅਨ ਵੱਲੋਂ ਸਵਾਗਤ ਕੀਤਾ ਗਿਆ ਅਤੇ ਯੂਨੀਅਨ ਦੀਆਂ ਕੁਝ ਖਾਸ ਮੰਗਾਂ ਤੇ ਵਿਚਾਰ ਚਰਚਾ ਵੀ ਕੀਤੀ ਗਈ। ਕਾਰਜਕਾਰੀ ਇੰਜੀਨੀਅਰ ਵਲੋਂ ਯੂਨੀਅਨ ਨੂੰ ਵਿਸ਼ਵਾਸ਼ ਦਿਵਾਇਆ ਗਿਆ ਕਿ ਯੂਨੀਅਨ ਦੀਆਂ ਸਾਰੀਆਂ ਮੰਗਾਂ ਨੂੰ ਮੰਡਲ ਦਫਤਰ ਵਲੋਂ ਪਹਿਲ ਦੇ ਅਧਾਰ ਤੇ ਪੂਰਾ ਕੀਤਾ ਜਾਵੇਗਾ। ਇਸ ਮੀਟਿੰਗ ਵਿਚ ਯੂਨੀਅਨ ਵਲੋਂ ਰਣਵੀਰ ਟੂਸੇ ਜੂਨੀਅਰ ਇੰਜੀਨੀਅਰ, ਰਾਜਨ ਕੁਮਾਰ, ਰਵੀ ਕੁਮਾਰ, ਭੋਪਾਲ ਸਿੰਘ , ਅਕਲ ਚੰਦ , ਪੂਰਨ ਸਿੰਘ , ਕੁਲਵੀਰ ਸਿੰਘ, ਸ਼ਿਵ ਪੂਜਣ ਪਰਸ਼ਾਦ ਸਿੰਘ , ਜਸਵੰਤ ਰਾਏ , ਰਾਮ ਵਿਲਾਸ , ਸਤਪਾਲ ਆਦਿ ਮੈਂਬਰ ਸ਼ਾਮਿਲ ਹੋਏ।

# ਜਵਾਹਰ ਨਵੋਂਦਿਆ ਵਿਦਿਆਲਿਆ 'ਚ ਗਿਆਰ੍ਹਵੀਂ ਸਾਇੰਸ ਤੇ ਆਰਟਸ ਗੁਰੱਪ ਲਈ ਦਾਖਲਾ ਸ਼ੁਰੂ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਆਧੁਨਿਕ ਤੇ ਮਿਆਰੀ ਸਿੱਖਿਆ ਦੇਣ ਲਈ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਰਕੌਲੀ ਵਿਚ ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ ਸਹਿ-ਸਿੱਖਿਆ ਵਾਲੇ ਰਿਹਾਇਸ਼ੀ ਪੀ.ਐਮ.ਸ੍ਰੀ. ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਰਕੌਲੀ ਵਿੱਚ ਵਿੱਦਿਅਕ ਸਾਲ 2026-2027 ਦੀ ਜਮਾਤ ਗਿਆਰਵੀਂ ਸਾਇੰਸ ਅਤੇ ਆਰਟਸ ਗਰੁੱਪ ਲਈ ਦਾਖਲਾ ਫਾਰਮ ਭਰੇ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆ ਪ੍ਰਿੰਸੀਪਲ ਦੀਪਤੀ ਭਟਨਾਗਰ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਮਾਪੇ ਮੋਹਾਲੀ ਜ਼ਿਲ੍ਹੇ ਦੇ ਪੱਕੇ ਵਸਨੀਕ ਹੋਣ, ਅਤੇ ਵਿਦਿਆਰਥੀ ਦਸਵੀਂ ਕਲਾਸ ਸਾਲ 2025-2026 ਵਿੱਚ ਪੜ੍ਹ ਰਿਹਾ ਹੋਵੇ ਅਤੇ ਉਸ ਦੀ ਜਨਮ 01.06.2009 ਤੋਂ 31.07.2011 (ਦੋਹਾਂ ਤਰੀਕਾਂ ਸਮੇਤ ਹੋਵੇ)। ਵਿਦਿਆਰਥੀ ਆਨਲਾਈਨ ਫਾਰਮ ਭਰ ਸਕਦੇ ਹਨ। ਆਨਲਾਇਨ ਫਾਰਮ ਗੂਗਲ ਲਿੰਕ https://cbseitms.nic.in/2025/nvsxi_AA ਰਜਿਸ਼ਟ੍ਰੇਸ਼ਨ ਕਰਵਾਉਣ ਦੀ ਆਖ਼ਰੀ ਮਿਤੀ 10 ਅਕਤੂਬਰ, 2025 ਹੈ।

# ਸਿਲਵਰ ਓਕ ਸਕੂਲ 'ਚ ਵਿਸ਼ਵ ਪੰਜਾਬੀ ਭਾਸ਼ਾ ਦਿਵਸ ਮਨਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜ਼ਪੁਰ ਵਿਖੇ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਦੇ ਮੌਕੇ ਤੇ ਪਹਿਲਾ ਵਿਸ਼ਵ ਪੰਜਾਬੀ ਭਾਸ਼ਾ ਦਿਵਸ ਮਨਾਇਆ ਗਿਆ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮਨੀਸ਼ਾ ਸੰਗਰ ਦੀ ਅਗਵਾਈ ਦੇ ਵਿੱਚ ਸਮੂਹ ਸਟਾਫ ਅਤੇ ਬੱਚਿਆਂ ਵੱਲੋਂ ਇਸ ਸ਼ੁਭ ਮੌਕੇ ਤੇ ਅਲੱਗ ਅਲੱਗ ਗਤੀਵਿਧੀਆਂ ਕਰਵਾਈਆਂ ਗਈਆਂ। ਇਸ ਮੌਕੇ ਚੇਅਰਮੈਨ ਤਰਲੋਚਨ ਸਿੰਘ ਨੇ ਅਧਿਆਪਕਾਂ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ ਦੱਸਿਆ ਕਿ ਅਜੋਕੇ ਸਮੇਂ ਵਿੱਚ ਅਸੀਂ ਆਪਣੀ ਮਾਂ ਬੋਲੀ ਤੋਂ ਨਿਖੜਦੇ ਜਾ ਰਹੇ ਹਾਂ ਜੋ ਕਿ ਬਹੁਤ ਮੰਦਭਾਗਾ ਹੈ, ਸੋ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਸੋਸੀਏਸ਼ਨ ਆਫ ਪੰਜਾਬ ਅਤੇ ਆਪਣਾ ਪੰਜਾਬ ਫਾਉਂਡੇਸ਼ਨ ਦੇ ਸਾਂਝੇ ਉਧਮਾਂ ਸਦਕਾ ਅਸੀਂ ਮਿਲ-ਜੁਲ ਕੇ ਅੱਜ ਦਾ ਸ਼ੁਭ ਦਿਹਾੜਾ ਹਰ ਸਾਲ ਵਿਸ਼ਵ ਪੰਜਾਬੀ ਭਾਸ਼ਾ ਦਿਵਸ ਦੇ ਤੌਰ ਤੇ ਮਨਾਇਆ ਜਾਵੇਗਾ। ਉਹਨਾਂ ਕਿਹਾ ਕਿ ਦੁਨੀਆਂ ਦੀਆਂ ਹੋਰ ਬੋਲੀਆਂ ਸਿੱਖਣ ਵਿੱਚ ਕੋਈ ਬੁਰਾਈ ਨਹੀਂ ਹੈ ਪਰ ਆਪਣੀ ਮਾਂ ਬੋਲੀ ਨੂੰ ਭੁੱਲ ਜਾਣਾ ਮੰਦਭਾਗਾ ਹੈ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਇਸ ਮੌਕੇ ਤੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਦੱਸਿਆ ਕਿ ਪੰਜਾਬੀ ਸਾਡੀ ਮਾਤ-ਭਾਸ਼ਾ ਹੈ ਅਤੇ ਇਸ ਤੋਂ ਅੱਡ ਹੋ ਕੇ ਜੀਣਾ ਇਸ ਤਰ੍ਹਾਂ ਹੈ ਕਿ ਜਿਵੇਂ ਅਸੀਂ ਆਪਣੇ ਜੜ੍ਹਾਂ ਨਾਲ ਟੁੱਟ ਕੇ ਜੀ ਰਹੇ ਹਾਂ। ਸੋ ਕਦੇ ਵੀ ਆਪਣੀ ਮਾਂ ਬੋਲੀ ਨੂੰ ਵਿਸਾਰ ਕੇ ਅੱਗੇ ਨਹੀਂ ਵਧਿਆ ਜਾ ਸਕਦਾ।ਗਿਆਰਵੀਂ ਅਤੇ ਬਾਰਵੀਂ ਕਲਾਸ ਦੇ ਬੱਚਿਆਂ ਨੇ ਬਹੁਤ ਹੀ ਵਧੀਆ ਢੰਗ ਨਾਲ ਨਾਟਕ ਮੰਚਨ ਕੀਤਾ ਅਤੇ ਚੌਥੀ ਅਤੇ ਅੱਠਵੀਂ ਕਲਾਸ ਦੇ ਬੱਚਿਆਂ ਨੇ ਕਵਿਤਾ ਉਚਾਰਨ ਗਤੀਵਿਧੀ ਵਿੱਚ ਬੜੇ ਹੀ ਜੋਸ਼ ਦੇ ਨਾਲ ਹਿੱਸਾ ਲਿਆ ਅਤੇ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਕਵਿਤਾਵਾਂ ਅਤੇ ਵਿਚਾਰ ਪ੍ਰਗਟ ਕੀਤੇ।ਇਸ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਜਗਬੰਧਨ ਸਿੰਘ, ਸੁਰੇਸ਼ ਸਿੰਘ, ਅਮਰਜੀਤ ਕੌਰ ਸੈਣੀ, ਗੁਰਪ੍ਰੀਤ ਕੌਰ, ਵਿਸ਼ਾਲੀ ਤੇ ਬਾਕੀ ਸਟਾਫ ਵੀ ਮੌਜੂਦ ਸੀ।



# ਵਾਲੀਬਾਲ 'ਚ ਚੀਮਾ ਕਲਾਂ ਚੀਮਾ ਖੁਰਦ ਸਕੂਲ ਦੇ ਵਿਦਿਆਰਥੀ ਛਾਏ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਬੀਤੇ ਦਿਨੀ ਪੰਜਾਬ ਸਰਕਾਰ ਵੱਲੋਂ 69ਵੀਆਂ ਜ਼ਿਲ੍ਹਾ ਪੱਧਰ ਸਕੂਲ ਖੇਡਾਂ 2025-26 ਜਲੰਧਰ ਵਿਖੇ ਕਰਵਾਈਆਂ ਗਈਆਂ ਜਿਸ ਵਿੱਚ ਜੋਨਲ ਨੰਬਰ 13 ਵੱਲੋਂ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਚੀਮਾ ਕਲਾਂ ਚੀਮਾ ਖੁਰਦ ਜਲੰਧਰ ਦੀਆਂ ਵਾਲੀਵਾਲ ਅੰਡਰ 14, ਅੰਡਰ 17, ਉਮਰ ਗੁੱਟ ਵਿੱਚ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ ਅਤੇ ਅੰਡਰ 19 ਉਮਰ ਗੁੱਟ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਖਿਡਾਰੀਆਂ ਦਾ ਆਤਮ ਵਿਸ਼ਵਾਸ ਵਧਾਉਣ ਲਈ ਸਕੂਲ ਦੇ ਪ੍ਰਿੰਸੀਪਲ ਰੀਨਾ ਸ਼ਰਮਾ, ਸਮਾਜ ਸੇਵਕ ਖੁਸ਼ਪਾਲ ਚੀਮਾ, ਕੁਲਦੀਪ ਸਿੰਘ, ਕੋਚ ਮੁਨੀਸ਼ ਤਿਵਾੜੀ ਕੋਚ, ਨਵੀਨ , ਸਾਬਕਾ ਪ੍ਰਿੰਸੀਪਲ ਗੁਰਿੰਦਰ ਸਿੰਘ ਅਤੇ ਸਮੂਹ ਸਟਾਫ ਨੇ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ ਕੀਤਾ।

# ਦੁਸਹਿਰਾ ਸੰਮਤੀ ਹਦੀਆਬਾਦ ਨੇ ਸ੍ਰੀ ਰਾਮਲੀਲ੍ਹਾ ਦਾ ਕੀਤਾ ਸ਼ੁੱਭ ਆਰੰਭ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਦੁਸਹਿਰਾ ਕਮੇਟੀ ਹਦੀਆਬਾਦ ਫਗਵਾੜਾ ਨੇ ਦੁਸਹਿਰੇ ਮੌਕੇ ਹਦੀਆਬਾਦ ਦੇ ਸ਼ਾਂਤੀ ਤਾਲ ਵਿਖੇ ਸ੍ਰੀ ਰਾਮ ਲੀਲਾ ਦਾ ਸ਼ੁੱਭ ਆਰੰਭ ਨਾਰਦ ਮੋਹ ਅਤੇ ਸ਼ਰਵਣ ਕੁਮਾਰ ਨਾਈਟ ਨਾਲ ਕੀਤਾ। ਇਸ ਦੌਰਾਨ ਮੁੱਖ ਮਹਿਮਾਨ ਵਜੋਂ ਪਹੁੰਚੇ ਸਮਾਜ ਸੇਵਕ ਕੁਲਦੀਪ ਸਿੰਘ ਬਸਰਾ ਨੇ ਰਿਬਨ ਕੱਟ ਕੇ ਪਹਿਲੀ ਨਾਈਟ ਦਾ ਉਦਘਾਟਨ ਕੀਤਾ। ਕਮੇਟੀ ਦੇ ਸਰਪ੍ਰਸਤ ਅਸ਼ੋਕ ਉੱਪਲ ਤੇ ਪ੍ਰਧਾਨ ਦਿਨੇਸ਼ ਦੁੱਗਲ ਦੀ ਨਿਗਰਾਨੀ ਅਤੇ ਮਨੀਸ਼ ਚੌਧਰੀ ਦੇ ਨਿਰਦੇਸ਼ਨ ਹੇਠ ਰਾਮ ਲੀਲਾ ਦੇ ਪਾਤਰਾਂ ਨੇ ਆਪਣੀਆਂ ਭੂਮਿਕਾਵਾਂ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਈਆਂ। ਰਾਜਾ ਦਸ਼ਰਥ ਦੇ ਤੀਰ ਨਾਲ ਸ਼ਰਵਣ ਕੁਮਾਰ ਦੀ ਮੌਤ ਨੂੰ ਲੈ ਕੇ ਉਸ ਦੇ ਬਿਰਧ ਮਾਪਿਆਂ ਦਾ ਵਿਰਲਾਪ ਦਰਸ਼ਕਾਂ ਨੂੰ ਭਾਵੁਕ ਕਰਨ ਵਾਲਾ ਸੀ। ਪ੍ਰਬੰਧਕਾਂ ਨੇ ਦੱਸਿਆ ਕਿ ਦੁਸਹਿਰਾ ਉਤਸਵ ਹਰ ਸਾਲ ਦੀ ਤਰ੍ਹਾਂ ਵੀਰਵਾਰ, 2 ਅਕਤੂਬਰ ਨੂੰ ਬਹੁਤ ਧੂਮਧਾਮ ਨਾਲ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਦੁਸਹਿਰਾ ਉਤਸਵ ਦੌਰਾਨ ਪੰਜਾਹ ਫੁੱਟ ਤੋਂ ਵੱਧ ਉੱਚੇ ਰਾਵਣ, ਕੁੰਭਕਰਨ ਅਤੇ ਮੇਘਨਾਦ ਦੇ ਪੁਤਲਿਆਂ ਨੂੰ ਅਗਨ ਭੇਟ ਕੀਤਾ ਜਾਵੇਗਾ।

# ਜੈਵਿਕ ਖੇਤੀ ਜਾਗਰੂਕਤਾ ਅਤੇ ਸਿਖਲਾਈ ਕੈਂਪ ਲਗਾਇਆ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਭਰ ਵਿੱਚ ਜ਼ਹਿਰ ਮੁਕਤ ਫਸਲਾਂ ਪੈਦਾ ਕਰਨ ਦੇ ਮੰਤਵ ਅਤੇ ਮੁਫਤ ਸਰਟੀਫਿਕੇਸ਼ਨ ਦੀ ਸਹੂਲਤ ਦੀ ਲੜੀ ਨੂੰ ਅੱਗੇ ਤੋਰਦੇ ਹੋਏ, ਪੰਜਾਬ ਐਗਰੋ ਦੇ ਅਦਾਰੇ, ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਵੱਲੋਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਪਿੰਡ ਨੰਗਲ ਬੜੀਆਂ ਵਿਖੇ ਜ਼ਿਲ੍ਹਾ ਪੱਧਰੀ ਸਿਖਲਾਈ ਅਤੇ ਜਾਗਰੂਕਤਾ ਕੈਂਪ ਆਯੋਜਿਤ ਕੀਤਾ ਗਿਆ, ਜਿਸ ਦੌਰਾਨ ਅੰਮ੍ਰਿਤ ਸਿੰਘ ਚਾਹਲ, ਵਾਹਿਗੁਰੂਪੁਰਾ ਨੈਚੂਰਲ ਫਾਰਮ, ਜ਼ਿਲ੍ਹਾ ਬਰਨਾਲਾ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ ਅਤੇ ਜੈਵਿਕ ਖੇਤੀ ਦੇ ਵੱਖੋ ਵੱਖ ਢੰਗ ਤਰੀਕੇ ਅਤੇ ਮੰਡੀਕਰਨ ਬਾਰੇ ਵਿਚਾਰ ਸਾਂਝੇ ਕੀਤੇ।ਜ਼ਿਲ੍ਹਾ ਸੁਪਰਵਾਈਜ਼ਰ ਸਤਵਿੰਦਰ ਸਿੰਘ ਪੈਲੀ ਨੇ ਦੱਸਿਆ ਕਿ ਪੰਜਾਬ ਐਗਰੋ ਵੱਲੋਂ 2015 ਤੋਂ ਪੰਜਾਬ ਵਿੱਚ ਜੈਵਿਕ ਖੇਤੀ ਕਰ ਰਹੇ ਕਿਸਾਨਾਂ ਨੂੰ ਮੁਫਤ ਰਜਿਸਟਰੇਸ਼ਨ, ਗਰੁੱਪ ਸਰਟੀਫਿਕੇਸਨ, ਬਾਇਓ ਖਾਦਾਂ, ਪਾਇਓ ਖਾਦਾਂ ਬਣਾਉਣ ਲਈ ਸਮਾਨ ਆਦਿ ਸਮਾਨ ਮੁਫਤ ਮੁਹਈਆ ਕਰਵਾਇਆ ਜਾਂਦਾ ਹੈ, ਜਿਸਦੇ ਅਧੀਨ ਲਗਭਗ 125 ਕਿਸਾਨ ਅਤੇ 300 ਏਕੜ ਰਕਬਾ ਜਿਲੇ ਅਧੀਨ ਰਜਿਸਟਰ ਕੀਤਾ ਜਾ ਚੁੱਕਾ ਹੈ।ਇਸ ਉਪਰੰਤ ਡਾ . ਗੁਰਪ੍ਰੀਤ ਸਿੰਘ (ਖੇਤੀਬਾੜੀ ਵਿਕਾਸ ਅਫਸਰ), ਨਵਦੀਪ ਕੌਰ (ਖੇਤੀਬਾੜੀ ਵਿਕਾਸ ਅਫਸਰ) ਤੇ ਸੁਖਜਿੰਦਰ ਕੌਰ (ਆਤਮਾ) ਵੱਲੋਂ ਦੱਸਿਆ ਗਿਆ ਕਿ ਮਨੁੱਖੀ ਸਿਹਤ ਲਈ ਸੰਤੁਲਿਤ ਖੁਰਾਕ ਜਿਸ ਵਿੱਚ ਵਿਟਾਮਿਨ, ਪ੍ਰੋਟੀਨ, ਖਣਿਜ ਅਤੇ ਹੋਰ ਖ਼ੁਰਾਕੀ ਤੱਤ ਭਰਪੂਰ ਮਾਤਰਾ ਵਿੱਚ ਹੋਣ ਦਾ ਸੇਵਨ ਕਰਨਾ ਬਹੁਤ ਜ਼ਰੂਰੀ ਹੈ। ਸਬਜ਼ੀਆਂ ਆਪਣੀ ਰੋਜ਼ਾਨਾ ਦੀ ਖੁਰਾਕ ਵਿੱਚ ਸ਼ਾਮਿਲ ਕਰਨਾ ਚਾਹੀਦਾ ਹੈ ਜਿਸ ਲਈ ਜੈਵਿਕ ਖੇਤੀ ਦਾ ਇੱਕ ਚੰਗਾ ਬਦਲ ਹੈ।



# 29ਵੀਂ ਸਾਲਾਨਾ ਬਰਸੀ ਤੇ 52ਵਾਂ ਕੀਰਤਨ ਦਰਬਾਰ 2 ਨੂੰ

**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਦਰੀਆ ਵਿਖੇ ਧੰਨ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਗੁਰੂ ਜੀ ਦੇ ਪਿਆਰੇ ਗੁਰਸਿੱਖ ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਪੁਰਬ ਨੂੰ ਸਮਰਪਿਤ 52ਵਾਂ ਸਾਲਾਨਾ ਖ਼ੁਸ਼ਦਿਲ ਕੀਰਤਨ ਦਰਬਾਰ ਅਤੇ ਸੱਚਖੰਡ ਵਾਸੀ ਸ੍ਰੀਮਾਨ 108 ਸੰਤ ਬਾਬਾ ਨਿਰਮਲ ਸਿੰਘ ਜੀ ਨਿਰਮਲੇ ਮੁਖੀਏ ਦਰੀਏ ਵਾਲਿਆਂ ਦੀ 29ਵੀਂ ਸਲਾਨਾ ਬਰਸੀ ਸਮਾਗਮ 2 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ। ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਸੰਤ ਬਾਬਾ ਮੱਖਣ ਸਿੰਘ ਜੀ ਦੀ ਦੇਖ ਰੇਖ ਹੇਠ ਕਰਵਾਏ ਜਾਣ ਵਾਲੇ ਇਸ ਪ੍ਰੋਗਰਾਮ ਦੀ ਆਰੰਭਤਾ 26 ਸਤੰਬਰ ਤੋਂ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਨਾਲ ਹੋ ਜਾਵੇਗੀ ਜਿਸ ਦੀ ਸੰਪੂਰਨਤਾ 2 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਹੋਵੇਗੀ। 1 ਅਕਤੂਬਰ ਦਿਨ ਬੁੱਧਵਾਰ ਨੂੰ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਅਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਜਾਇਆ ਜਾਵੇਗਾ, ਜਿਸ ਦੀ ਆਰੰਭਤਾ ਪਿੰਡ ਦਰੀਆ ਤੋਂ ਕੰਧਾਲਾ ਜੱਟਾਂ, ਬਾਬਕ, ਘੋੜਾਵਾਹਾ ਤੋਂ ਹੁੰਦੇ ਹੋਏ ਨਗਰ ਦਰੀਆ ਵਿੱਚ ਹੀ ਸੰਪੂਰਨਤਾ ਹੋਵੇਗੀ। ਸੰਤ ਬਾਬਾ ਮੱਖਣ ਸਿੰਘ ਜੀ ਨੇ ਦੱਸਿਆ ਕੀ ਰਾਤਰੀ ਦੇ ਦੀਵਾਨਾਂ ਦੀ ਆਰੰਭਤਾ ਵਿੱਚ ਰੋਜ਼ਾਨਾ ਕਥਾ ਸੰਤ ਸੁਲੱਖਣ ਸਿੰਘ ਜੀ ਟਕਸਾਲੀਆ ਕਰਨਗੇ, 26 ਸਤੰਬਰ ਨੂੰ ਸ੍ਰੀਮਾਨ ਸੰਤ ਮਲਕੀਤ ਸਿੰਘ ਜੀ ਖਾਨਪੁਰ ਥਿਆੜੇ ਵਾਲੇ, 27 ਸਤੰਬਰ ਨੂੰ ਹਰਭਜਨ ਸਿੰਘ ਜੀ ਸੋਤਲੇ ਵਾਲੇ ,28 ਸਤੰਬਰ ਨੂੰ ਸ੍ਰੀਮਾਨ ਸੰਤ ਸੁਖਰਾਜ ਸਿੰਘ ਜੀ ਪ੍ਰੀਤਮਪੁਰ ਵਾਲੇ, 29 ਅਕਤੂਬਰ ਸ੍ਰੀਮਾਨ ਸੰਤ ਗੁਰਸਾਹਿਬ ਸਿੰਘ ਜੀ ਜਫਰਵਾਲ ਵਾਲੇ ,30 ਸਤੰਬਰ ਨੂੰ ਭਾਈ ਦਾਤਾਰ ਸਿੰਘ ਦਾਤਾ ਜੀ ਢਾਡੀ ਜਥਾ ਕੰਧਾਲਾ ਜੱਟਾਂ ਵਾਲੇ, 8 ਵਜੇ ਤੋਂ 10 ਵਜੇ ਰਾਤ ਤੱਕ ਰੋਜ਼ਾਨਾ ਕੀਰਤਨ ਕਰਨਗੇ। ਇਸ ਮੌਕੇ ਸ੍ਰੀਮਾਨ 108 ਸ੍ਰੀ ਮਹੰਤ ਬਾਬਾ ਗਿਆਨ ਦੇਵ ਸਿੰਘ ਜੀ ਵੇਦਾਂਤਾ ਅਚਾਰੀਆ ਨਿਰਮਲ ਪੰਚਾਇਤੀ ਅਖਾੜਾ ਕਨਖੱਲ ਹਰਿਦੁਆਰ ਵਾਲੇ ਉਚੇਚੇ ਤੌਰ ਤੇ ਪਹੁੰਚਣਗੇ ।ਉਹਨਾਂ ਦੱਸਿਆ ਕਿ ਕੀਰਤਨ ਦਰਬਾਰ ਵਿੱਚ ਗਿਆਨੀ ਦੀਦਾਰ ਸਿੰਘ ਜੀ ਸੰਗਤਪੁਰ ਵਾਲੇ ਢਾਡੀ ਜਥਾ, ਗਿਆਨੀ ਪਰਮਿੰਦਰ ਸਿੰਘ ਜੀ ਅਮੋਲਕ ਜੰਡਿਆਲੇ ਵਾਲੇ ਢਾਡੀ ਜਥਾ, ਗਿਆਨੀ ਮੱਖਣ ਸਿੰਘ ਜੀ ਦਸ਼ਮੇਸ਼ ਨਗਰੀਆਂ ਸ਼ਾਗਿਰਦ ਜੋਗਾ ਸਿੰਘ ਜੋਗੀ ਕਵੀਸ਼ਰੀ ਜਥਾ, ਭਾਈ ਦਵਿੰਦਰ ਸਿੰਘ ਜੀ ਬੋਦਲਾਂ ਵਾਲੇ , ਭਾਈ ਸਤਨਿੰਦਰ ਪਾਲ ਸਿੰਘ ਜੀ ਬੋਦਲਾਂ ਵਾਲੇ , ਪ੍ਰੋਫੈਸਰ ਅਵਤਾਰ ਸਿੰਘ ਜੀ ਬੋਦਲਾਂ ਵਾਲੇ, ਭਾਈ ਜਸਵਿੰਦਰ ਸਿੰਘ ਜੀ ਗੜ੍ਹਦੀਵਾਲਾ ਉਸਤਾਦ ਸ਼ਮਿੰਦਰ ਪਾਲ ਸਿੰਘ ਜੀ ( ਸਰੰਗੀ ਵਾਦਕ ਆਲ ਇੰਡੀਆ ਜਲੰਧਰ, ਤਬਲਾ ਵਾਦਕ ਉਸਤਾਦ ਕੁਲਵਿੰਦਰ ਸਿੰਘ ਜੀ ਅਕੈਡਮੀ ਫਤਿਹਪੁਰ ਹੁਸ਼ਿਆਰਪੁਰ ਵਾਲੇ, ਭਾਈ ਗੁਰਮੁੱਖ ਸਿੰਘ ਜੀ ਕੰਧਾਲਾ ਜੱਟਾਂ ਵਾਲੇ, ਉਸਤਾਦ ਜੈਦੇਵ ਜੀ ਤਬਲਾ ਵਾਦਕ ਪੰਜਾਬੀ ਘਰਾਣਾ, ਬੀਬੀ ਮਨਪ੍ਰੀਤ ਕੌਰ ਕੰਧਾਲਾ ਜੱਟਾਂ ਵਾਲੇ, ਬੀਬੀ ਭੁਪਿੰਦਰ ਕੌਰ ਖਾਲਸਾ ਜੀ ਕੰਧਾਲਾ ਜੱਟਾਂ ਵਾਲੇ, ਬੀਬੀ ਖੁਸ਼ਪ੍ਰੀਤ ਕੌਰ ਅਤੇ ਬੀਬੀ ਭੁਪਿੰਦਰ ਕੌਰ ਕੰਧਾਲਾ ਜੱਟਾਂ ਵਾਲੇ ਅਤੇ ਹੋਰ ਜੱਥੇ ਆਈਆਂ ਹੋਈਆਂ ਸੰਗਤਾਂ ਨੂੰ ਗੁਰਬਾਣੀ ਕਥਾ ਕੀਰਤਨ ਨਾਲ ਨਿਹਾਲ ਕਰਨਗੇ।ਇਸ ਸਾਰੇ ਸਮਾਗਮ ਵਿੱਚ ਭਾਈ ਦਾਤਾਰ ਸਿੰਘ ਦਾਤਾ ਜੀ ਸਟੇਜ ਸਕੱਤਰ ਦੀ ਭੂਮਿਕਾ ਨਿਭਾਉਣਗੇ । ਉਹਨਾਂ ਦੱਸਿਆ ਕਿ 26 ਸਤੰਬਰ ਤੋਂ 2 ਅਕਤੂਬਰ ਤੱਕ ਨਿਰੰਤਰ ਗੁਰੂ ਕਾ ਲੰਗਰ ਅਤੁੱਟ ਵਰਤੇਗਾ।



# ਰਿਆਤ ਬਾਹਰਾ ਗਰੁੱਪ ਦੇ ਛੇ ਵਿਗਿਆਨੀ ਸਟੈਨਫੋਰਡ-ਐਲਸੇਵੀਅਰ ਸੂਚੀ 'ਚ ਸ਼ਾਮਲ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਗਰੁੱਪ ਨੇ ਇੱਕ ਹੋਰ ਵੱਡੀ ਉਪਲਬਧੀ ਹਾਸਲ ਕੀਤੀ ਹੈ। ਗਰੁੱਪ ਦੇ ਛੇ ਵਿਸ਼ਿਸ਼ਟ ਫੈਕਲਟੀ ਮੈਂਬਰਾਂ ਨੂੰ ਸਟੈਨਫੋਰਡ ਯੂਨੀਵਰਸਿਟੀ ਅਤੇ ਐਲਸੇਵੀਅਰ ਵੱਲੋਂ ਜਾਰੀ ਕੀਤੀ ਗਈ ਪ੍ਰਸਿੱਧ ਵਰਲਡਜ਼ ਟਾਪ 2% ਸਾਇੰਟਿਸਟ ਲਿਸਟ 2025 ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਅੰਤਰਰਾਸ਼ਟਰੀ ਮਾਨਤਾ ਯੂਨੀਵਰਸਿਟੀ ਦੀ ਖੋਜ ਅਤੇ ਨਵੀਨਤਾ ਪ੍ਰਤੀ ਉੱਤਮਤਾ ਨੂੰ ਦਰਸਾਉਂਦੀ ਹੈ। ਸੂਚੀ ਵਿੱਚ ਸ਼ਾਮਲ ਹੋਣ ਵਾਲੇ ਵਿਦਵਾਨਾਂ ਵਿੱਚ ਪ੍ਰੋ. ਰਮਨ ਕੁਮਾਰ, ਪ੍ਰੋ. ਸਾਹਿਲ ਵਰਮਾ, ਪ੍ਰੋ. ਜਗਪ੍ਰੀਤ ਸਿੰਘ, ਪ੍ਰੋ. ਗੌਰਵ ਪਰਾਸ਼ਰ ਅਤੇ ਦੋ ਹੋਰ ਪ੍ਰੋਫੈਸਰ ਸ਼ਾਮਲ ਹਨ। ਵਿਭਿੰਨ ਖੋਜ ਖੇਤਰਾਂ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਕਾਰਨ ਉਨ੍ਹਾਂ ਨੂੰ ਇਸ ਵਿਸ਼ਵ ਪੱਧਰੀ ਡੇਟਾਬੇਸ ਵਿੱਚ ਸਥਾਨ ਮਿਲਿਆ ਹੈ, ਜੋ ਵਿਗਿਆਨੀਆਂ ਦੇ ਮਹੱਤਵਪੂਰਨ ਖੋਜ ਆਉਟਪੁੱਟ, ਹਵਾਲਿਆਂ ਅਤੇ ਵਿਸ਼ਵਵਿਆਪੀ ਪ੍ਰਭਾਵ ਨੂੰ ਮਾਨਤਾ ਦਿੰਦਾ ਹੈ।

# ਨਸ਼ਾ ਮੁਕਤੀ ਮੋਰਚਾ ਦੇ ਨਵ-ਨਿਯੁਕਤ ਬਲਾਕ ਕੋਆਰਡੀਨੇਟਰ ਸਨਮਾਨਤ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਆਮ ਆਦਮੀ ਪਾਰਟੀ ਦਾ ਨਸ਼ਿਆਂ ਵਿਰੁੱਧ ਬਣਿਆ ਮੋਰਚਾ 'ਯੁੱਧ ਨਸ਼ਿਆਂ ਵਿਰੁੱਧ' ਹਲਕਾ ਸੁਲਤਾਨਪੁਰ ਲੋਧੀ ਦੀ ਜ਼ਰੂਰੀ ਮੀਟਿੰਗ ਮਾਰਕੀਟ ਕਮੇਟੀ ਦਫਤਰ ਸੁਲਤਾਨਪੁਰ ਲੋਧੀ ਵਿੱਚ ਹੋਈ ਜਿਸ ਦੀ ਪ੍ਰਧਾਨਗੀ ਹਲਕਾ ਕੋਆਰਡੀਨੇਟਰ ਸੁਖਦੇਵ ਸਿੰਘ ਟਿੱਬਾ, ਹਲਕਾ ਸਹਾਇਕ ਕੋਆਰਡੀਨੇਟਰ ਬੇਅੰਤ ਸਿੰਘ ਅਤੇ ਪਵਨ ਕੁਮਾਰ ਡਡਵਿੰਡੀ ਨੇ ਸਾਂਝੇ ਤੌਰ 'ਤੇ ਕੀਤੀ। ਇਸ ਮੀਟਿੰਗ ਵਿੱਚ ਨਸ਼ਾ ਮੁਕਤੀ ਮੋਰਚਾ ਸੁਲਤਾਨਪੁਰ ਲੋਧੀ ਦੇ ਸਾਥੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਇਹ ਮੀਟਿੰਗ ਵਿਸ਼ੇਸ਼ ਤੌਰ ਤੇ ਹਲਕਾ ਸੁਲਤਾਨਪੁਰ ਲੋਧੀ ਦੇ ਨਸ਼ਾ ਮੁਕਤੀ ਮੋਰਚੇ ਦੇ ਬਲਾਕ ਕੋਆਰਡੀਨੇਟਰ ਸਾਥੀਆਂ ਦੀ ਆਮ ਆਦਮੀ ਪਾਰਟੀ ਵੱਲੋਂ ਨਵੀਆਂ ਨਿਯੁਕਤੀਆਂ ਹੋਣ 'ਤੇ ਸਾਰੇ ਸਾਥੀਆਂ ਨੂੰ ਸਨਮਾਨਤ ਕਰਨ ਵਾਸਤੇ ਬੁਲਾਈ ਗਈ। ਸਮੂਹ ਸਾਥੀਆਂ ਨੂੰ ਹਾਰ ਪਾ ਕੇ ਸਨਮਾਨਤ ਕੀਤਾ ਅਤੇ ਜ਼ਿਲ੍ਹਾ ਕੋਆਰਡੀਨੇਟਰ ਤੇ ਇਮਪਰੂਵਮੈਂਟ ਟਰੱਸਟ ਦੇ ਚੇਅਰਮੈਨ ਸਾਥੀ ਪ੍ਰਦੀਪਪਾਲ ਸਿੰਘ ਥਿੰਦ ਵੱਲੋਂ ਹਾਰ ਪਾ ਕੇ ਸਾਥੀਆਂ ਦਾ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਸਾਥੀਆਂ ਨੂੰ ਵਧਾਈਆਂ ਦਿੱਤੀਆਂ ਗਈਆਂ। ਪ੍ਰਦੀਪਪਾਲ ਸਿੰਘ ਥਿੰਦ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਮਾਨਯੋਗ ਭਗਵੰਤ ਸਿੰਘ ਮਾਨ ਨੇ ਪੰਜਾਬ ਵਿੱਚੋਂ ਨਸ਼ਿਆਂ ਨੂੰ ਖ਼ਤਮ ਕਰਨ ਦਾ ਜੋ ਬੀੜਾ ਚੁੱਕਿਆ ਹੋਇਆ ਹੈ ਉਸ ਨੂੰ ਨਸ਼ਾ ਮੁਕਤੀ ਮੋਰਚੇ ਦੇ ਸਮੂਹ ਸਾਥੀ ਮਿਲ ਕੇ ਪੰਜਾਬ ਵਿੱਚੋਂ ਨਸ਼ਾ ਖ਼ਤਮ ਕਰਨ ਲਈ ਯਤਨ ਤੇਜ਼ ਕਰਨਗੇ ਅਤੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਆਪਣਾ ਯੋਗਦਾਨ ਪਾਉਣਗੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਹਲਕਾ ਕੋਆਰਡੀਨੇਟਰ ਸੁਖਦੇਵ ਸਿੰਘ ਟਿੱਬਾ, ਪਵਨ ਕੁਮਾਰ ਡਡਵਿੰਡੀ, ਬੇਅੰਤ ਸਿੰਘ ਨੇ ਸਾਂਝੇ ਤੌਰ ਤੇ ਮੋਰਚੇ ਦੇ ਮੈਂਬਰ ਸਾਥੀਆਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਵੀ ਡੀ ਸੀ ਤੇ ਡਬਲਯੂ ਡੀ ਸੀ ਕਮੇਟੀਆਂ ਬਣਾਉਣ ਦੀ ਜੋ ਕਾਰਵਾਈ ਚੱਲ ਰਹੀ ਹੈ ਉਸ ਵਿੱਚ ਆਪਣਾ ਯੋਗਦਾਨ ਪਾ ਕੇ ਇਮਾਨਦਾਰ, ਮਿਹਨਤੀ, ਸਾਫ ਅਕਸ ਵਾਲੇ ਲੋਕਾਂ ਦੀ ਚੋਣ ਕਰਕੇ ਆਪਣੀ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਲਈ ਕੰਮ ਕਰਨਗੇ ਅਤੇ ਪੰਜਾਬ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਦਿਨ ਰਾਤ ਮਿਹਨਤ ਕਰਨਗੇ। ਇਸ ਮੀਟਿੰਗ ਵਿੱਚ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ ਦੇ ਪੀਏ ਲਵਪ੍ਰੀਤ ਸਿੰਘ, ਚੇਅਰਮੈਨ ਮੁਹੰਮਦ ਰਫੀ, ਜਸਵਿੰਦਰ ਸਿੰਘ, ਸਤਨਾਮਪਾਲ, ਗੁਰਪ੍ਰੀਤ ਸਿੰਘ, ਸੁਖਦੇਵ ਸਿੰਘ, ਹਰਸਿਮਰਨ ਸਿੰਘ, ਸਵਰਨ ਸਿੰਘ, ਸੁਖਵਿੰਦਰ ਸਿੰਘ, ਬਲਜੀਤ ਸਿੰਘ ਬਾਜਵਾ, ਮਾਸਟਰ ਪਰਮਜੀਤ ਸਿੰਘ, ਹਰਜੀਤ ਸਿੰਘ, ਸੁਖਜਿੰਦਰ ਸਿੰਘ, ਜਸਪਾਲ ਸਿੰਘ, ਮਹਿੰਦਰ ਸਿੰਘ ਤੇ ਹੋਰ ਵੱਡੀ ਗਿਣਤੀ ਵਿੱਚ ਸਾਥੀ ਹਾਜ਼ਰ ਸਨ।



# ਔਟਿਜ਼ਮ ਸਪੈਸ਼ਲ ਥੈਰੇਪਿਊਟਿਕ ਸਕੂਲ ਦਾ ਰਸਮੀ ਉਦਘਾਟਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੋਨਾਲੀਕਾ ਗਰੁੱਪ ਦੁਆਰਾ ਚਲਾਏ ਜਾ ਰਹੇ ਵੱਖ-ਵੱਖ ਸੀ ਐਸ ਆਰ ਪ੍ਰੋਜੈਕਟਾਂ ਦੀ ਇੱਕ ਲੜੀ ਵਿੱਚ, ਬੱਚਿਆਂ ਲਈ ਔਟਿਜ਼ਮ ਸਪੈਸ਼ਲ ਥੈਰੇਪਿਊਟਿਕ ਸਕੂਲ ਦਾ ਰਸਮੀ ਉਦਘਾਟਨ ਕੀਤਾ ਗਿਆ। ਸਕੂਲ ਵੱਖ-ਵੱਖ ਪੱਧਰਾਂ 'ਤੇ ਵੱਖ-ਵੱਖ ਕਲਾਸਾਂ ਵਿੱਚ ਬੱਚਿਆਂ ਲਈ ਥੈਰੇਪੀ ਅਤੇ ਸਿਖਲਾਈ ਦੀ ਪੇਸ਼ਕਸ਼ ਕਰੇਗਾ। ਸੋਨਾਲੀਕਾ ਗਰੁੱਪ ਦੇ ਵਾਈਸ ਚੇਅਰਮੈਨ ਅੰਮ੍ਰਿਤ ਸਾਗਰ ਮਿੱਤਲ ਅਤੇ ਸੋਨਾਲੀਕਾ ਸੀ ਐਸ ਆਰ ਪ੍ਰੋਜੈਕਟਾਂ (ਸੰਜੀਵਨੀ ਸ਼ਰਣਮ, ਆਰਆਰਐਮ ਹੋਲਿਸਟਿਕ ਕਲੀਨਿਕ, ਔਟਿਜ਼ਮ ਸੈਂਟਰ) ਦੀ ਡਾਇਰੈਕਟਰ ਅਤੇ ਮੁੱਖ ਅਧਿਆਤਮਿਕ ਗਾਈਡ ਸ਼੍ਰੀਮਤੀ ਸੰਗੀਤਾ ਮਿੱਤਲ ਥੈਰੇਪਿਊਟਿਕ ਸਕੂਲ ਦਾ ਰਸਮੀ ਉਦਘਾਟਨ ਕਰਨ ਲਈ ਮੌਜੂਦ ਸਨ। ਉਦਘਾਟਨ ਸਮਾਰੋਹ ਦੌਰਾਨ ਹਵਨ ਵੀ ਕੀਤਾ ਗਿਆ। ਇਸ ਮੌਕੇ ਬੋਲਦਿਆਂ ਮੁੱਖ ਮਹਿਮਾਨ ਅੰਮ੍ਰਿਤ ਸਾਗਰ ਮਿੱਤਲ ਨੇ ਕਿਹਾ ਕਿ ਇਹ ਇੱਕ ਬਹੁਤ ਵਧੀਆ ਪਹਿਲ ਹੈ, ਜਿਸਦੀ ਕਲਪਨਾ ਸੰਗੀਤਾ ਮਿੱਤਲ ਦੁਆਰਾ ਉਨ੍ਹਾਂ ਬੱਚਿਆਂ ਲਈ ਕੀਤੀ ਗਈ ਹੈ ਜੋ ਨਿਯਮਤ ਸਕੂਲ ਨਹੀਂ ਜਾ ਸਕਦੇ। ਇਹ ਆਰ ਆਰ ਐਮ ਸਕੂਲ ਉਨ੍ਹਾਂ ਲਈ ਬਹੁਤ ਲਾਭਦਾਇਕ ਸਾਬਤ ਹੋਵੇਗਾ, ਕਿਉਂਕਿ ਇੱਥੇ ਦੇ ਅਧਿਆਪਕ ਬੱਚਿਆਂ ਨੂੰ ਸਿਖਲਾਈ ਦੇਣ ਲਈ ਸਮਰਪਿਤ ਹਨ, ਜੋ ਕਿ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਅੱਗੇ ਕਿਹਾ ਕਿ ਮਨੁੱਖਤਾ ਦੀ ਸੇਵਾ ਕਰਨਾ ਇੱਕ ਉੱਤਮ ਕਾਰਜ ਹੈ, ਅਤੇ ਪੇਸ਼ੇਵਰਤਾ ਅਤੇ ਸੇਵਾ ਦਾ ਸੁਮੇਲ ਸ਼ਾਨਦਾਰ ਹੈ। ਸ਼੍ਰੀਮਤੀ ਮਿੱਤਲ ਨੇ ਇਸ ਮੌਕੇ 'ਤੇ ਟਿੱਪਣੀ ਕੀਤੀ ਕਿ ਸਕੂਲ ਜਾਣ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਲੋੜੀਂਦੇ ਨਤੀਜੇ ਪ੍ਰਦਾਨ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਇੱਕ ਸਾਲ ਪਹਿਲਾਂ, ਅਸੀਂ ਬੱਚਿਆਂ ਲਈ ਉਮੀਦ ਦਾ ਬੀਜ ਬੀਜਿਆ, ਇੱਕ ਅਜਿਹੀ ਜਗ੍ਹਾ ਬਣਾਈ ਜਿੱਥੇ ਇੱਕ ਅਣਕਹੀ, ਅਦਭੁਤ ਰੌਸ਼ਨੀ ਦੇਖੀ, ਮਹਿਸੂਸ ਕੀਤੀ ਅਤੇ ਸਮਝੀ ਜਾ ਸਕੇ। ਇਨ੍ਹਾਂ ਬੱਚਿਆਂ ਲਈ ਚੁੱਕਿਆ ਗਿਆ ਹਰ ਕਦਮ ਪਿਆਰ ਅਤੇ ਦੇਖਭਾਲ ਦਾ ਜਸ਼ਨ ਹੈ। ਇਸ ਮੌਕੇ ਮਿੱਤਲ ਪਰਿਵਾਰ ਦੇ ਪਰਿਵਾਰਕ ਦੋਸਤਾਂ, ਸ਼੍ਰੀਮਤੀ ਬਲਵੀਰ ਸਿੱਧੂ ਅਤੇ ਸ਼੍ਰੀਮਤੀ ਸਰਿਤਾ ਗੁਲਾਟੀ ਨੇ ਵੀ ਇਸ ਥੈਰੇਪਿਊਟਿਕ ਸਕੂਲ ਦੇ ਉਦਘਾਟਨ ਦੀ ਵਧਾਈ ਦਿੱਤੀ ਅਤੇ ਖੁਸ਼ੀ ਪ੍ਰਗਟ ਕੀਤੀ ਕਿ ਇੱਥੇ ਬੱਚਿਆਂ ਨੂੰ ਇੱਕ ਆਮ ਜੀਵਨ ਜਿਊਣ ਵੱਲ ਸੇਧ ਦਿੱਤੀ ਜਾਵੇਗੀ।




# 58ਵੀਂ ਰਾਮਲੀਲ੍ਹਾ ਦੇ ਮੰਚਨ ਦੀ ਸ਼ੁਰੂਆਤ

**ਲੋਹੀਆਂ ਖਾਸ (ਯੋਗੇਸ਼ਵਰ, ਰੀਨਾ ਸ਼ਰਮਾ)** : ਬ੍ਰਹਮਲੀਨ ਮਹੰਤ ਸ੍ਰੀ ਸ਼ਾਂਤੀ ਗਿਰੀ ਮਹਾਰਾਜ ਅਤੇ ਬ੍ਰਹਮਲੀਨ ਮਹੰਤ ਸ੍ਰੀ ਰਵਿੰਦਰਾ ਗਿਰੀ ਜੀ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਨਾਲ ਤੇ ਪ੍ਰਾਚੀਨ ਸ਼ਿਵ ਮੰਦਿਰ ਦੇ ਗੱਦੀਨਸ਼ੀਨ ਸ਼੍ਰੀ ਸ਼੍ਰੀ 1008 ਮਹਾਂ ਮੰਡਲੇਸ਼ਵਰ ਮਹੰਤ ਸ਼੍ਰੀ ਸ਼ਿਪਰਾ ਗਿਰੀ ਜੀ ਮਹਾਰਾਜ ਦੇ ਅਸ਼ੀਰਵਾਦ ਨਾਲ ਪੰਡਿਤ ਸ੍ਰੀ ਕੁੰਦਨ ਲਾਲ ਰਾਮਲੀਲ੍ਹਾ ਕਲੱਬ ਲੋਹੀਆਂ ਖਾਸ ਵੱਲੋਂ ਮਿਤੀ 23 ਸਤੰਬਰ ਨੂੰ ਦਸ਼ਮੇਸ਼ ਪਾਰਕ ਲੋਹੀਆਂ ਖਾਸ ਵਿੱਚ ਪੂਜਾ ਅਰਚਨਾ ਕਰਨ ਤੋਂ ਬਾਅਦ ਰਾਮਲੀਲ੍ਹਾ ਦਾ ਮੰਚਨ ਸ਼ੁਰੂ ਹੋਇਆ ਹੈ। ਇਸ ਮੌਕੇ ਸਟੇਜ ਦਾ ਸੰਚਾਲਨ ਕਰਦੇ ਹੋਏ ਰੂਪੇਸ਼ ਕੁਮਾਰ ਸੱਦੀ ਨੇ ਜਾਣਕਾਰੀ ਦਿੰਦਿਆਂ ਦੱਸਿਆ 58ਵੀਂ ਰਾਮਲੀਲ੍ਹਾ ਦਾ ਮੰਚਨ ਸ਼ੁਰੂ ਹੋ ਗਿਆ ਹੈ, ਜੋ ਕਿ 11 ਦਿਨਾਂ ਤੱਕ ਚੱਲੇਗੀ। ਇਸ ਮੌਕੇ ਰਾਮਲੀਲਾ ਵਿੱਚ ਹਰ ਧਰਮ ਤੇ ਵਰਗ ਦੇ ਲੋਕ ਹਾਜ਼ਰ ਸਨ। ਇਸ ਮੌਕੇ ਤੇ ਮਾਤਾ ਕਮਲੇਸ਼ ਰਾਣੀ, ਸ੍ਰੀ ਦੁਰਗਾ ਭਜਨ ਮੰਡਲੀ, ਸਮਾਜ ਸੇਵੀ ਮੰਗਤ ਰਾਮ ਮੰਗਾ, ਪ੍ਰਾਚੀਨ ਸ਼ਿਵ ਮੰਦਿਰ ਲੋਹੀਆਂ ਖਾਸ ਦੇ ਪੰਡਿਤ ਵਿਸ਼ਨੂੰ ਵੱਲੋਂ ਅਤੇ ਸ਼ਹਿਰ ਦੀਆਂ ਵੱਖ-ਵੱਖ ਸ਼ਖਸੀਅਤਾਂ ਵੱਲੋਂ ਫੀਤੇ ਕੱਟਣ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਰਾਮਲੀਲ੍ਹਾ ਦੇ ਪਹਿਲੇ ਦਿਨ ਸ਼ਿਵ ਪਾਰਵਤੀ ਸੰਵਾਦ, ਨਾਰਦ ਮੋਹ, ਰਾਵਣ ਗੁਰੂਕੁਲ ਦਾ ਸੀਨ ਦਿਖਾਇਆ। ਇਸ ਮੌਕੇ ਮਾਤਾ ਕਮਲੇਸ਼ ਰਾਣੀ, ਪੰਡਿਤ ਵਿਸ਼ਨੂੰ, ਡਾਇਰੈਕਟਰ ਪ੍ਰੇਮ ਕੁਮਾਰ ਸੱਦੀ, ਸਹਾਇਕ ਡਾਇਰੈਕਟਰ ਗਜਰਾਜ ਯਦੂਵਾਂਸ਼ੀ, ਰੂਪੇਸ਼ ਕੁਮਾਰ ਸੱਦੀ, ਪਰਮਜੀਤ ਪੰਮਾ, ਮਾ: ਰਵੀ ਸ਼ੰਕਰ, ਮਨਿਸ਼ ਕੁਮਾਰ ਮੰਗਾ, ਗੌਰਵ ਸੱਦੀ, ਸ਼ੁਭਮ ਸ਼ਰਮਾ ਆਦਿ ਸ਼ਹਿਰ ਵਾਸੀ ਤੇ ਕਲਾਕਾਰ ਹਾਜ਼ਰ ਸਨ।



# ਹੜ੍ਹ ਪ੍ਰਭਾਵਤ ਲੋਕਾਂ ਲਈ 4 ਲੱਖ ਰੁ. ਦਿੱਤੇ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)**- ਸੇਵਾਮੁਕਤ ਖੇਤੀਬਾੜੀ ਟੈਕਨੋਕਰੇਟਸ ਐਸੋਸੀਏਸ਼ਨ ਦੇ ਮੈਂਬਰਾਂ ਨੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੂੰ ਪੁਨਰਵਾਸ ਅਤੇ ਰਾਹਤ ਕਾਰਜਾਂ ਲਈ 4 ਲੱਖ ਰੁਪਏ ਦੀ ਰਾਸ਼ੀ ਦਾ ਡਰਾਫਟ ਮੁੱਖ ਮੰਤਰੀ ਰਾਹਤ ਫੰਡ ਲਈ ਭੇਟ ਕੀਤਾ। ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਜਸਵੀਰ ਸਿੰਘ ਪਰਮਾਰ ਅਤੇ ਸੀਨੀਅਰ ਮੈਂਬਰ ਸਵਤੰਤਰ ਕੁਮਾਰ ਏਰੀ, ਡੀ.ਏ (ਪੰਜਾਬ) ਸੇਵਾਮੁਕਤ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਨੇ ਆਪਣੇ ਘਰ, ਫ਼ਸਲਾਂ ਅਤੇ ਪਸ਼ੂ ਗੁਆ ਦਿੱਤੇ ਹਨ। ਅਜਿਹੇ ਸਮੇਂ, ਲੋੜਵੰਦ ਪਰਿਵਾਰਾਂ ਨੂੰ ਸਹਾਇਤਾ ਪ੍ਰਦਾਨ ਕਰਨਾ ਸਮਾਜ ਦਾ ਨੈਤਿਕ ਫਰਜ਼ ਹੈ। ਉਨ੍ਹਾਂ ਕਿਹਾ ਕਿ ਇਹ ਯੋਗਦਾਨ ਹੜ੍ਹ ਪੀੜਤਾਂ ਨੂੰ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਮੁੜ ਪਟੜੀ ਤੇ ਲਿਆਉਣ ਵਿੱਚ ਮਦਦ ਕਰਨ ਵੱਲ ਇਕ ਛੋਟਾ ਜਿਹਾ ਕਦਮ ਹੈ।ਇਸ ਮੌਕੇ ਪਰਮਿੰਦਰ ਸਿੰਘ ਗਰੇਵਾਲ, ਸੁਰਿੰਦਰ ਸਿੰਘ, ਮਨਜੀਤ ਸਿੰਘ, ਮੰਝੇਲ ਸਿੰਘ ਕਾਲਕਟ, ਸੁਖਵਿੰਦਰ ਸਿੰਘ ਢਿੱਲੋਂ, ਕਿਸ਼ੋਰੀ ਲਾਲ, ਦੀਪਕ ਆਦੀਆ ਅਤੇ ਹੋਰ ਮੈਂਬਰ ਮੌਜੂਦ ਸਨ।ਸੇਵਾਮੁਕਤ ਖੇਤੀਬਾੜੀ ਟੈਕਨੋਕਰੇਟਸ ਐਸੋਸੀਏਸ਼ਨ ਦੇ ਮੈਂਬਰਾਂ ਨੇ ਭਵਿੱਖ ਵਿਚ ਲੋੜ ਪੈਣ 'ਤੇ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ।

# ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ ਦੀਆਂ 5 ਟਰੈਵਲ ਏਜੰਸੀਆਂ ਦੇ ਲਾਇਸੰਸ ਰੱਦ/ਕੈਂਸਲ

**ਜਲੰਧਰ (ਸ਼ੈਲੀ ਐਲਬਰਟ)**- ਵਧੀਕ ਜ਼ਿਲ੍ਹਾ ਮੈਜਿਸਟਰੇਟ-ਕਮ- ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਮਰਿੰਦਰ ਕੌਰ ਨੇ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਦੇ ਸੈਕਸ਼ਨ 6 (1) ਦੇ ਉਪਬੰਧਾਂ ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 5 ਲਾਇਸੰਸ ਰੱਦ/ਕੈਂਸਲ ਕੀਤੇ ਹਨ। ਵਧੀਕ ਜ਼ਿਲ੍ਹਾ ਮੈਜਿਸਟਰੇਟ ਵਲੋਂ ਜਾਰੀ ਕੀਤੇ ਹੁਕਮ ਅਨੁਸਾਰ ਕੁਲਵਿੰਦਰ ਬੈਂਸ ਪਤਨੀ ਸੁਖਵਿੰਦਰ ਬੈਂਸ ਵਾਸੀ ਮਕਾਨ ਨੰਬਰ 352, ਆਰੀਆ ਨਗਰ, ਕਰਤਾਰਪੁਰ, ਜਲੰਧਰ ਵਲੋਂ ਮੈ/ਸ ਬੈਂਸ ਟਰੈਵਲਜ਼ ਜੋ ਕਿ 323/10, ਗਰਾਊਂਡ ਫਲੋਰ ਮੁਹੱਲਾ ਆਰੀਆ ਨਗਰ ਕਰਤਾਰਪੁਰ, ਜਲੰਧਰ ਵਿਖੇ ਸਥਿਤ ਹੈ, ਵਲੋਂ ਲਾਇਸੰਸ ਨੰਬਰ 213/ਐਮਸੀ-1/ਐਮ.ਏ ਨੂੰ ਰੱਦ ਕਰਵਾਉਣ ਲਈ ਦਿੱਤੇ ਗਏ ਬਿਨੈਪੱਤਰ ਦੇ ਅਧਾਰ 'ਤੇ ਲਾਇਸੰਸ ਰੱਦ/ਕੈਂਸਲ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਹਰਪ੍ਰੀਤ ਸਿੰਘ ਫਲੋਰਾ ਪੁੱਤਰ ਅਮਰਜੀਤ ਸਿੰਘ ਫਲੋਰਾ ਵਾਸੀ ਮਕਾਨ ਨੰਬਰ 3, ਬ੍ਰਿਜ ਨਗਰ, ਨੇੜੇ ਸੋਡਲ ਰੇਲਵੇ ਕਰਾਸਿੰਗ,ਜਲੰਧਰ ਦੀ ਫਰਮ ਈਮਰਜ਼ ਇੰਟਰਪਰਾਜ਼ਿਜ਼ ਜੋ ਕਿ 118, ਪਹਿਲੀ ਮੰਜ਼ਿਲ, ਸਿਲਵਰ ਪਲਾਜ਼ਾ, ਸੋਡਲ ਰੋਡ, ਜਲੰਧਰ ਵਿਖੇ ਸਥਿਤ ਹੈ, ਨੂੰ ਜਾਰੀ ਲਾਇਸੰਸ ਨੰਬਰ 620/ਏ.ਐਲ.ਸੀ.-4/ਐਲ.ਏ. ਐਫ.ਐਨ 859 ਰੱਦ/ਕੈਂਸਲ ਕਰ ਦਿੱਤਾ ਗਿਆ ਹੈ। ਉਕਤ ਤੋਂ ਇਲਾਵਾ ਸਾਹਿਲ ਜੁਨੇਜਾ ਪੁੱਤਰ ਹਰੀਸ਼ ਚੰਦਰ ਜੁਨੇਜਾ ਵਾਸੀ ਨੰਬਰ 27, ਫੌਜੀ ਸਟਰੀਟ, ਮਖਦੂਮਪੁਰਾ, ਜਲੰਧਰ ਦੀ ਫਰਮ ਮੈ/ਸ ਗਰੇਸ ਇੰਟਰਨੈਸ਼ਨਲ ਜੋ ਕਿ ਗੋਲ ਮਾਰਕਿਟ, ਨੇੜੇ ਪੀ.ਐਨ.ਬੀ.,ਮਿੱਠਾਪੁਰ ਰੋਡ, ਮਾਡਲ ਟਾਊਨ ਜਲੰਧਰ ਵਿਖੇ ਸਥਿਤ ਹੈ, ਦਾ ਲਾਇਸੰਸ ਨੰਬਰ 769/ਏ.ਐਲ.ਸੀ.-4/ਐਲ.ਏ./ਐਫ.ਐਨ 1032 ਤੇ ਸੁਨੀਲ ਮਿੱਤਰ ਕੋਹਲੀ ਪੁੱਤਰ ਵਿਸ਼ਵਾ ਮਿੱਤਰ ਕੋਹਲੀ ਵਾਸੀ ਨੰਬਰ 47, ਸਰਸਵਤੀ ਵਿਹਾਰ ਜਲੰਧਰ ਦੀ ਫਰਮ ਮੈ/ਸ ਮਾਵੈਂਟੌਰ ਜੋ ਕਿ 47-ਐਫ.ਐਫ., ਸਰਸਵਤੀ ਵਿਹਾਰ, ਕਪੂਰਥਲਾ ਰੋਡ, ਜਲੰਧਰ ਲਾਇਸੰਸ ਨੰਬਰ 718/ਏ.ਐਲ.ਸੀ-4/ਐਲ.ਏ./ ਐਫ.ਐਨ. 977 ਅਤੇ ਕੈਲਾਸ਼ ਨਾਥ ਸਹਿਗਲ ਪੁੱਤਰ ਭਵਾਨੀ ਦਾਸ ਸਹਿਗਲ ਵਾਸੀ 110, ਪਾਮ ਰੋਜ ਵਰਲਡ ਟਰੇਡ ਸੈਂਟਰ , ਜੀ.ਟੀ.ਰੋਡ ਜਲੰਧਰ ਦੀ ਫਰਮ ਮੈ/ਸ ਕੇ.ਐਨ.ਸਹਿਗਲ ਐਂਡ ਕੰਪਨੀ, ਜੋ ਕਿ 110, ਪਾਮ ਰੋਜ ਵਰਲਡ ਟਰੇਡ ਸੈਂਟਰ, ਜੀ.ਟੀ.ਰੋਡ, ਜਲੰਧਰ ਵਿਖੇ ਸਥਿਤ ਹੈ, ਦਾ ਲਾਇਸੰਸ ਨੰਬਰ 226/ਐਮ.ਸੀ.-1/ਐਮ.ਏ. ਰੱਦ/ਕੈਂਸਲ ਕਰ ਦਿੱਤਾ ਗਿਆ ਹੈ। ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮ ਵਿੱਚ ਦੱਸਿਆ ਗਿਆ ਹੈ ਕਿ ਐਕਟ/ਰੂਲਜ਼ ਮੁਤਾਬਿਕ ਉਕਤ ਵਿਅਕਤੀ ਜਾਂ ਇਸ ਦੀ ਫਰਮ ਦੇ ਖਿਲਾਫ਼ ਕੋਈ ਸ਼ਿਕਾਇਤ ਆਦਿ ਲਈ ਉਕਤ ਲਾਇਸੰਸੀ ਹਰ ਪੱਖੋਂ ਜ਼ਿੰਮੇਵਾਰ ਹੋਣ ਦੇ ਨਾਲ-ਨਾਲ ਇਸ ਦੀ ਭਰਪਾਈ ਕਰਨ ਲਈ ਵੀ ਜ਼ਿੰਮੇਵਾਰ ਹੋਵੇਗਾ।

# ਗਿਰਦਾਵਰੀਆਂ ਕਰਨ ਲਈ ਪ੍ਰਸ਼ਾਸਨ ਨੇ ਕਈ ਪਿੰਡ ਛੱਡੇ, ਕਿਸਾਨਾਂ 'ਚ ਰੋਸ

**ਨੰਗਲ (ਸੁਰਜੀਤ ਢੇਰ)**- ਸੂਬੇ ਵਿੱਚ ਪਿਛਲੇ ਦਿਨੀ ਆਏ ਹੜਾਂ ਦੇ ਕਾਰਨ ਜਿੱਥੇ ਪੰਜਾਬ ਸਰਕਾਰ ਨੇ ਗਿਰਦਾਵਰੀਆਂ ਕਰਨ ਦੇ ਜੰਗੀ ਪੱਧਰ ਤੇ ਹੁਕਮ ਜਾਰੀ ਕੀਤੇ ਹਨ। ਪਰ ਉੱਥੇ ਇਲਾਕੇ ਦੇ ਕਈ ਪਿੰਡਾਂ ਨੂੰ ਗਿਰਦਾਵਰੀਆਂ ਕਰਨ ਤੋਂ ਵਾਂਝੇ ਕਰ ਦਿੱਤਾ ਗਿਆ ਹੈ ਇਥੇ ਪ੍ਰੈਸ ਨੂੰ ਜਾਰੀ ਸਾਂਝੇ ਬਿਆਨ ਵਿੱਚ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਰਕੇਸ਼ ਬਾਲੀ ਕਲਸੇੜਾ, ਗੁਰਮੇਲ ਸਿੰਘ ਨੇ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਸਤਲੁਜ ਦਰਿਆ ਦੇ ਨਾਲ ਲੱਗਦੇ ਪਿੰਡਾਂ ਨੂੰ ਤਾਂ ਗਿਰਦਾਵਰੀਆਂ ਕਰਨ ਲਈ ਪਾ ਦਿੱਤੇ ਹਨ। ਪਰ ਹੋਰ ਪਿੰਡ ਇਲਾਕੇ ਦੇ ਵੱਡੇ ਪੱਧਰ ਤੇ ਛੱਡ ਦਿੱਤੇ ਗਏ ਹਨ। ਜਦ ਕਿ ਭਾਰੀ ਵਰਖਾ ਕਾਰਨ ਮੱਕੀ ਦੀ ਫਸਲ ਬਿਲਕੁਲ ਤਬਾਹ ਹੋ ਗਈ ਹੈ। ਹੁਣ ਗਿਰਦਾਵਰੀਆਂ ਨਾ ਹੋਣ ਕਰਕੇ ਇਹਨਾਂ ਪਿੰਡਾਂ ਦੇ ਕਿਸਾਨਾਂ ਨੂੰ ਕੋਈ ਮੁਆਵਜ਼ਾ ਵੀ ਨਹੀਂ ਮਿਲਣਾ ਹੈ। ਕਿਸਾਨ ਆਗੂਆਂ ਨੇ ਮੰਗ ਕੀਤੀ ਹੈ ਕਿ ਰੋਪੜ ਜ਼ਿਲ੍ਹੇ ਨਾਲ ਸੰਬੰਧਿਤ ਸਾਰੇ ਪਿੰਡਾਂ ਦੇ ਗਿਰਦਾਵਰੀਆਂ ਜਲਦੀ ਤੋਂ ਜਲਦੀ ਕਰਵਾਈਆਂ ਜਾਣ। ਕਿਸਾਨ ਆਗੂਆਂ ਨੇ ਕਿਹਾ ਕਿ ਬਹੁਤ ਸਾਰੇ ਪਿੰਡਾਂ ਵਿੱਚ ਮੱਕੀ ਦੀ ਫਸਲ ਦੀ ਤਬਾਹ ਹੋ ਗਈ ਹੈ। ਪਰ ਉੱਥੇ ਗਿਰਦਾਵਰੀਆਂ ਨਹੀਂ ਕੀਤੀਆਂ ਜਾ ਰਹੀਆਂ ਹਨ। ਜ਼ਿਲ੍ਹਾ ਪ੍ਰਸ਼ਾਸਨ ਤੋਂ ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਛੱਡੇ ਗਏ ਪਿੰਡਾਂ ਵਿੱਚ ਪਟਵਾਰੀਆਂ ਤੋਂ ਫੌਰੀ ਤੌਰ ਤੇ ਗਿਰਦਾਵਰੀਆਂ ਕਰਵਾਈਆਂ ਜਾਣ ਤਾਂ ਜੋ ਪੀੜਤ ਕਿਸਾਨਾਂ ਨੂੰ ਢੁਕਵਾਂ ਮੁਆਵਜ਼ਾ ਮਿਲ ਸਕੇ।



# ਜਿੰਪਾ ਨੇ 50 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦੇ ਕੰਮ ਦੀ ਕਰਵਾਈ ਸ਼ੁਰੂਆਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਨਿਊ ਸ਼ਾਂਤੀ ਨਗਰ ਵਿਚ ਲੱਗਭਗ 50 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਨਿਰਮਾਣ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਉਨ੍ਹਾਂ ਕਿਹਾ ਕਿ ਇਹ ਸੜਕ ਲੰਬੇ ਸਮੇਂ ਤੋਂ ਲੋਕਾਂ ਦੀ ਮੰਗ ਰਹੀ ਸੀ, ਕਿਉਂਕਿ ਇਸ ਖੇਤਰ ਵਿਚ ਆਵਾਜਾਈ ਜ਼ਿਆਦਾ ਹੈ ਅਤੇ ਮੀਂਹ ਕਾਰਨ ਸੜਕ ਦੀ ਹਾਲਤ ਵਿਗੜ ਗਈ ਸੀ। ਉਨ੍ਹਾਂ ਅੱਗੇ ਕਿਹਾ ਕਿ ਮੌਸਮ ਵਿਚ ਸੁਧਾਰ ਹੁੰਦੇ ਹੀ ਸੜਕ ਨਿਰਮਾਣ ਦੇ ਕੰਮ ਵਿਚ ਤੇਜ਼ੀ ਲਿਆਂਦੀ ਜਾਵੇਗੀ। ਵਿਧਾਇਕ ਨੇ ਕਿਹਾ ਕਿ ਨਿਊ ਸ਼ਾਂਤੀ ਨਗਰ ਵਿਚ ਸਾਰੀਆਂ ਬੁਨਿਆਦੀ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ। ਇਲਾਕੇ ਵਿਚ ਪਹਿਲਾਂ ਹੀ ਲੋਕਾਂ ਦੀ ਸਹੂਲਤ ਲਈ ਟਿਊਬਵੈੱਲ ਅਤੇ ਪਾਣੀ ਦੀਆਂ ਟੈਂਕੀਆਂ ਸਥਾਪਿਤ ਕੀਤੀ ਜਾ ਚੁੱਕੀਆਂ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਹੌਲੀ-ਹੌਲੀ ਸਾਰੀਆਂ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਇਲਾਕੇ ਦੇ ਵਸਨੀਕਾਂ ਨੂੰ ਪ੍ਰਦਾਨ ਕੀਤੀਆਂ ਜਾਣਗੀਆਂ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਕੌਂਸਲਰ ਮੁਖੀ ਰਾਮ, ਸੰਦੀਪ ਚੇਚੀ, ਐਕਸੀਅਨ ਗੁਰਮੀਤ ਸਿੰਘ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

